@Qpatrika
@qaumipatrika punjabi
instagram.com/qaumipatrika
Largest Circulated
विश्व भर में सबसे ज्यादा पढ़ा जाने वाला
# ਕੌਮੀ ਪਤ੍ਰਿਕਾ
Punjabi National Daily
Qaumi Patrika NO.1
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Thursday, 31 July 2025
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਵੀਰਵਾਰ 31 ਜੁਲਾਈ 2025, 16 ਸਾਵਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 261, qpatrika@gmail.com ਫੋਨ : 9971359517 www.qaumipatrika.org

## ਸ਼੍ਰੀ ਹਰਿਮੰਦਰ ਸਾਹਿਬ ਨੂੰ ਧਮਕੀਆਂ ਦੇਣ ਦੇ ਮਾਮਲੇ ’ਤੇ ਕੇਂਦਰ ’ਤੇ ਵਰ੍ਹੀ ਹਰਸਿਮਰਤ ਬਾਦਲ, ਪੁੱਛੇ ਤਿੱਖੇ ਸਵਾਲ

ਨਵੀਂ ਦਿੱਲੀ 30 ਜੁਲਾਈ। ਲੋਕ ਸਭਾ ਵਿਚ ਬੋਲਦੇ ਹੋਏ ਬਠਿੰਡਾ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਬੀਬੀ ਹਰਸਿਮਰਤ ਕੌਰ ਬਾਦਲ ਨੇ ਵਿਰੋਧੀ ਧਿਰਾਂ ਨੂੰ ਸਵਾਲਾਂ ਦੇ ਘੇਰੇ ਵਿਚ ਲਿਆ। ਸਦਨ ਵਿਚ ਬੋਲਦੇ ਹੋਏ ਕਿਹਾ ਕਿ ਵਿਰੋਧੀ ਧਿਰ ਦੇ ਮੈਂਬਰ ਇਹ ਕਿਉਂ ਪੁੱਛ ਰਹੇ ਹਨ ਕਿ ਜੰਗ ਕਿਉਂ ਰੁਕ ਗਈ? ਉਹਨਾਂ ਨੇ ਅਪੀਲ ਕਰਦੇ ਹੋਏ ਕਿਹਾ ਕਿ ਇਹ ਗੱਲ ਸਰਹੱਦਾਂ ’ਤੇ ਰਹਿਣ ਵਾਲੇ, ਖ਼ਾਸ ਕਰਕੇ ਪੰਜਾਬ ਅਤੇ ਕਸ਼ਮੀਰ ਤੋਂ ਪੁੱਛਣੀ ਚਾਹੀਦੀ ਹੈ, ਜੋ ਜੰਗਾਂ ਦੌਰਾਨ ਦੁੱਖ ਝੱਲਦੇ ਹਨ। ਸਰਹੱਦਾਂ ’ਤੇ ਚੱਲ਼ਣ ਵਾਲੀ ਜੰਗ ਵਿਚ ਸਾਡੇ ਜਾਂ ਤੁਹਾਡੇ ਪੁੱਤਰ ਨਹੀਂ ਹਨ, ਜੋ ਰੋਜ਼ਾਨਾ ਮਰ ਰਹੇ ਹਨ। ਉਕਤ ਸਥਾਨਾਂ ’ਤੇ ਸਾਡੇ ਘਰ ਨਹੀਂ ਹਨ, ਜਿਥੇ ਰੋਜ਼ਾਨਾ ਗੋਲੀਆਂ ਚੱਲ਼ਦੀਆਂ ਹਨ। ਸੰਸਦ ਮੈਂਬਰ ਹਰਸਿਮਰਤ ਬਾਦਲ ਨੇ ਲੋਕ ਸਭਾ ਵਿਚ ਜੰਗਾਂ ਦੇ ਸਮੇਂ ਸਰਹੱਦੀ ਵਸਨੀਕਾਂ ਨੂੰ ਆਪਣੇ ਘਰ ਛੱਡਣ



ਲਈ ਮਜਬੂਰ ਕੀਤੇ ਜਾਣ ਅਤੇ ਕੋਈ ਮੁਆਵਜ਼ਾ ਨਾ ਮਿਲਣ ਦਾ ਮੁੱਦਾ ਉਠਾਇਆ। ਜੰਗ ਲੱਗਣ ਦੇ ਕਾਰਨ ਸਰਹੱਦਾਂ ਵਿਚ ਕਦੇ ਕੋਈ ਵਿਕਾਸ ਨਹੀਂ ਹੋਇਆ। ਜੰਗ ਜਦੋਂ ਵੀ ਹੁੰਦੀ ਹੈ, ਤਾਂ ਇਸ ਵਿਚ ਨੁਕਸਾਨ ਹਮੇਸ਼ਾ ਲੋਕਾਂ ਦਾ ਹੁੰਦਾ ਹੈ। ਹਰਸਿਮਰਤ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਜਦੋਂ ਇਨ੍ਹਾਂ ਦਿਨਾਂ ਦਾ ਸਾਹਮਣਾ ਕਰਨਾ ਪਿਆ ਤਾਂ ਉਹਨਾਂ ਨੂੰ 1947, 65, 75 ਦੀ ਜੰਗ ਦੇ ਕਾਲੇ ਦਿਨ ਯਾਦ ਆ ਗਏ, ਜਿਹਨਾਂ ਨੂੰ ਸੋਚ ਉਹ ਕਹਿਣ ਲੱਗੇ ਕਿ ਹੁਣ ਉਹਨਾਂ ਦਾ ਕੀ ਹੋਵੇਗਾ। ਇਨੀਂ ਦਿੱਲੀ ਸਾਰੇ ਛੋਟੇ-ਵੱਡੇ ਵਪਾਰੀਆਂ ਦਾ ਕੰਮ ਠੱਪ ਹੋ ਗਿਆ, ਸਾਰੇ ਮਜ਼ਬੂਰ ਆਪਣੇ ਸ਼ਹਿਰ ਚੱਲੇ ਗਏ। ਹਰਸਿਮਰਤ ਨੇ ਕਿਹਾ ਕਿ ਜਦੋਂ ਵੀ ਕੋਈ ਅਜਿਹੀ ਘਟਨਾ ਵਾਪਰਦੀ ਹੈ ਤਾਂ ਸਰਕਾਰਾਂ ਵਲੋਂ ਕਿਹਾ ਜਾਂਦਾ ਹੈ ਕਿ ਅਟਾਰੀ ਸਰਹੱਦ ਬੰਦ ਕਰ ਦਿਓ। ਅਟਾਰੀ ਸਰਹੱਦ ਬੰਦ ਕਰਨ ਨਾਲ ਛੋਟੇ ਵਪਾਰੀ, ਛੋਟੇ ਕਾਰੋਬਾਰੀ ਅਤੇ ਛੋਟੇ ਟਰਾਂਸਪੋਰਟਰ ਦਾ ਨੁਕਸਾਨ ਹੋ ਜਾਂਦਾ ਹੈ। ਸਰਹੱਦਾਂ ’ਤੇ ਡਰੋਨਾਂ ਨਾਲ ਹਥਿਆਰਾਂ ਦੀ ਖੇਪ ਭੇਜੀ ਜਾ ਰਹੀ ਹੈ। ਪੰਜਾਬ ਦੀਆਂ ਸਰਹੱਦਾਂ ’ਤੇ ਤਾਇਨਾਤ ਬੀਐੱਸਐੱਫ ਦੇ ਜਵਾਨ ਬਹੁਤ ਸਾਰਾ ਨਸ਼ਾ, ਹਥਿਆਰ, ਡੱਰਗ ਆਦਿ ਵੱਡੀ ਮਾਤਰਾ ਵਿਚ ਕਾਬੂ ਕਰਦੇ ਹਨ। ਸਾਡੇ ਪੁਲਸ ਸਟੇਸ਼ਨ ਵਿਚ ਗ੍ਰਨੇਡ ਨਾਲ ਹਮਲੇ ਕੀਤਾ ਜਾ ਰਹੇ ਹਨ। ਰਾਕੇਟ ਲਾਂਚਰ ਨਾਲ ਵਿਜੀਲੈਂਸ ਦਫ਼ਤਰ ’ਤੇ ਹਮਲੇ ਹੋ ਰਹੇ ਹਨ।

## ਸ਼ਰੋਮਣੀ ਅਕਾਲੀ ਦਲ ਵੱਲੋਂ ਨਵੀਂ ਲਹਿਰ ਦੀ ਸ਼ੁਰੂਆਤ

ਚੰਡੀਗੜ੍ਹ 30 ਜੁਲਾਈ। ਸ਼ਰੋਮਣੀ ਅਕਾਲੀ ਦਲ ਵੱਲੋਂ ’ਪਰਾਊਡ ਟੂ ਬੀ ਅਕਾਲੀ’ ਲਹਿਰ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਦੀ ਜਾਣਕਾਰੀ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦਿੱਤੀ ਹੈ। ਸੁਖਬੀਰ ਨੇ ਕਿਹਾ ਹੈ ਕਿ ਪੰਜਾਬ ਤੇ ਪੰਜਾਬੀਆਂ ਦੀ ਆਪਣੀ ਪੰਥਕ ਖੇਤਰੀ ਪਾਰਟੀ ਸ਼?ਰੋਮਣੀ ਅਕਾਲੀ ਦਲ ਦੇ ਨਿਆਰੇ ਅਤੇ ਸ਼ਾਨਾਮੱਤੇ ਇਤਿਹਾਸ ਅਤੇ ਵਿਰਸੇ ਉਤੇ ਹਰ ਪੰਜਾਬੀ ਮਾਣ ਕਰਦਾ ਆਇਆ ਹੈ, ਕਰਦਾ ਹੈ ਤੇ ਹਮੇਸ਼ਾ ਕਰਦਾ ਰਹੇਗਾ। ਪੰਥ, ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਦੁਸ਼ਮਣ ਅੰਨ੍ਹੇ ਦੁਸ਼ਟ ਪ੍ਰਚਾਰ ਦੇ ਬਾਵਜੂਦ ਪੰਜਾਬੀਆਂ ਦੇ ਮਨਾਂ ਵਿਚੋਂ ਇਸ ਅਦੁੱਤੀ ਜਜ਼ਬੇ ਨੂੰ ਧੁੰਦਲਾ ਨਹੀਂ ਕਰ ਸਕੇ। ਉਨ੍ਹਾਂ ਕਿਹਾ ਕਿ ਅੱਜ ਅਕਾਲ ਪੁਰਖ ਅਤੇ ਗੁਰੂ ਸਾਹਿਬਾਨ ਤੋਂ ਅਸ਼ੀਰਵਾਦ ਲੈਕੇ ਇਸੇ ਜਜ਼ਬੇ ਨੂੰ ਸਮਰਪਿਤ Proud To Be Akali ਲਹਿਰ ਦਾ ਆਗਾਜ਼ ਸ਼?ਰੋਮਣੀ ਅਕਾਲੀ ਦਲ ਦੇ ਮੁੱਖ ਦਫ਼ਤਰ ਚੰਡੀਗੜ੍ਹ ਤੋਂ ਕੀਤਾ ਹੈ। ਜੈਕਾਰਿਆਂ ਦੀ ਗੂੰਜ ਵਿਚ ਅਕਾਲੀ, ਪੰਥਕ ਤੇ ਪੰਜਾਬੀ ਵਿਰਸੇ ਨੂੰ ਸਮਰਪਿਤ ਅਣਗਿਣਤ ਵਰਕਰ ਸਾਹਿਬਾਨ ਨੇ ਆਪਣੀਆਂ ਗੱਡੀਆਂ ਉੱਤੇ ’ਮੈਨੂੰ ਮਾਣ ਅਕਾਲੀ ਹੋਣ ‘ਤੇ’ (Proud To Be Akali) ਦੇ ਸਟਿੱਕਰ ਲਗਾ ਕੇ ਇਸ ਦੀ ਸ਼ੁਰੂਆਤ ਕੀਤੀ ਹੈ।

# ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਮੋਦੀ ’ਤੇ ਕੱਸਿਆ ਨਿਸ਼ਾਨਾ, ਉਹ ਟਰੰਪ ਦਾ ਨਾਮ ਨਹੀਂ ਲੈ ਸਕਦੇ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 30 ਜੁਲਾਈ। ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਬੁੱਧਵਾਰ ਨੂੰ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਚੋਲਗੀ ਸਬੰਧੀ ਦਾਅਵਾ ਕਰਨ ਦੇ ਸੰਦਰਭ ਵਿਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਨਾਮ ਨਹੀਂ ਲਿਆ। ਅਜਿਹਾ ਉਹਨਾਂ ਨੇ ਇਸ ਕਰਕੇ ਕੀਤਾ, ਕਿਉਂਕਿ ਉਹਨਾਂ ਨੂੰ ਪਤਾ ਹੈ ਕਿ ਜੇਕਰ ਉਹ ਅਜਿਹਾ ਕਰਨਗੇ ਤਾਂ ਟਰੰਪ ਉਹਨਾਂ ਦੀ ਸੱਚਾਈ ਸਾਰਿਆਂ ਦੇ ਸਾਹਮਣੇ ਰੱਖ ਦੇਣਗੇ। ਉਹਨਾਂ ਨੇ ਸੰਸਦ ਭਵਨ ਕੰਪਲੈਕਸ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਹਰ ਕੋਈ ਜਾਣਦਾ ਹੈ ਕਿ ਕੀ ਹੋਇਆ ਹੈ। ਸਾਬਕਾ ਕਾਂਗਰਸ ਪ੍ਰਧਾਨ ਨੇ ਕਿਹਾ, ਪ੍ਰਧਾਨ ਮੰਤਰੀ ਨੇ ਇਹ ਨਹੀਂ ਕਿਹਾ ਕਿ ਟਰੰਪ ਝੂਠ ਬੋਲ ਰਹੇ ਹਨ। ਹਰ ਕੋਈ ਜਾਣਦਾ ਹੈ ਕਿ ਕੀ ਹੋਇਆ ਹੈ। ਉਹ ਬੋਲਣ ਦੇ ਯੋਗ ਨਹੀਂ ਹਨ, ਇਹ ਹਕੀਕਤ ਹੈ। ਜੇਕਰ ਪ੍ਰਧਾਨ



ਮੰਤਰੀ ਬੋਲਦੇ ਹਨ, ਤਾਂ ਉਹ (ਟਰੰਪ) ਖੁੱਲ੍ਹ ਕੇ ਬੋਲਣਗੇ ਅਤੇ ਪੂਰਾ ਸੱਚ ਦੱਸਣਗੇ। ਇਸੇ ਲਈ (ਮੋਦੀ) ਨਹੀਂ ਬੋਲ ਰਹੇ ਹਨ। ਉਨ੍ਹਾਂ ਕਿਹਾ, ਇਸ ਵੇਲੇ ਉਹ (ਟਰੰਪ) ਇੱਕ ਵਪਾਰ ਸਮਝੌਤਾ ਚਾਹੁੰਦੇ ਹਨ। ਉਹ (ਟਰੰਪ) ਉੱਥੇ ਦਬਾਅ ਪਾਉਣਗੇ। ਤੁਸੀਂ ਦੇਖੋਗੇ ਕਿ ਕਿਸ ਤਰ੍ਹਾਂ ਦਾ ਵਪਾਰ ਸਮਝੌਤਾ ਹੁੰਦਾ ਹੈ। ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦੋਸ਼ ਲਗਾਇਆ ਕਿ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਨੇ ਟਾਲ-ਮਟੋਲ ਵਾਲੇ ਢੰਗ ਨਾਲ ਗੱਲ ਕੀਤੀ ਹੈ। ਉਨ੍ਹਾਂ ਕਿਹਾ, ਪ੍ਰਧਾਨ ਮੰਤਰੀ ਨੂੰ ਸਿੱਧਾ ਕਹਿਣਾ ਚਾਹੀਦਾ ਹੈ ਕਿ ਅਮਰੀਕੀ ਰਾਸ਼ਟਰਪਤੀ ਨੇ ਝੂਠ ਬੋਲਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਲੋਕ ਸਭਾ ਵਿੱਚ ਕਿਹਾ ਸੀ ਕਿ ਦੁਨੀਆ ਦੇ ਕਿਸੇ ਵੀ ਨੇਤਾ ਨੇ ਆਪ੍ਰੇਸ਼ਨ ਸਿੰਦੂਰ ਨੂੰ ਰੋਕਣ ਲਈ ਨਹੀਂ ਕਿਹਾ।

## ਅਮਰੀਕਾ ਨੇ ਭਾਰਤ ’ਤੇ ਲਗਾਇਆ 25 ਫ਼ੀਸਦੀ ਟੈਰਿਫ

ਬਿਜ਼ਨੈੱਸ ਡੈਸਕ 30 ਜੁਲਾਈ। ਅਮਰੀਕਾ ਨੇ 1 ਅਗਸਤ ਦੀ ਡੈੱਡਲਾਈਨ ਖ਼ਤਮ ਹੋਣ ਤੋਂ ਪਹਿਲਾਂ ਹੀ ਭਾਰਤ ’ਤੇ 25 ਪ੍ਰਤੀਸ਼ਤ ਟੈਰਿਫ ਲਗਾਉਣ ਦਾ ਐਲਾਨ ਕਰ ਦਿੱਤਾ ਹੈ। ਟਰੰਪ ਨੇ ਕਿਹਾ ਕਿ ਇਹ 1 ਅਗਸਤ ਤੋਂ ਭਾਰਤ ’ਤੇ ਲਾਗੂ ਹੋਵੇਗਾ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਖੁਦ ਇਸਦਾ ਐਲਾਨ ਕੀਤਾ ਹੈ। ਦਰਅਸਲ, ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਸਮਝੌਤੇ ਨੂੰ ਲੈ ਕੇ ਲੰਬੇ ਸਮੇਂ ਤੋਂ ਗੱਲਬਾਤ ਚੱਲ ਰਹੀ ਸੀ। ਹੁਣ ਟਰੰਪ ਨੇ ਖੁਦ ਸੋਸ਼ਲ ਮੀਡੀਆ ਪਲੇਟਫਾਰਮ ’ਐਕਸ’ ’ਤੇ ਇਸ ਬਾਰੇ ਜਾਣਕਾਰੀ ਦਿੱਤੀ ਹੈ। ਡੋਨਾਲਡ ਟਰੰਪ ਦਾ ਕਹਿਣਾ ਹੈ ਕਿ ਭਾਰਤ ਸਾਡਾ ਦੋਸਤ ਹੈ, ਪਰ ਅਸੀਂ ਪਿਛਲੇ ਕਈ ਸਾਲਾਂ ਵਿੱਚ ਭਾਰਤ ਨਾਲ ਮੁਕਾਬਲਤਨ ਘੱਟ ਵਪਾਰ ਕੀਤਾ ਹੈ, ਕਿਉਂਕਿ ਉਨ੍ਹਾਂ ਦੇ ਟੈਰਿਫ ਬਹੁਤ ਜ਼ਿਆਦਾ ਹਨ, ਜੋ ਕਿ ਦੁਨੀਆ ਵਿੱਚ ਸਭ ਤੋਂ ਵੱਧ ਹਨ। ਇਸ ਤੋਂ ਇਲਾਵਾ ਭਾਰਤ ਨੇ ਹਮੇਸ਼ਾ ਰੂਸ ਤੋਂ



ਆਪਣੇ ਫੌਜੀ ਉਪਕਰਣਾਂ ਦਾ ਵੱਡਾ ਹਿੱਸਾ ਖਰੀਦਿਆ ਹੈ। ਹਰ ਕੋਈ ਚਾਹੁੰਦਾ ਹੈ ਕਿ ਰੂਸ ਯੂਕਰੇਨ ਵਿੱਚ ਕਤਲੇਆਮ ਨੂੰ ਰੋਕੇ - ਸਭ ਕੁਝ ਚੰਗਾ ਨਹੀਂ ਹੈ! ਇਸ ਲਈ ਹੁਣ ਭਾਰਤ ਨੂੰ 1 ਅਗਸਤ ਤੋਂ 25% ਟੈਰਿਫ ਦੇਣਾ ਪਵੇਗਾ, ਅਤੇ ਇਸ ਤੋਂ ਇਲਾਵਾ, ਇਨ੍ਹਾਂ ਕਾਰਨਾਂ ਕਰਕੇ ਜੁਰਮਾਨਾ ਵੀ ਲੱਗੇਗਾ। ਇਸ ਵੱਲ ਧਿਆਨ ਦੇਣ ਲਈ ਧੰਨਵਾਦ। ਧਿਆਨ ਦੇਣ ਯੋਗ ਹੈ ਕਿ ਇਸ ਵਿੱਤੀ ਸਾਲ ਦੀ ਅਪ੍ਰੈਲ-ਜੂਨ ਤਿਮਾਹੀ ਵਿੱਚ, ਭਾਰਤ ਦਾ ਅਮਰੀਕਾ ਨੂੰ ਨਿਰਯਾਤ 22.8 ਪ੍ਰਤੀਸ਼ਤ ਵਧ ਕੇ 25.51 ਬਿਲੀਅਨ ਡਾਲਰ ਹੋ ਗਿਆ, ਜਦੋਂ ਕਿ ਆਯਾਤ 11.68 ਪ੍ਰਤੀਸ਼ਤ ਵਧ ਕੇ 12.86 ਬਿਲੀਅਨ ਡਾਲਰ ਹੋ ਗਿਆ। ਦਰਅਸਲ, ਭਾਰਤ ਪਿਛਲੇ ਕਈ ਸਾਲਾਂ ਤੋਂ ਰੂਸ ਤੋਂ ਸਭ ਤੋਂ ਵੱਧ ਕੱਚਾ ਤੇਲ ਦਰਾਮਦ ਕਰ ਰਿਹਾ ਹੈ। ਜਿਸ ਕਾਰਨ ਅਮਰੀਕੀ ਰਾਸ਼ਟਰਪਤੀ ਨੇ ਭਾਰਤ ’ਤੇ ਜੁਰਮਾਨੇ ਦੇ ਨਾਲ-ਨਾਲ 25 ਪ੍ਰਤੀਸ਼ਤ ਟੈਰਿਫ ਲਗਾਇਆ ਹੈ।

# ਮੈਂ ਆਪਣੀ ਕਿਰਪਾਨ ਤੇ ਕੜਾ ਨਹੀਂ ਉਤਾਰਾਂਗੀ !

**ਕੌਮੀ ਪਤ੍ਰਿਕਾ**
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 30 ਜੁਲਾਈ। ਪੂਰਨਿਮਾ ਯੂਨੀਵਰਸਿਟੀ, ਜੈਪੁਰ ਵਿੱਚ ਹੋਈ ਇੱਕ ਚੌਂਕਾਉਣ ਵਾਲੀ ਘਟਨਾ ਨੇ ਦੇਸ਼ ਭਰ ਦੇ ਸਿੱਖ ਸਮੁਦਾਇ ਵਿੱਚ ਗੁੱਸਾ ਭੜਕਾ ਦਿੱਤਾ ਹੈ। ਇੱਕ ਸਿੱਖ ਵਿਦਿਆਰਥਣ ਨੂੰ ਯੂਨੀਵਰਸਿਟੀ ਪ੍ਰਬੰਧਕਾਂ ਵੱਲੋਂ ਉਸ ਦੀ ਕਿਰਪਾਨ ਅਤੇ ਕੜਾ, ਜੋ ਸਿੱਖ ਧਰਮ ਦੇ ਅਟੁੱਟ ਅੰਗ ਹਨ, ਉਤਾਰਨ ਲਈ ਦਬਾਅ ਬਣਾਇਆ ਗਿਆ। ਪਰ ਇਸ ਬਹਾਦਰ ਵਿਦਿਆਰਥਣ ਨੇ ਆਪਣੇ ਧਾਰਮਿਕ ਪ੍ਰਤੀਕ ਉਤਾਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਅਤੇ ਦਿਲੇਰੀ ਨਾਲ ਕਿਹਾ ਮੈਂ ਆਪਣੀ ਕਿਰਪਾਨ ਤੇ ਕੜਾ ਨਹੀਂ ਉਤਾਰਾਂਗੀ। ਮੈਂ ਆਪਣਾ ਕਰੀਅਰ ਨਹੀਂ, ਆਪਣਾ ਧਰਮ ਚੁਣਦੀ ਹਾਂ। ਇਸ ਘਟਨਾ ਨੇ ਇਤਿਹਾਸਕ ਜ਼ੁਲਮਾਂ ਦੀਆਂ ਯਾਦਾਂ ਤਾਜ਼ਾ ਕਰ ਦਿੱਤੀਆਂ। ਸਦੀਆਂ ਪਹਿਲਾਂ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਹਿੰਦੂਆਂ ਨੂੰ ਉਨ੍ਹਾਂ ਦਾ ਪਵਿੱਤਰ ’ਜਨੇਊ’ ਉਤਾਰਨ ਲਈ ਮਜਬੂਰ ਕੀਤਾ ਸੀ। ਅੱਜ, ਆਜ਼ਾਦ ਭਾਰਤ ਵਿੱਚ, ਹਿੰਦੂ ਬਹੁਲ ਸਰਕਾਰ ਦੇ ਰਾਜ ਵਿੱਚ ਸਿੱਖਾਂ ਨੂੰ ਉਨ੍ਹਾਂ ਦੇ ਪਵਿੱਤਰ ਧਾਰਮਿਕ ਪ੍ਰਤੀਕ ਉਤਾਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ।

**ਆਧੁਨਿਕ ਭਾਰਤ ਵਿੱਚ ਇਤਿਹਾਸਕ ਗੂੰਜ**

ਸਿੱਖ ਕੌਮ ਸਵਾਲ ਕਰ ਰਹੀ ਹੈ, ਕਿਉਂ ਸਿੱਖਾਂ ਨੂੰ ਵਾਰ-ਵਾਰ ਆਪਣੀ ਕਿਰਪਾਨ ਅਤੇ ਕੜਾ ਉਤਾਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ—ਚਾਹੇ ਉਹ ਸਿੱਖਿਆ ਸੰਸਥਾਨ ਹੋਣ, ਪੁਲਿਸ ਥਾਣੇ ਹੋਣ ਜਾਂ ਹਵਾਈ ਅੱਡੇ?

ਕੀ ਸਰਕਾਰ ਦਾ ਅਗਲਾ ਕਦਮ ਸਿੱਖਾਂ ਨੂੰ ਆਪਣੀ ਪਗੜੀ ਉਤਾਰਨ ਲਈ ਮਜਬੂਰ ਕਰਨਾ ਹੋਵੇਗਾ?

ਇਹ ਲਗਾਤਾਰ ਹੋ ਰਹੀਆਂ ਘਟਨਾਵਾਂ ਸਿੱਖਾਂ ਵਿੱਚ ਗੁੱਸੇ ਅਤੇ ਵੱਖਰੇਪਣ ਦੀ ਭਾਵਨਾ ਨੂੰ ਹੋਰ ਗਹਿਰਾ ਕਰ ਰਹੀਆਂ ਹਨ। ਉਹ ਇਸਨੂੰ ਆਪਣੇ ਧਰਮ ਅਤੇ ਪਹਿਚਾਣ ’ਤੇ ਸਿੱਧਾ ਹਮਲਾ ਮੰਨ ਰਹੇ ਹਨ।

**ਅਸੀਂ ਆਪਣੇ ਪਿਛਲੇ ਪੱਤਰਾਂ ਵਿੱਚ ਰਾਜਸਥਾਨ ਦੇ ਮੁੱਖ**




**ਮੰਤਰੀ ਤੋਂ ਮੰਗ ਕੀਤੀ ਸੀ:**

1. ਯੂਨੀਵਰਸਿਟੀ ਪ੍ਰਬੰਧਕਾਂ ਦੇ ਜ਼ਿੰਮੇਵਾਰ ਅਧਿਕਾਰੀਆਂ ’ਤੇ ਤੁਰੰਤ ਕਾਰਵਾਈ ਹੋਵੇ।
2. ਇਹ ਯਕੀਨੀ ਬਣਾਇਆ ਜਾਵੇ ਕਿ ਭਵਿੱਖ ਵਿੱਚ ਕਿਸੇ ਵੀ ਸਿੱਖ ਵਿਦਿਆਰਥੀ ਨੂੰ ਉਸਦੇ ਧਾਰਮਿਕ ਪ੍ਰਤੀਕਾਂ ਲਈ ਬੇਇਜ਼ਤ ਨਾ ਕੀਤਾ ਜਾਵੇ।
3. ਸਾਡੇ ਉਸ ਵਫ਼ਦ ਨੂੰ ਸੁਰੱਖਿਆ ਦਿੱਤੀ ਜਾਵੇ ਜੋ ਦਿੱਲੀ ਤੋਂ ਜੈਪੁਰ ਜਾ ਕੇ ਯੂਨੀਵਰਸਿਟੀ ਪ੍ਰਬੰਧਨ ਨਾਲ ਇਸ ਮਾਮਲੇ ’ਤੇ ਗੱਲਬਾਤ ਕਰਨ ਵਾਲਾ ਹੈ, ਕਿਉਂਕਿ ਸਿੱਖ ਵਿਰੋਧੀ ਤਾਕਤਾਂ ਇਸਨੂੰ ਰੋਕਣ ਦੀ ਧਮਕੀ ਦੇ ਰਹੀਆਂ ਹਨ।

ਸਾਡੇ ਪਿਛਲੇ ਸੰਪਾਦਕੀ ਲੇਖਾਂ ਵਿੱਚ ਵੀ ਇਹ ਦਰਸ਼ਾਇਆ ਗਿਆ ਸੀ ਕਿ ਕਿਵੇਂ ਦੇਸ਼ ਭਰ ਦੇ ਪੁਲਿਸ ਥਾਣਿਆਂ ਵਿੱਚ ਸਿੱਖਾਂ ਨੂੰ ਉਨ੍ਹਾਂ ਦੀ ਕਿਰਪਾਨ ਅਤੇ ਕੜਾ ਉਤਾਰਨ ਲਈ ਮਜਬੂਰ ਕੀਤਾ ਜਾਂਦਾ ਹੈ ਅਤੇ ਹਵਾਈ ਅੱਡਿਆਂ ’ਤੇ ਉਨ੍ਹਾਂ ਦੀ ਕਿਰਪਾਨ ਜ਼ਬਤ ਕਰ ਲਈ ਜਾਂਦੀ ਹੈ।

ਇਹ ਧਾਰਮਿਕ ਆਜ਼ਾਦੀ ਦਾ ਘੋਰ ਉਲੰਘਣ ਹੈ ਜੋ ਭਾਰਤੀ ਸੰਵਿਧਾਨ ਦੇ ਆਰਟੀਕਲ 25 ਵਿੱਚ ਦਿੱਤੀ ਗਈ ਹੈ।

**ਸਿੱਖ ਕੌਮ ਦੀ ਚੇਤਾਵਨੀ**

ਦੁਨੀਆ ਭਰ ਦੇ ਸਿੱਖ ਅੱਜ ਇਕੱਠੇ ਅਤੇ ਗੁੱਸੇ ਵਿੱਚ ਹਨ। ਗੁਰਮਤਿ ਸਿਧਾਂਤਾਂ ਨੇ ਸਿੱਖਾਂ ਨੂੰ ਆਪਣੇ ਧਰਮ ਦੀ ਰੱਖਿਆ ਲਈ ਹਰ ਹੱਦ ਤੱਕ ਜਾਣ ਦਾ ਹੌਂਸਲਾ ਦਿੱਤਾ ਹੈ। ਜੇਕਰ ਅਜਿਹੇ ਹਮਲੇ ਜਾਰੀ ਰਹੇ ਤਾਂ ਸਿੱਖ ਕੌਮ ਨੇ ਚੇਤਾਵਨੀ ਦਿੱਤੀ ਹੈ ਕਿ ਉਹ ਆਪਣੇ ਧਰਮ ਅਤੇ ਸਨਮਾਨ ਦੀ ਰੱਖਿਆ ਲਈ ਕਿਸੇ ਵੀ ਸੀਮਾ ਤੱਕ ਜਾ ਸਕਦੀ ਹੈ।

**ਸਰਕਾਰ ਲਈ ਸਾਡੀਆਂ ਮੰਗਾਂ**

ਅਸੀਂ ਸਖ਼ਤ ਮੰਗ ਕਰਦੇ ਹਾਂ ਕਿ ਸਾਰੇ ਸਰਕਾਰੀ ਅਤੇ ਨਿੱਜੀ ਸੰਸਥਾਨਾਂ ਵਿੱਚ ਸਿੱਖਾਂ ਦੇ ਧਾਰਮਿਕ ਪ੍ਰਤੀਕ ਉਤਾਰਨ ’ਤੇ ਤੁਰੰਤ ਰੋਕ ਲਗਾਈ ਜਾਵੇ।

●ਕੇਂਦਰ ਅਤੇ ਰਾਜ ਸਰਕਾਰਾਂ ਤੁਰੰਤ ਹੁਕਮ ਜਾਰੀ ਕਰਨ ਕਿ ਸਿੱਖ ਧਾਰਮਿਕ ਆਜ਼ਾਦੀ ਦਾ ਸਨਮਾਨ ਕੀਤਾ ਜਾਵੇ।

●ਜਿਹੜੇ ਲੋਕ ਇਨ੍ਹਾਂ ਅਧਿਕਾਰਾਂ ਦਾ ਉਲੰਘਣ ਕਰ ਰਹੇ ਹਨ, ਉਨ੍ਹਾਂ ’ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਕੌਮੀ ਪਤ੍ਰਿਕਾ ਉਸ ਬਹਾਦਰ ਸਿੱਖ ਵਿਦਿਆਰਥਣ ਦੇ ਨਾਲ ਖੜ੍ਹਾ ਹੈ ਜਿਸ ਨੇ ਆਪਣੇ ਕਰੀਅਰ ਦੀ ਥਾਂ ਆਪਣਾ ਧਰਮ ਚੁਣਿਆ। ਉਸਦੀ ਇਹ ਦਲੇਰੀ ਪੂਰੇ ਰਾਸ਼ਟਰ ਲਈ ਸੁਨੇਹਾ ਹੈ: ਸਿੱਖਾਂ ਦਾ ਅਪਮਾਨ ਬੰਦ ਕਰੋ। ਸਾਡੇ ਧਰਮ ਦਾ ਉਲੰਘਣ ਬੰਦ ਕਰੋ।

ਇਹ ਔਰੰਗਜ਼ੇਬ ਦਾ ਯੁੱਗ ਨਹੀਂ ਹੈ। ਇਹ ਭਾਰਤ ਹੈ। ਸਿੱਖ ਨਹੀਂ ਝੁਕਣਗੇ।

# ਪਿਆਰ ਅਤੇ ਸਤਿਕਾਰ ਕਿਸੇ ਵੀ ਭਾਸ਼ਾ ਦੀ ਦੂਰੀ ਤੋਂ ਪਰੇ ਹਨ: ਰੇਖਾ ਗੁਪਤਾ

**ਕੌਮੀ ਪਤ੍ਰਿਕਾ**
**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ, 30 ਜੁਲਾਈ। ਮੁੱਖ ਮੰਤਰੀ ਰੇਖਾ ਗੁਪਤਾ ਨੇ ਆਂਧਰਾ ਪ੍ਰਦੇਸ਼ ਦੇ ਵੈਸ਼ ਭਾਈਚਾਰੇ ਦੇ ਲੋਕਾਂ ਨਾਲ ਸੰਪਰਕ ਕੀਤਾ ਅਤੇ ਸਨਮਾਨ ਸਵੀਕਾਰ ਕੀਤਾ। ਉਨ੍ਹਾਂ ਨੇ ਨਾ ਸਿਰਫ਼ ਲੋਕਾਂ ਦੇ ਆਪਣੇ ਪ੍ਰਤੀ ਪਿਆਰ ਅਤੇ ਸਤਿਕਾਰ ਦੀ ਕਦਰ ਕੀਤੀ, ਸਗੋਂ ਲੋਕਾਂ ਨੂੰ ਸਮਾਜ ਅਤੇ ਦੇਸ਼ ਦੀ ਖੁਸ਼ਹਾਲੀ ਵਿੱਚ ਸਰਗਰਮੀ ਨਾਲ ਯੋਗਦਾਨ ਪਾਉਣ ਲਈ ਵੀ ਉਤਸ਼ਾਹਿਤ ਕੀਤਾ। ਇਹ ਸਨਮਾਨ ਸਮਾਰੋਹ ’ਆਂਧਰਾ ਪ੍ਰਦੇਸ਼ ਰਾਜ ਆਰਿਆ ਵੈਸ਼ਯ ਯੁਵਾਜਨ ਸੰਗਮ’ (AVYS) ਵੱਲੋਂ ਆਯੋਜਿਤ ਕੀਤਾ ਗਿਆ ਸੀ, ਜਿਸ ਵਿੱਚ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਪ੍ਰਤੀਨਿਧੀ ਆਪਣੇ ਖਰਚੇ ’ਤੇ ਆਏ ਸਨ। ਇਸ ਮੌਕੇ ’ਤੇ ਸੰਗਠਨ ਦੇ ਸੂਬਾ ਪ੍ਰਧਾਨ ਦੀਪਕੰਤਲਨ ਸ਼ਬਰੀ ਪ੍ਰਸਾਦ, ਭਾਰਤੀ ਜਨਤਾ ਯੁਵਾ ਮੋਰਚਾ (BJYM) ਆਂਧਰਾ ਪ੍ਰਦੇਸ਼ ਦੇ ਪ੍ਰਧਾਨ ਮਿੱਤਾ ਵੰਸੀ ਕ੍ਰਿਸ਼ਨਾ ਸਮੇਤ ਕਈ ਪਤਵੰਤੇ ਮੌਜੂਦ ਸਨ। ਮੁੱਖ ਮੰਤਰੀ ਦਾ ਸਨਮਾਨ ਕਰਦੇ ਹੋਏ, ਮਹਿਮਾਨਾਂ ਨੇ ਕਿਹਾ ਕਿ ਇਹ ਉਨ੍ਹਾਂ ਲਈ ਮਾਣ ਦੀ ਗੱਲ ਹੈ ਕਿ ਉਨ੍ਹਾਂ ਦੇ ਭਾਈਚਾਰੇ ਦੀ ਇੱਕ ਧੀ ਅੱਜ ਮੁੱਖ ਮੰਤਰੀ ਦਾ ਅਹੁਦਾ ਸੰਭਾਲ ਰਹੀ ਹੈ। ਉਨ੍ਹਾਂ ਨੇ ਰੇਖਾ ਗੁਪਤਾ ਨੂੰ ਨਾ ਸਿਰਫ਼ ਵੈਸ਼ਯ ਭਾਈਚਾਰੇ ਲਈ ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਪ੍ਰੇਰਨਾ ਦੱਸਿਆ। ਵੰਸੀ ਕ੍ਰਿਸ਼ਨਾ ਨੇ ਕਿਹਾ ਕਿ ਮੈਡਮ ਮੁੱਖ ਮੰਤਰੀ, ਤੁਸੀਂ ਨਾ ਸਿਰਫ਼ ਸਾਡੇ ਸਮਾਜ ਦਾ ਸਗੋਂ ਪੂਰੇ ਮਹਿਲਾ ਸਮਾਜ ਦਾ ਮਾਣ ਵਧਾ ਰਹੇ ਹੋ। ਤੁਹਾਡੀ ਅਗਵਾਈ ਵਿੱਚ, ਦਿੱਲੀ ਨੇ ਸ਼ਾਨਦਾਰ ਕੰਮ ਕਰਕੇ ਇੱਕ ਮਿਸਾਲ ਕਾਇਮ ਕੀਤੀ ਹੈ। ਮੁੱਖ ਮੰਤਰੀ ਰੇਖਾ ਗੁਪਤਾ, ਲੋਕਾਂ ਦੇ ਪਿਆਰ ਤੋਂ ਪ੍ਰਭਾਵਿਤ ਹੋ ਕੇ, ਨੇ ਕਿਹਾ ਕਿ ਤੁਹਾਡੀਆਂ ਅੱਖਾਂ ਵਿੱਚ ਝਲਕਦਾ ਪਿਆਰ ਇਹ ਸਾਬਤ ਕਰਦਾ ਹੈ ਕਿ ਸੱਚੇ ਸਤਿਕਾਰ ਅਤੇ ਰਿਸ਼ਤਿਆਂ ਦੀ ਕੋਈ ਭਾਸ਼ਾ ਜਾਂ ਦੂਰੀ ਨਹੀਂ ਹੁੰਦੀ। ਰਿਸ਼ਤੇ ਬਿਨਾਂ ਕਿਸੇ ਸਵਾਰਥ ਦੇ ਵੀ ਬਣਦੇ ਹਨ ਅਤੇ ਪੀੜ੍ਹੀਆਂ ਤੱਕ ਮਜ਼ਬੂਤ ਰਹਿੰਦੇ ਹਨ। ਮੈਂ ਤੁਹਾਡੇ ਸਾਰਿਆਂ ਦਾ ਇੰਨੀ ਦੂਰ ਦੀ ਜਗ?ਹਾ ਤੋਂ ਇੱਥੇ ਆਉਣ ਲਈ ਦਿਲੋਂ ਧੰਨਵਾਦ ਕਰਦੀ ਹਾਂ। ਲੋਕਾਂ ਨੂੰ ਪ੍ਰੇਰਿਤ ਕਰਦੇ



ਹੋਏ, ਮੁੱਖ ਮੰਤਰੀ ਨੇ ਕਿਹਾ ਕਿ ਸ਼ਰਧਾ ਅਤੇ ਜਾਗਰੂਕਤਾ ਨਾਲ ਕੀਤਾ ਕੰਮ ਕਦੇ ਵੀ ਵਿਅਰਥ ਨਹੀਂ ਜਾਂਦਾ। ਆਪਣੀ ਜੀਵਨ ਯਾਤਰਾ ਸਾਂਝੀ ਕਰਦਿਆਂ, ਉਸਨੇ ਕਿਹਾ, ਮੈਂ ਇੱਕ ਸਧਾਰਨ ਪਰਿਵਾਰ ਵਿੱਚ ਪੈਦਾ ਹੋਈ ਸੀ ਅਤੇ ਅੱਜ ਮੈਂ ਇਸ ਅਹੁਦੇ ’ਤੇ ਹਾਂ, ਇਹ ਪਰਮਾਤਮਾ ਦੀ ਕਿਰਪਾ ਹੈ। ਜੇਕਰ ਤੁਸੀਂ ਆਪਣੇ ਕੰਮ ਵਿੱਚ ਸੱਚੇ ਹੋ ਅਤੇ ਆਪਣੇ ਸੁਪਨਿਆਂ ਪ੍ਰਤੀ ਸਮਰਪਿਤ ਹੋ, ਤਾਂ ਸਫਲਤਾ ਜ਼ਰੂਰ ਮਿਲੇਗੀ। ਵੈਸ਼ ਭਾਈਚਾਰੇ ਦੀ ਸ਼ਲਾਘਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਭਾਈਚਾਰਾ ਨਾ ਸਿਰਫ਼ ਭਾਰਤ ਦੀ ਆਰਥਿਕਤਾ ਨੂੰ ਮਜ਼ਬੂਤ ਕਰ ਰਿਹਾ ਹੈ, ਸਗੋਂ ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਆਪਣੀ ਮਿਹਨਤ, ਕਾਰੋਬਾਰ ਅਤੇ ਸਮਾਜਿਕ ਯੋਗਦਾਨ ਰਾਹੀਂ ਸਮਾਜ ਨੂੰ ਮਜ਼ਬੂਤ ਕਰਨ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਵੰਸ਼ੀ ਕ੍ਰਿਸ਼ਨਾ ਦੇ ਸੱਦੇ ’ਤੇ, ਉਨ੍ਹਾਂ ਕਿਹਾ ਕਿ ਉਹ ਜਲਦੀ ਹੀ ਆਂਧਰਾ ਪ੍ਰਦੇਸ਼ ਦਾ ਦੌਰਾ ਕਰਕੇ ਭਗਵਾਨ ਵੈਂਕਟੇਸ਼ ਦੇ ਦਰਸ਼ਨ ਕਰਨਗੇ। ਆਪਣੇ ਸੰਬੋਧਨ ਦੀ ਸਮਾਪਤੀ ਕਰਦਿਆਂ, ਮੁੱਖ ਮੰਤਰੀ ਨੇ ਭਾਵੁਕ ਸ਼ਬਦਾਂ ਵਿੱਚ ਕਿਹਾ, ਤੁਹਾਡੀ ਭੈਣ ਇੱਥੇ ਹੈ। ਇਹ ਵਾਕ ਮੌਜੂਦ ਲੋਕਾਂ ਲਈ ਪਿਆਰ ਅਤੇ ਮਾਣ ਦਾ ਪ੍ਰਤੀਕ

## ਡੀਆਰਡੀਓ ਨੇ ‘ਪ੍ਰਲਯ’ ਮਿਜ਼ਾਈਲ ਦੇ ਲਗਾਤਾਰ ਕੀਤੇ 2 ਸ.ਫਲ ਪ੍ਰੀਖਣ

ਬਾਲਾਸੋਰ 30 ਜੁਲਾਈ। ਰੱਖਿਆ ਖੋਜ ਅਤੇ ਵਿਕਾਸ ਸੰਗਠਨ (ਡੀਆਰਡੀਓ) ਨੇ ਕਿਹਾ ਕਿ ਉਸ ਨੇ ਓਡੀਸ਼ਾ ਤੱਟ ਤੋਂ ਡਾ. ਅਬਦੁਲ ਕਲਾਮ ਟਾਪੂ ਤੋਂ ’ਪ੍ਰਲਯ’ ਮਿਜ਼ਾਈਲ ਦੇ ਲਗਾਤਾਰ 2 ਟੈਸਟ ਕੀਤੇ ਹਨ। ਡੀਆਰਡੀਓ ਨੇ ਕਿਹਾ ਕਿ ਮਿਜ਼ਾਈਲਾਂ ਨਿਰਧਾਰਤ ਦਿਸ਼ਾ ’ਚ ਸਹੀ ਢੰਗ ਨਾਲ ਅੱਗੇ ਵਧੀਆਂ ਅਤੇ ਪੂਰੀ ਸ਼ੁੱਧਤਾ ਨਾਲ ਨਿਰਧਾਰਤ ਟੀਚੇ ਤੱਕ ਪਹੁੰਚੀਆਂ। ਏਜੰਸੀ ਨੇ ’ਐਕਸ’ ’ਤੇ ਇਕ ਪੋਸਟ ’ਚ ਕਿਹਾ, ਪ੍ਰਲਯ ਮਿਜ਼ਾਈਲ ਦੇ ਲਗਾਤਾਰ ਦੋ ਟੈਸਟ 28 ਅਤੇ 30 ਜੁਲਾਈ 2025 ਨੂੰ ਸਫਲਤਾਪੂਰਵਕ ਕੀਤੇ ਗਏ ਸਨ। ਇਹ ਟੈਸਟ ’ਯੂਜ਼ਰ ਮੁਲਾਂਕਣ ਟ?ਰਾਇਲ’ ਦਾ ਹਿੱਸਾ ਸਨ, ਜਿਸ ਦਾ ਉਦੇਸ਼ ਮਿਜ਼ਾਈਲ ਪ੍ਰਣਾਲੀ ਦੀ ਘੱਟੋ-ਘੱਟ ਅਤੇ ਵੱਧ ਤੋਂ ਵੱਧ ਫਾਇਰਪਾਵਰ ਦੀ ਜਾਂਚ ਕਰਨਾ ਸੀ। ਰੱਖਿਆ ਸੂਤਰਾਂ ਅਨੁਸਾਰ, ਮੰਗਲਵਾਰ ਸਵੇਰੇ 9.35 ਵਜੇ ਦੂਜੀ ’ਪ੍ਰਲਯ’ ਮਿਜ਼ਾਈਲ ਦਾ ਟੈਸਟ ਕੀਤਾ ਗਿਆ। ਉਨ੍ਹਾਂ ਕਿਹਾ ਕਿ ਮਿਜ਼ਾਈਲ ਸ਼ੁੱਧਤਾ ਨਾਲ ਨਿਰਧਾਰਤ ਟੀਚੇ ਤੱਕ ਪਹੁੰਚ ਗਈ, ਜਿਸ ਨਾਲ ਇਸ ਦੇ ਕੰਟਰੋਲ, ਮਾਰਗਦਰਸ਼ਨ ਅਤੇ ਮਿਸ਼ਨ ਐਲਗੋਰਿਦਮ ਦੀ ਪੁਸ਼ਟੀ ਹੋਈ। ਸੂਤਰਾਂ ਅਨੁਸਾਰ, ਮਿਜ਼ਾਈਲ ਦੇ ਸਾਰੇ ਉਪ-ਪ੍ਰਣਾਲੀਆਂ ਨੇ ਤਸੱਲੀਬਖਸ਼ ਪ੍ਰਦਰਸ਼ਨ ਕੀਤਾ।

# ਗਾਜ਼ਾ ’ਚ ਇਜ਼ਰਾਈਲੀ ਅੱਤਿਆਚਾਰਾਂ ’ਤੇ ਪ੍ਰਧਾਨ ਮੰਤਰੀ ਦੀ ਚੁੱਪੀ ਨੈਤਿਕ ਕਾਇਰਤਾ ਦੀ ਨਿਸ਼ਾਨੀ: ਸੋਨੀਆ ਗਾਂਧੀ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 30 ਜੁਲਾਈ। ਕਾਂਗਰਸ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ ਨੇ ਮੰਗਲਵਾਰ ਨੂੰ ਦੋਸ਼ ਲਗਾਇਆ ਕਿ ਗਾਜ਼ਾ ਵਿੱਚ ਇਜ਼ਰਾਈਲੀ ਅੱਤਿਆਚਾਰਾਂ ’ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸ਼ਰਮਨਾਕ ਚੁੱਪੀ ਨਿਰਾਸ਼ਾਜਨਕ ਅਤੇ ਨੈਤਿਕ ਕਾਇਰਤਾ ਦੀ ਨਿਸ਼ਾਨੀ ਹੈ। ਸੋਨੀਆ ਗਾਂਧੀ ਨੇ ਇੱਕ ਲੇਖ ਵਿੱਚ ਕਿਹਾ ਕਿ ਸਮਾਂ ਆ ਗਿਆ ਹੈ ਕਿ ਪ੍ਰਧਾਨ ਮੰਤਰੀ ਨੂੰ ਉਸ ਵਿਰਾਸਤ ਦੀ ਤਰਫੋਂ ਸਪੱਸ਼ਟ ਅਤੇ ਦਲੇਰ ਸ਼ਬਦਾਂ ਵਿੱਚ ਬੋਲਣਾ ਚਾਹੀਦਾ ਹੈ, ਜਿਸਦੀ ਪ੍ਰਤੀਨਿਧਤਾ ਭਾਰਤ ਵਲੋਂ ਕੀਤੀ ਗਈ ਹੈ। ਉਹਨਾਂ ਕਿਹਾ, ਅਕਤੂਬਰ 2023 ਨੂੰ ਇਜ਼ਰਾਈਲ ਵਿੱਚ ਮਾਸੂਮ ਮਰਦਾਂ, ਔਰਤਾਂ ਅਤੇ ਬੱਚਿਆਂ ’ਤੇ ਹਮਾਸ ਦੁਆਰਾ ਕੀਤੇ ਗਏ ਵਹਿਸ਼ੀ ਹਮਲਿਆਂ ਜਾਂ ਉਸ ਤੋਂ ਬਾਅਦ ਇਜ਼ਰਾਈਲੀ ਲੋਕਾਂ ਨੂੰ ਲਗਾਤਾਰ ਬੰਧਕ ਬਣਾ ਕੇ ਰੱਖਣ ਨੂੰ ਕੋਈ ਵੀ ਜਾਇਜ਼ ਨਹੀਂ ਠਹਿਰਾ ਸਕਦਾ। ਉਹਨਾਂ ਕਿਹਾ, ਇਸਦੀ ਵਾਰ-ਵਾਰ ਤੇ ਬਿਨਾਂ ਕਿਸੇ ਸ਼ਰਤ ਨਿੰਦਾ ਕੀਤੀ ਜਾਣੀ ਚਾਹੀਦੀ ਹੈ ਪਰ ਅੰਤਰਰਾਸ਼ਟਰੀ ਭਾਈਚਾਰੇ ਦੇ ਮੈਂਬਰਾਂ ਅਤੇ ਇਸ ਤੋਂ ਵੀ ਮਹੱਤਵਪੂਰਨ ਮਨੁੱਖ ਹੋਣ ਦੇ ਨਾਤੇ, ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਇਹ ਪਛਾਣੀਏ ਕਿ ਇਜ਼ਰਾਈਲੀ ਸਰਕਾਰ ਦਾ ਗਾਜ਼ਾ ਦੇ ਲੋਕਾਂ ਵਿਰੁੱਧ ਜਵਾਬੀ ਕਾਰਵਾਈਆਂ ਅਤੇ ਬਦਲੇ ਦੀ ਪੈਟਰਨ ਨਾ ਸਿਰਫ ਭਿਆਨਕ ਬਲਕਿ ਪੂਰੀ ਤਰ੍ਹਾਂ ਅਪਰਾਧਿਕ ਰਹੀ ਹੈ। ਗਾਂਧੀ ਨੇ ਇਸ ਗੱਲ ਦਾ ਜ਼ਿਕਰ ਕਿਹਾ ਕਿ ਪਿਛਲੇ ਲਗਭਗ ਦੋ ਸਾਲਾਂ ਵਿੱਚ 55,000 ਤੋਂ ਵੱਧ ਫਲਸਤੀਨੀ ਨਾਗਰਿਕ ਮਾਰੇ ਗਏ ਹਨ, ਜਿਨ੍ਹਾਂ ਵਿੱਚ 17,000 ਬੱਚੇ ਸ਼ਾਮਲ ਹਨ। ਉਹਨਾਂ ਕਿਹਾ ਕਿ ਫਰਾਂਸ ਨੇ ਫਲਸਤੀਨੀ ਰਾਸ਼ਟਰ ਨੂੰ ਮਾਨਤਾ ਦੇਣ ਦਾ ਫ਼ੈਸਲਾ ਕੀਤਾ ਅਤੇ ਬ੍ਰਿਟੇਨ, ਕੈਨੇਡਾ ਵਰਗੇ ਦੇਸ਼ਾਂ ਨੇ ਗਾਜ਼ਾ ਵਿੱਚ ਹਮਲੇ ਨੂੰ ਉਤਸ਼ਾਹਿਤ ਕਰਨ ਵਾਲੇ ਇਜ਼ਰਾਈਲੀ ਨੇਤਾਵਾਂ ’ਤੇ ਪਾਬੰਦੀਆਂ ਲਗਾਈਆਂ... ਇਸ ਮਨੁੱਖੀ ਸੰਕਟ ਦੇ ਪ੍ਰਤੀ ਦੁਨੀਆ ਭਰ ਵਿਚ ਉਭਰ ਰਹੀ ਵਿਸ਼ਵ ਚੇਤਨਾ ਦੇ ਵਿਚਕਾਰ, ਇਹ ਇਕ ਰਾਸ਼ਟਰੀ ਸ਼ਰਮ ਦੀ ਗੱਲ ਹੈ ਕਿ ਭਾਰਤ ਇਸ ਮਨੁੱਖਤਾ ਦੇ ਅਪਮਾਨ ਦਾ ਮੂਕ ਦਰਸ਼ਕ ਬਣਿਆ ਹੋਇਆ ਹੈ। ਸਾਬਕਾ ਕਾਂਗਰਸ ਪ੍ਰਧਾਨ ਨੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਭਾਰਤ ਲੰਬੇ ਸਮੇਂ ਤੋਂ ਵਿਸ਼ਵ ਨਿਆਂ ਦਾ ਪ੍ਰਤੀਕ ਰਿਹਾ ਹੈ ਅਤੇ ਬਸਤੀਵਾਦ ਵਿਰੁੱਧ ਵਿਸ਼ਵ ਅੰਦੋਲਨਾਂ ਨੂੰ ਪ੍ਰੇਰਿਤ ਕੀਤਾ, ਸ਼ੀਤ ਯੁੱਧ ਦੇ ਯੁੱਗ ਦੌਰਾਨ ਸਾਮਰਾਜਵਾਦੀ ਦਬਦਬੇ ਵਿਰੁੱਧ ਆਪਣੀ ਆਵਾਜ਼ ਬੁਲੰਦ ਕੀਤੀ ਅਤੇ ਰੰਗਭੇਦ ਵਿਰੁੱਧ ਦੱਖਣੀ ਅਫਰੀਕਾ ਦੇ ਅੰਤਰਰਾਸ਼ਟਰੀ ਸੰਘਰਸ਼ ਦੀ ਅਗਵਾਈ ਕੀਤੀ ਹੈ। ਸੋਨੀਆ ਗਾਂਧੀ ਨੇ ਕਿਹਾ, ਜਦੋਂ ਮਾਸੂਮ ਮਨੁੱਖਾਂ ਦਾ ਬੇਰਹਿਮੀ ਨਾਲ ਕਤਲੇਆਮ ਕੀਤਾ ਜਾ ਰਿਹਾ ਹੈ, ਭਾਰਤ ਦਾ ਆਪਣੀਆਂ ਕਦਰਾਂ-ਕੀਮਤਾਂ ਤੋਂ ਦੂਰ ਹੋਣਾ ਰਾਸ਼ਟਰੀ ਜ਼ਮੀਰ ’ਤੇ ਇੱਕ ਧੱਬਾ ਹੈ, ਸਾਡੇ ਇਤਿਹਾਸਕ ਯੋਗਦਾਨਾਂ ਦੀ ਅਣਦੇਖੀ ਹੈ ਅਤੇ ਸਾਡੇ ਸੰਵਿਧਾਨਕ ਮੁੱਲਾਂ ਨਾਲ ਕਾਇਰਤਾਪੂਰਨ ਵਿਸ਼ਵਾਸਘਾਤ ਵੀ ਹੈ। ਸੋਨੀਆ ਗਾਂਧੀ ਨੇ ਕਿਹਾ, ਗਾਜ਼ਾ ਦੇ ਲੋਕਾਂ ’ਤੇ ਇਜ਼ਰਾਈਲ ਵੱਲੋਂ ਕੀਤੇ ਜਾ ਰਹੇ ਲਗਾਤਾਰ ਅੱਤਿਆਚਾਰਾਂ ਵਿਚਕਾਰ ਪ੍ਰਧਾਨ ਮੰਤਰੀ ਮੋਦੀ ਦੀ ਸ਼ਰਮਨਾਕ ਚੁੱਪੀ ਬਹੁਤ ਨਿਰਾਸ਼ਾਜਨਕ ਹੈ। ਇਹ ਨੈਤਿਕ ਕਾਇਰਤਾ ਦੀ ਸਿਖਰ ਹੈ। ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਮੋਦੀ ਉਸ ਵਿਰਾਸਤ ਦੇ ਹੱਕ ਵਿੱਚ ਸਪੱਸ਼ਟ ਅਤੇ ਦਲੇਰ ਸ਼ਬਦਾਂ ਵਿੱਚ ਆਪਣੀ ਆਵਾਜ਼ ਬੁਲੰਦ ਕਰਨ ਜਿਸਦੀ ਭਾਰਤ



ਨੇ ਪ੍ਰਤੀਨਿਧਤਾ ਕੀਤੀ ਹੈ।

# ਵਿਦਿਆਰਥਣ ਨੂੰ ਸਕੂਲ ਦੇ ਬਾਹਰ ਖੜ੍ਹਾ ਕਰਨ ਦੀ ਸ਼ਿਕਾਇਤ ਕਰਨ 'ਤੇ ਮਾਂ ਨੂੰ ਮਾਰੇ ਧੱਕੇ, ਮਾਮਲਾ ਦਰਜ

**ਕੌਮੀ ਪਤ੍ਰਿਕਾ**

ਲੁਧਿਆਣਾ 30 ਜੁਲਾਈ। ਰਾਜਨ ਅਸਟੇਟ ਚੂਹੜਪੁਰ ਰੋਡ 'ਤੇ ਸਥਿਤ ਇਕ ਸਕੂਲ 'ਚ ਵਿਦਿਆਰਥੀ ਨੂੰ ਸਕੂਲ ਦੇ ਬਾਹਰ ਖੜ੍ਹਾ ਕਰਨ ਦੀ ਸ਼ਿਕਾਇਤ ਕਰਨ ਗਏ ਤਾਂ ਸਕੂਲ ਦੀ ਪ੍ਰਿੰਸੀਪਲ ਨੇ ਵਿਦਿਆਰਥੀ ਦੀ ਮਾਂ ਨੂੰ ਧੱਕੇ ਮਾਰ ਕੇ ਸਕੂਲ 'ਚੋਂ ਬਾਹਰ ਕੱਢ ਦਿੱਤਾ। ਵਿਦਿਆਰਥੀ ਦੇ ਪਿਤਾ ਨੇ ਇਸ ਸਬੰਧ ਵਿਚ ਥਾਣਾ




ਹੈਬੋਵਾਲ ਦੀ ਪੁਲਸ ਨੂੰ ਸ਼ਿਕਾਇਤ ਦਿੱਤੀ ਅਤੇ ਜਾਂਚ ਤੋਂ ਬਾਅਦ ਥਾਣਾ ਹੈਬੋਵਾਲ ਦੀ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਪਿੰਡ ਬੱਲੋਵਾਲ ਵਿਖੇ ਸਰਪੰਚ ਕਾਲੋਨੀ 'ਚ ਰਹਿਣ ਵਾਲੇ ਮੋਹਿਤ ਕੁਮਾਰ ਵਰਮਾ ਦੇ ਬਿਆਨ 'ਤੇ ਨਿਊ ਚੂਹੜਪੁਰ ਰੋਡ ਹੈਬੋਵਾਲ ਸਥਿਤ ਇਕ ਨਿੱਜੀ ਸਕੂਲ ਦੀ ਪ੍ਰਿੰਸੀਪਲ ਖਿਲਾਫ਼ ਕਾਰਵਾਈ ਕੀਤੀ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਮੋਹਿਤ ਕੁਮਾਰ ਨੇ ਦੱਸਿਆ ਕਿ ਉਸ ਦੀਆਂ 2 ਬੇਟੀਆਂ ਪ੍ਰਾਈਵੇਟ ਸਕੂਲ 'ਚ ਪੜ੍ਹਦੀਆਂ ਹਨ। 23 ਜੁਲਾਈ ਨੂੰ ਸਕੂਲ ਪ੍ਰਬੰਧਕਾਂ ਵਲੋਂ ਉਸ ਦੀ ਛੋਟੀ ਬੇਟੀ ਨੂੰ ਸਕੂਲ ਦਾਖਲ ਕਰ ਲਿਆ ਗਿਆ ਪਰ ਵੱਡੀ ਬੇਟੀ ਨੂੰ ਸਕੂਲ ਦੇ ਅੰਦਰ ਨਹੀਂ ਜਾਣ ਦਿੱਤਾ ਅਤੇ ਉਸ ਨੂੰ ਉਥੇ ਹੀ ਮੌਜੂਦ 15-16 ਹੋਰ ਵਿਦਿਆਰਥੀ ਵੀ ਉਥੇ ਮੌਜੂਦ ਸਨ। ਪਤਾ ਲੱਗਣ 'ਤੇ ਜਦ ਉਹ ਆਪਣੇ ਪਤਨੀ ਸਮੇਤ ਸਕੂਲ ਦੀ ਪ੍ਰਿੰਸੀਪਲ ਨੂੰ ਸ਼ਿਕਾਇਤ ਕਰਨ ਗਿਆ ਤਾਂ ਪ੍ਰਿੰਸੀਪਲ ਨੇ ਉਸ ਨੂੰ ਧੱਕ ਲਿਆ ਅਤੇ ਸਕੂਲ ਤੋਂ ਬਾਹਰ ਕੱਢ ਦਿੱਤਾ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਦੂਜੇ ਪਾਸੇ ਪ੍ਰਿੰਸੀਪਲ ਨੇ ਕਿਹਾ ਕਿ ਅਜਿਹੀ ਕੋਈ ਗੱਲ ਨਹੀਂ ਹੋਈ ਹੈ। ਕਿਸੇ ਵੀ ਬੱਚੇ ਨੂੰ ਸਕੂਲ ਦੇ ਬਾਹਰ ਖੜ੍ਹਾ ਨਹੀਂ ਕੀਤਾ ਗਿਆ ਅਤੇ ਨਾ ਹੀ ਸਕੂਲ ਦਾ ਗੇਟ ਬੰਦ ਸੀ। ਸਵੇਰੇ ਹੀ ਉਹ ਆਪਣੇ ਛੋਟੇ ਬੱਚਿਆਂ ਨੂੰ ਸਕੂਲ ਦੇ ਅੰਦਰ ਛੱਡ ਕੇ ਗਏ ਹਨ। ਗੇਟ ਖੁੱਲ੍ਹਾ ਹੋਣ ਕਾਰਨ ਲੋਕ ਫੀਸ ਜਮ੍ਹਾ ਕਰਵਾਉਣ ਲਈ ਆ ਰਹੇ ਸਨ। ਦੁਪਹਿਰ ਨੂੰ ਪਹਿਲਾਂ ਉਨ੍ਹਾਂ ਨੇ ਰਿਸੈਪਸ਼ਨ 'ਤੇ ਜਾ ਕੇ ਹੰਗਾਮਾ ਕੀਤਾ, ਜਦੋਂ ਉਨ੍ਹਾਂ ਨੂੰ ਦਫਤਰ 'ਚ ਬੁਲਾਇਆ ਗਿਆ ਤਾਂ ਉਥੇ ਵੀ ਕਾਫੀ ਰੌਲਾ ਪਾਇਆ, ਇਥੋਂ ਤੱਕ ਕਿ ਸਾਮਾਨ ਵੀ ਚੁੱਕ ਕੇ ਸੁੱਟਣਾ ਸ਼ੁਰੂ ਕਰ ਦਿੱਤਾ, ਜਿਸ ਕਾਰਨ ਸਕੂਲ ਦੇ ਵਿਦਿਆਰਥੀ ਵੀ ਕਲਾਸਾਂ ਤੋਂ ਬਾਹਰ ਆ ਗਏ ਅਤੇ ਮਾਹੌਲ ਖਰਾਬ ਹੋ ਗਿਆ। ਉਸ ਨੇ ਕਿਸੇ ਨੂੰ ਵੀ ਧੱਕਾ ਨਹੀਂ ਮਾਰਿਆ ਅਤੇ ਸਕੂਲ 'ਚੋਂ ਬਾਹਰ ਨਹੀਂ ਕੱਢਿਆ ਪਰ ਸਿਰਫ ਆਪਣੇ ਦਫਤਰ ਦਾ ਦਰਵਾਜ਼ਾ ਬੰਦ ਕੀਤਾ, ਤਾਂ ਜੋ ਕੋਈ ਨੁਕਸਾਨ ਨਾ ਹੋਵੇ।

## ਬੋਧੀ ਇੰਟਰਨੈਸ਼ਨਲ ਸਕੂਲ ਵਿਖੇ ਆਲ-ਇੰਡੀਆ ਇੰਟਰ-ਸਕੂਲ ਡਿਬੇਟ ਮੁਕਾਬਲਾ ਕਰਵਾਇਆ

ਲੌਂਗੋਵਾਲ,30 ਜੁਲਾਈ: ਇਲਾਕੇ ਦੀ ਨਾਮਵਰ ਸਿੱਖਿਆ ਸੰਸਥਾ ਬੋਧੀ ਇੰਟਰਨੈਸ਼ਨਲ ਸਕੂਲ ਵਿਖੇ ਫਰੈਂਕ ਐਂਥਨੀ ਮੈਮੋਰੀਅਲ ਆਲ-ਇੰਡੀਆ ਇੰਟਰ-ਸਕੂਲ ਡਿਬੇਟ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਦੇਸ਼ ਭਰ ਦੇ ਵੱਖ-ਵੱਖ ਜ਼ਿਲਿਆਂ ਦੇ ਸਕੂਲ ਇਕੱਠੇ ਹੋਏ, ਉਨਾਂ ਨੇ ਆਪਣੇ ਹੁਸ਼ਿਆਰ ਦਿਮਾਗ, ਸ਼ਕਤੀਸ਼ਾਲੀ ਆਵਾਜ਼ਾਂ ਅਤੇ ਬਹਿਸ ਲਈ ਸਾਂਝਾ ਜਨੂੰਨ ਦਿਖਾਇਆ। ਹਰੇਕ ਭਾਗੀਦਾਰ ਸਕੂਲ ਨੇ ਮੁਕਾਬਲੇ ਵਿੱਚ ਆਪਣੀ ਵਿਲੱਖਣ ਚਮਕ ਸ਼ਾਮਲ ਕੀਤੀ, ਅਤੇ ਹਰੇਕ ਬੁਲਾਰੇ ਨੇ ਸ਼ਾਨਦਾਰ ਆਤਮਵਿਸ਼ਵਾਸ, ਖੋਜ ਅਤੇ ਵਾਕਫੀਅਤ ਦਾ ਪ੍ਰਦਰਸ਼ਨ ਕੀਤਾ। ਪ੍ਰਦਰਸ਼ਿਤ ਸੂਝ ਅਤੇ ਭਾਸ਼ਣ ਦਾ ਪੱਧਰ ਸੱਚਮੁੱਚ ਪ੍ਰੇਰਨਾਦਾਇਕ ਸੀ। ਸਿਰਫ਼ ਇੱਕ ਮੁਕਾਬਲੇ ਤੋਂ ਵੱਧ, ਇਹ ਸਮਾਗਮ ਵਿਚਾਰਾਂ, ਪ੍ਰਗਟਾਵੇ ਅਤੇ ਦੋਸਤੀ ਦਾ ਜਸ਼ਨ ਬਣ ਗਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਨੇ ਕਿਹਾ ਕਿ ਸਾਨੂੰ ਇਸ ਭਰਪੂਰ ਅਨੁਭਵ ਦਾ ਹਿੱਸਾ ਬਣਨ 'ਤੇ ਮਾਣ ਹੈ ਅਤੇ ਸਾਡੇ ਨਾਲ ਸ਼ਾਮਲ ਹੋਣ ਵਾਲੇ ਹਰੇਕ ਭਾਗੀਦਾਰ, ਅਧਿਆਪਕ ਅਤੇ ਮਹਿਮਾਨ ਨਾਲ ਬਣੀਆਂ ਯਾਦਾਂ ਲਈ ਧੰਨਵਾਦੀ ਹਾਂ ਤੇ ਆਉਣ ਵਾਲੇ ਸਮੇਂ ਵਿੱਚ ਬੋਧੀ ਇੰਟਰਨੈਸ਼ਨਲ ਸਕੂਲ ਵੱਡੇ ਪੱਧਰ ਤੇ ਮੁਕਾਬਲੇ ਕਰਵਾਕੇ ਉੱਚੀਆਂ ਮੱਲਾਂ ਮਾਰੇਗਾ।

## ਜ਼ੋਨ ਪੱਧਰੀ ਮੁਕਾਬਲਿਆਂ ਵਿੱਚ ਅਕੈਡਮਿਕ ਵਰਲਡ ਸਕੂਲ ਖੋਖਰ ਦੇ ਵਿਦਿਆਰਥੀਆਂ ਨੇ ਮਾਰੀ ਬਾਜ਼ੀ

**ਕੌਮੀ ਪਤ੍ਰਿਕਾ**

ਲਹਿਰਾਗਾਗਾ, 30 ਜੁਲਾਈ: ਸੁਨਾਮ ਵਿਖੇ ਜੋਨ ਪੱਧਰੀ ਐਸ .ਯੂ.ਐਸ ਸਕੂਲ ਆਫ ਐਮੀਨੈਂਸ ਸਕੂਲ,ਸੁਨਾਮ ਵਿਖੇ ਤਾਈਕਵਾਂਡੋ ਦੇ ਮੁਕਾਬਲੇ ਹੋਏ ਜਿਸ ਵਿਚ ਇਲਾਕੇ ਦੇ ਵੱਖੋ ਵੱਖਰੇ ਸਕੂਲਾਂ ਦੀਆ ਟੀਮਾਂ ਨੇ ਹਿੱਸਾ ਲਿਆ। ਜਿਸ ਅਕੈਡਮਿਕ ਵਰਲਡ ਸਕੂਲ ਖੋਖਰ ਦੇ ਵਿਦਿਆਰਥੀ (ਲੜਕੇ ਅਤੇ ਲੜਕੀਆਂ) ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਜਿਸ ਵਿਚ ਅੰਡਰ-14 ਦੀ ਲੜਕੀਆਂ , ਅੰਡਰ-14 ਲੜਕੇ ਅਤੇ ਅੰਡਰ -17 ਦੇ ਅਲੱਗ -ਅਲੱਗ ਭਾਰ ਵਰਗ ਦੇ 24 ਵਿਦਿਆਰਥੀਆਂ ਨੇ ਭਾਗ ਲਿਆ ਅਤੇ ਸਾਰੇ ਵਿਦਿਆਰਥੀਆਂ ਨੇ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਜਿਸਦੇ ਸਦਕੇ ਇਹਨਾਂ ਵਿਦਿਆਰਥੀਆ ਵਿੱਚੋ 21 ਵਿਦਿਆਰਥੀਆਂ ਨੇ ਮੈਚ ਵਿਚ ਪਹਿਲਾ ਸਥਾਨ ਹਾਸਿਲ ਕੀਤਾ ਅਤੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਲਈ ਆਪਣਾ ਨਾਮ ਦਰਜ ਕੀਤਾ। ਜਿਸ ਵਿੱਚ ਅੰਡਰ-14 ਕੁੜੀਆਂ ਨਵਿਆਂ (26 ਕਿਲੋ), ਹਰਸਿਮਰਤ (29 ਕਿਲੋ), ਨਿਮਰਤ ਕੌਰ ( 32 ਕਿਲੋ), ਭਾਵਨਾ (35 ਕਿਲੋ), ਅੰਡਰ-17 ਮਨਪ੍ਰੀਤ ਕੌਰ(52 ਕਿਲੋ), ਜਸਪ੍ਰੀਤ ਕੌਰ(42 ਕਿਲੋ), ਸਤਵੀਰ ਕੌਰ (59 ਕਿਲੋ), ਖੁਸ਼ਪ੍ਰੀਤ ਕੌਰ(54 ਕਿਲੋ) ਨੇ ਪਹਿਲਾਂ ਸਥਾਨ ਹਾਸਲ ਕੀਤਾ ਅੰਡਰ-17 ਲੜਕੇ ਬਲਰਾਜ ਸਿੰਘ (38 ਕਿਲੋ), ਸਸਹਿਜਦੀਪ ਸ਼ਰਮਾ(45 ਕਿਲੋ), ਨੂਰਦੀਪ ਸਿੰਘ (68 ਕਿਲੋ), ਅੰਡਰ-19 ਕਰਨਵੀਰ ਸ਼ਰਮਾ (51 ਕਿਲੋ), ਅਰਮਾਨਦੀਪ ਸਿੰਘ ਚੱਠਾ(55ਕਿਲੋ), ਭਾਗ ਪ੍ਰੀਤ ਸਿੰਘ (59 ਕਿਲੋ), ਹਰਸਦੀਪ ਸਿੰਘ (63 ਕਿਲੋ), ਹਰਮਨਦੀਪ ਸਿੰਘ (73 ਕਿਲੋ) , ਅੰਡਰ-14 ਮੋਹਿਤਦੀਪ ਸਿੰਘ (32 ਕਿਲੋ), ਸਹਿਜਪ੍ਰੀਤ ਸਿੰਘ (38 ਕਿਲੋ), ਗੁਰਿੰਦਰ ਸਿੰਘ (41 ਕਿਲੋ) ਵਿੱਚ ਪਹਿਲਾਂ ਸਥਾਨ ਹਾਸਲ ਕੀਤਾਇਸ ਮੌਕੇ ਸਕੂਲ ਦੇ ਪ੍ਰਿੰਸਪਲ ਬਬੀ ਵਰਗੇਸ ਨੇ ਬੱਚਿਆਂ ਨੂੰ ਓਹਨਾਂ ਦੀ ਜਿੱਤ ਦੀ ਮੁਬਾਰਕਬਾਦ ਦਿੱਤੀ ਅਤੇ ਕਿਹਾ ਜਿਸ ਤਰ੍ਹਾਂ ਬੱਚਿਆਂ ਨੇ ਅੱਜ ਪ੍ਰਦਰਸ਼ਨ ਕੀਤਾ ਅੱਗੇ ਵੀ ਇਸ ਤਰ੍ਹਾਂ ਹੀ ਕਰਦੇ ਰਹਿਣਗੇ ਅਤੇ ਪੜ੍ਹਾਈ ਦੇ ਨਾਲ ਨਾਲ ਖੇਡਾਂ ਦਾ ਵੀ ਸਾਡੇ ਜੀਵਨ ਵਿੱਚ ਬਹੁਤ ਮਹੱਤਵ ਹੈ ਇਕ ਤੰਦਰੁਸਤ ਸ਼ਰੀਰ ਵਿੱਚ ਹੀ ਤੰਦਰੁਸਤ ਮਨ ਦਾ ਵਾਸ ਹੁੰਦਾ ਹੈ। ਇਸ ਮੌਕੇ ਸਕੂਲ ਦੇ ਚੇਅਰਮੈਨ ਸੰਜੇ ਸਿੰਗਲਾ ਨੇ ਬੱਚਿਆਂ ਨੂੰ ਅਤੇ ਓਹਨਾਂ ਦੇ ਕੋਚ ਸੁਰਿੰਦਰ ਸਿੰਘ ਨੂੰ ਜਿੱਤ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਜਿੱਤ ਬੱਚਿਆਂ ਅਤੇ ਓਹਨਾਂ ਦੇ ਕੋਚ ਦੀ ਮਿਹਨਤ ਸਦਕਾ ਹੀ ਪ੍ਰਾਪਤ ਹੋਈ ਹੈ ਅਤੇ ਉਹ ਇਹਨਾਂ ਦੇ ਉੱਜਵਲ ਭਵਿੱਖ ਅਤੇ ਹੋਰ ਸ਼ਾਨਦਾਰ ਜਿੱਤ ਦੀ ਕਾਮਨਾ ਕਰਦੇ ਹਨ। ਇਸ ਮੌਕੇ ਸਕੂਲ ਦੇ ਸਾਰੇ ਅਧਿਆਪਕ ਡੀ.ਪੀ.ਈ. ਸੁਰਿੰਦਰ, ਸੁਰਭੀ ,ਮਨਪ੍ਰੀਤ,ਨੇਵੀ, ਹਰਸਿਤਾ, ਮਨਦੀਪ, ਗਗਨਦੀਪ, ਗੁਰਵਿੰਦਰ, ਹਰਪ੍ਰੀਤ, ਸਾਕਸ਼ੀ , ਤਮੰਨਾ , ਜਸ਼ਨਦੀਪ, ਰਕਸੀਨ,ਕਾਜਲ,ਹੀਨਾ, ਦਿਕਸ਼ਾ ਆਦਿ ਸ਼ਾਮਿਲ ਸਨ। ਇਸ ਮੌਕੇ ਸਕੂਲ ਦੇ ਸਾਰੇ ਅਧਿਆਪਕ ਡੀ.ਪੀ.ਈ. ਸੁਰਿੰਦਰ, ਸੁਰਭੀ ,ਮਨਪ੍ਰੀਤ,ਨੇਵੀ, ਮੀਨਾ, ਮਨਦੀਪ, ਗਗਨਦੀਪ, ਗੁਰਵਿੰਦਰ, ਹਰਪ੍ਰੀਤ, ਸਾਕਸ਼ੀ , ਤਮੰਨਾ , ਜਸ਼ਨਦੀਪ, ਰਕਸੀਨ,ਕਾਜਲ,ਹੀਨਾ, ਦਿਕਸ਼ਾ ਆਦਿ ਸ਼ਾਮਿਲ ਸਨ।

## ਹੈਰੋਇਨ ਦੇ ਨਾਲ ਅਤੇ ਹੈਰੋਇਨ ਦਾ ਸੇਵਨ ਕਰਦੇ 4 ਦੋਸ਼ੀ ਗ੍ਰਿਫ਼ਤਾਰ

ਗੁਰੂਹਰਸਹਾਏ 30 ਜੁਲਾਈ। ਨਸ਼ਿਆਂ ਖ਼?ਲਾਫ਼ ਚਲਾਈ ਮੁਹਿੰਮ ਤਹਿਤ ਥਾਣਾ ਗੁਰੂਹਰਸਹਾਏ ਦੀ ਪੁਲਸ ਨੇ ਚਾਰ ਵਿਅਕਤੀਆਂ ਨੂੰ 40 ਗ੍ਰਾਮ ਹੈਰੋਇਨ ਦੇ ਨਾਲ ਅਤੇ ਹੈਰੋਇਨ ਦਾ ਸੇਵਨ ਕਰਦੇ ਗ੍ਰਿਫ਼ਤਾਰ ਕੀਤਾ ਹੈ। ਜਾਣਕਾਰੀ ਦਿੰਦਿਆਂ ਇੰਸਪੈਕਟਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਪਾਰਟੀ ਨਾਲ ਗਸ਼ਤ ਅਤੇ ਚੈਕਿੰਗ ਦੌਰਾਨ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਕੁਲਵੰਤ ਸਿੰਘ ਪੁੱਤਰ ਸ਼ੇਰ ਸਿੰਘ ਵਾਸੀ ਰੇਲਵੇ ਬਸਤੀ ਗੁਰੂਹਰਸਹਾਏ ਬਾਹਰੋਂ ਹੈਰੋਇਨ ਲਿਆ ਕੇ ਵੇਚਣ ਦਾ ਆਦੀ ਹੈ ਅਤੇ ਜੋ ਇਸ ਵਕਤ ਕਬਰਸਤਾਨ ਗੁਰੂਹਰਸਹਾਏ ਵਿੱਚ ਹੈਰੋਇਨ ਵੇਚਣ ਲਈ ਗਾਹਕਾਂ ਦੀ



ਉਡੀਕ ਕਰ ਰਿਹਾ ਹੈ ਤਾਂ ਪੁਲਸ ਨੇ ਤੁਰੰਤ ਉੱਥੇ ਛਾਪੇਮਾਰੀ ਕਰਦੇ ਹੋਏ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਉਸ ਕੋਲੋਂ 40 ਗ੍ਰਾਮ ਹੈਰੋਇਨ ਬਰਾਮਦ ਕੀਤੀ। ਦੂਜੇ ਪਾਸੇ ਇਸੇ ਥਾਣੇ ਦੇ ਸਬ ਇੰਸਪੈਕਟਰ ਕੁਲਵੰਤ ਸਿੰਘ ਨੇ ਪੁਲਸ ਪਾਰਟੀ ਨਾਲ ਗਸ਼ਤ ਅਤੇ ਚੈਕਿੰਗ ਦੌਰਾਨ ਮਿਲੀ ਸੂਚਨਾ ਦੇ ਆਧਾਰ 'ਤੇ ਕਬਰਿਸਤਾਨ ਗੁਰੂਹਰਸਹਾਏ ਨੇੜੇ ਛਾਪਾਮਾਰੀ ਕਰਦੇ ਸਾਜਨ ਕੁਮਾਰ ਪੁੱਤਰ ਦੇਸ ਰਾਜ ਵਾਸੀ ਬਸਤੀ ਗੁਰੂ ਕਰਮ ਸਿੰਘ ਵਾਲੀ ਗੁਰੂਹਰਸਹਾਏ, ਮੁਨੀਸ਼ ਕੁਮਾਰ ਪੁੱਤਰ ਵਿਜੈ ਕੁਮਾਰ ਵਾਸੀ ਧਾਨਕਾ ਮੁਹੱਲਾ ਗੁਰੂਹਰਸਹਾਏ ਅਤੇ ਅਕਾਸ਼ਦੀਪ ਸਿੰਘ ਪੁੱਤਰ ਮੋਹਨ ਸਿੰਘ ਵਾਸੀ ਮਿਸ਼ਰੀ ਵਾਲਾ ਨੂੰ ਹੈਰੋਇਨ ਦਾ ਸੇਵਨ ਕਰਦੇ ਹੋਏ ਗ੍ਰਿਫ਼ਤਾਰ ਕੀਤਾ ਅਤੇ ਤਲਾਸ਼ੀ ਲੈਣ 'ਤੇ ਉਨ੍ਹਾ ਕੋਲੋਂ ਹੈਰੋਇਨ ਲੱਗੀ ਪੰਨੀ, 10 ਰੁਪਏ ਦੇ 2 ਨੋਟ, ਤਿੰਨ ਲਾਈਟਰ ਬਰਾਮਦ ਹੋਏ। ਪੁਲਸ ਵੱਲੋਂ ਨਾਮਜ਼ਦ ਦੋਸ਼ੀਆਂ ਖ਼?ਲਾਫ਼ ਮਾਮਲੇ ਦਰਜ ਕੀਤੇ ਗਏ ਹਨ ਅਤੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਰਿਕਸ਼ੇ ਵਾਲੇ ਦੀ ਸ਼ਰਮਨਾਕ ਕਰਤੂਤ ! 9ਵੀ ਦੀ ਵਿਦਿਆਰਥਣ ਨੂੰ ਜੰਗਲ 'ਚ ਲਿਜਾ ਕੇ...

ਸ਼ਾਹਜਹਾਂਪੁਰ 30 ਜੁਲਾਈ। ਉੱਤਰ ਪ੍ਰਦੇਸ਼ ਦੇ ਸ਼ਾਹਜਹਾਂਪੁਰ ਜ਼ਿਲ੍ਹੇ ਦੇ ਥਾਣਾ ਰਾਮਚੰਦਰ ਮਿਸ਼ਨ ਖੇਤਰ ਵਿੱਚ ਰਹਿਣ ਵਾਲੀ 9ਵੀਂ ਜਮਾਤ ਦੀ ਵਿਦਿਆਰਥਣ ਨਾਲ ਵਿਆਹ ਦੇ ਬਹਾਨੇ ਬਲਾਤਕਾਰ ਕਰਨ ਦੇ ਦੋਸ਼ੀ ਰਿਕਸ਼ਾ ਚਾਲਕ ਨੂੰ ਪੁਲਸ ਨੇ ਸ਼ੁੱਕਰਵਾਰ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਸ ਸੁਪਰਡੈਂਟ (ਐੱਸਪੀ) ਰਾਜੇਸ਼ ਦਿਵੇਦੀ ਨੇ ਦੱਸਿਆ ਕਿ ਦੋਸ਼ੀ ਆਸਿਫ (22) ਪਿਛਲੇ ਇੱਕ ਸਾਲ ਤੋਂ 9ਵੀਂ ਜਮਾਤ ਦੀ ਵਿਦਿਆਰਥਣ ਨੂੰ ਸਕੂਲ ਛੱਡ ਰਿਹਾ ਸੀ। 15 ਜੁਲਾਈ ਨੂੰ, ਵਿਦਿਆਰਥਣ ਨੂੰ ਸਕੂਲ ਲਿਜਾਣ ਦੀ ਬਜਾਏ, ਉਹ ਉਸਨੂੰ ਬਾਰੀ ਪਿੰਡ ਦੇ ਨੇੜੇ ਜੰਗਲ ਵਿੱਚ ਲੈ ਗਿਆ ਅਤੇ ਵਿਆਹ ਦੇ ਬਹਾਨੇ ਕਥਿਤ ਤੌਰ 'ਤੇ ਉਸ ਨਾਲ ਬਲਾਤਕਾਰ ਕੀਤਾ। ਜਦੋਂ ਉਸਨੇ ਵਿਰੋਧ ਕੀਤਾ ਤਾਂ ਉਸਨੇ ਕਥਿਤ ਤੌਰ 'ਤੇ ਵਿਦਿਆਰਥਣ ਨੂੰ ਕੁੱਟਿਆ ਵੀ। ਉਸਨੇ ਦੱਸਿਆ ਕਿ ਦੋਸ਼ੀ ਨੇ ਪੀੜਤਾ ਨੂੰ ਧਮਕੀ ਵੀ ਦਿੱਤੀ ਕਿ ਜੇਕਰ ਉਸਨੇ ਘਰ ਵਿੱਚ ਇਸ ਘਟਨਾ ਬਾਰੇ ਕਿਸੇ ਨੂੰ ਦੱਸਿਆ ਤਾਂ ਉਸਨੂੰ ਜਾਨੋਂ ਮਾਰ ਦੇਵੇਗਾ।

## ਵਿਆਹੁਤਾ ਦੀ ਭੇਤਭਰੇ ਹਾਲਾਤ 'ਚ ਮੌਤ

ਜ਼ੀਰਕਪੁਰ 30 ਜੁਲਾਈ। ਵਿਆਹੁਤਾ ਦੀ ਭੇਦਭਰੇ ਹਾਲਾਤ 'ਚ ਮੌਤ ਹੋ ਗਈ। ਪੁਲਸ ਨੇ ਮ੍ਰਿਤਕਾ ਦੇ ਭਰਾ ਦੇ ਬਿਆਨਾਂ 'ਤੇ ਸਹੁਰੇ ਪਰਿਵਾਰ ਦੇ ਤਿੰਨ ਮੈਂਬਰਾਂ ਖ਼?ਲਾਫ਼ ਮੁਕੱਦਮਾ ਦਰਜ ਕੀਤਾ ਹੈ। ਸ਼ਿਕਾਇਤ 'ਚ ਅਦਿੱਤਿਆ ਕੁਮਾਰ ਵਾਸੀ ਕੈਥਲ ਨੇ ਦੱਸਿਆ ਕਿ ਭੈਣ ਸੁਸ਼ਮਾ ਦਾ ਵਿਆਹ ਫਰਵਰੀ ਨੂੰ ਸੁਖਨਾ ਕਾਲੋਨੀ (ਜ਼ੀਰਕਪੁਰ) ਦੇ ਵਿਸ਼ਾਲ ਕੁਮਾਰ ਨਾਲ ਹੋਇਆ ਸੀ। ਉਸ ਦੌਰਾਨ ਹੈਸੀਅਤ ਮੁਤਾਬਕ ਦਾਜ ਦਿੱਤਾ ਗਿਆ। ਦੋਸ਼ ਹੈ ਕਿ ਵਿਆਹ ਤੋਂ ਬਾਅਦ ਭੈਣ ਨੂੰ ਸਹੁਰੇ ਪਰਿਵਾਰ ਵੱਲੋਂ ਦਾਹ ਲਈ ਪਰੇਸ਼ਾਨ ਕੀਤਾ ਜਾਣ ਲੱਗਾ। ਪਤਨੀ ਨੇ ਭੈਣ ਦੀ ਸੱਸ ਨੂੰ ਦੁਪਹਿਰ ਵੇਲੇ ਫੋਨ ਕੀਤਾ ਤਾਂ ਪਤਾ ਲੱਗਾ ਕਿ ਉਸ ਦੀ ਮੌਤ ਹੋ ਚੁੱਕੀ ਹੈ। ਜਦੋਂ ਮੌਕੇ 'ਤੇ ਜਾ ਕੇ ਦੇਖਿਆ ਤਾਂ ਸਿਰ 'ਚ ਸੱਟ ਦਾ ਨਿਸ਼ਾਨ ਸਨ।

## 'ਕੰਮ 'ਚ ਦੇਰੀ ਕਰਨ ਵਾਲੇ ਠੇਕੇਦਾਰਾਂ 'ਤੇ ਕੱਸੋ ਸ਼ਿੰਕਜਾ !' ਲੁਧਿਆਣਾ ਮੇਅਰ ਨੇ ਅ.ਫਸਰਾਂ ਨੂੰ ਜਾਰੀ ਕੀਤੇ ਨਿਰਦੇਸ਼

ਲੁਧਿਆਣਾ 30 ਜੁਲਾਈ। ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਸਰਾਭਾ ਨਗਰ ਸਥਿਤ ਨਗਰ ਨਿਗਮ ਜ਼ੋਨ ਡੀ ਦਫ਼ਤਰ ਵਿਖੇ ਬੀ.ਐਂਡ.ਆਰ ਸ਼ਾਖਾ ਦੇ ਅਧਿਕਾਰੀਆਂ ਨਾਲ ਇਕ ਸਮੀਖਿਆ ਮੀਟਿੰਗ ਕੀਤੀ। ਇਸ ਮੀਟਿੰਗ ਦਾ ਉਦੇਸ਼ ਸ਼ਹਿਰ ਭਰ ਵਿਚ ਵਿਕਾਸ ਕਾਰਜਾਂ ਨੂੰ ਤੇਜ਼ ਕਰਨਾ ਅਤੇ ਇਹ ਯਕੀਨੀ ਬਣਾਉਣਾ ਸੀ ਕਿ ਕੰਮਾਂ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਾ



ਹੋਵੇ। ਨਗਰ ਨਿਗਮ ਦੇ ਵਧੀਕ ਕਮਿਸ਼ਨਰ ਪਰਮਦੀਪ ਸਿੰਘ, ਨਿਗਰਾਨ ਇੰਜੀਨੀਅਰਜ਼, ਕਾਰਜਕਾਰੀ ਇੰਜੀਨੀਅਰਜ਼, ਜੂਨੀਅਰ ਇੰਜੀਨੀਅਰਜ਼ ਸਮੇਤ ਹੋਰ ਅਧਿਕਾਰੀ ਮੀਟਿੰਗ ਵਿੱਚ ਮੌਜੂਦ ਸਨ। ਮੇਅਰ ਇੰਦਰਜੀਤ ਕੌਰ ਨੇ ਦੱਸਿਆ ਕਿ ਵਿਕਾਸ ਕਾਰਜਾਂ ਨੂੰ ਤੇਜ਼ ਕਰਨ ਲਈ ਨਿਯਮਤ ਸਮੀਖਿਆ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਸ਼ੁੱਕਰਵਾਰ ਨੂੰ ਅਧਿਕਾਰੀਆਂ ਨੂੰ ਲੰਬਿਤ/ਚੱਲ ਰਹੇ ਕੰਮਾਂ ਦੀ ਸੂਚੀ ਜਮ?ਹਾਂ ਕਰਾਉਣ ਅਤੇ ਕੰਮਾਂ ਨੂੰ ਜਲਦੀ ਤੋਂ ਜਲਦੀ ਪੂਰਾ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਅਧਿਕਾਰੀਆਂ ਨੂੰ ਵਿਕਾਸ ਕਾਰਜਾਂ ਵਿੱਚ ਦੇਰੀ ਕਰਨ ਵਾਲੇ ਠੇਕੇਦਾਰਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੇ ਵੀ ਨਿਰਦੇਸ਼ ਦਿੱਤੇ ਗਏ ਹਨ। ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਕਿਹਾ ਕਿ ਉਹ ਚੱਲ ਰਹੇ ਵਿਕਾਸ ਕਾਰਜਾਂ ਦਾ ਨਿਯਮਿਤ ਤੌਰ ਤੇ ਨਿਰੀਖਣ ਵੀ ਕਰ ਰਹੇ ਹਨ ਅਤੇ ਉਨ੍ਹਾਂ ਦਾ ਧਿਆਨ ਸ਼ਹਿਰ ਭਰ ਵਿਚ ਚੰਗੀ ਗੁਣਵੱਤਾ ਵਾਲੇ ਕੰਮਾਂ ਨੂੰ ਯਕੀਨੀ ਬਣਾਉਣ 'ਤੇ ਹੈ।

## ਹਰਿਆਣਾ ਦਾ ਨੀਤੀ ਆਯੋਗ ਦੇ ਸੰਪੂਰਣ ਵਿਕਾਸ ਵਿੱਚ ਇੱਕ ਹੋਰ ਕਦਮ

ਚੰਡੀਗੜ੍ਹ, 30 ਜੁਲਾਈ: ਭਾਰਤ ਸਰਕਾਰ ਦੇ ਨੀਤੀ ਆਯੋਗ ਵੱਲੋਂ ਦੇਸ਼ ਦੇ ਸੱਭ ਤੋਂ ਪਿਛੜੇ ਜਿਲ੍ਹਿਆਂ ਅਤੇ ਬਲਾਕਾਂ ਵਿੱਚ ਛੇ ਪ੍ਰਮੁੱਖ ਸਕੇਤਕਾਂ ਰਾਹੀਂ ਸਮੂਚੇ ਵਿਕਾਸ ਨੂੰ ਪ੍ਰੋਤਸਾਹਨ ਦੇਣ ਲਈ ਵਿਕਾਸਸ਼ੀਲ ਭਾਂਰਤ ਦੇ ਮਾਡਲ ਵਜੋ ਵਿਕਸਿਤ ਕਰਨ ਲਈ ਸ਼ੁਰੂ ਕੀਤੇ ਗਏ ਸੰਪੂਰਣਤਾ ਮੁਹਿੰਮ ਵਿੱਚ ਹਰਿਆਣਾ ਵਿੱਚ ਵਰਨਣਯੋਗ ਪ੍ਰਦਰਸ਼ਨ ਕੀਤਾ ਹੈ। ਹਰਿਆਣਾ ਸਰਕਾਰ ਦੇ ਯੋਜਨਾ ਵਿਭਾਗ ਵੱਲੋਂ ਇਸ ਸਬੰਧ ਵਿੱਚ 1 ਅਗਸਤ, 2025 ਨੂੰ ਹਰਿਆਣਾ ਨਿਵਾਸ, ਚੰਡੀਗੜ੍ਹ ਵਿੱਚ ਸੰਪੂਰਣਤਾ ਮੁਹਿੰਮ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਜਾਵੇਗਾ। ਇਸ ਸਮਾਰੋਹ ਵਿੱਚ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਮੁੱਖ ਮਹਿਮਾਨ ਵਜੋ ਸ਼ਿਰਕਤ ਕਰਣਗੇ। ਰਾਜ ਸਰਕਾਰ ਦੀ ਪ੍ਰਭਾਵੀ ਰਣਨੀਤੀਆਂ ਅਤੇ ਸਥਾਨਕ ਪ੍ਰਸਾਸ਼ਨ ਦੀ ਮਿਹਨਤ ਨਾਲ ਚਾਹਵਾਨ ਜਿਲ੍ਹਾ ਨੂੰਹ ਨੇ ਦੋ ਸੰਕੇਤਕਾਂ ਸਿਖਿਆ ਦੇ ਖੇਤਰ ਵਿੱਚ ਮਹਤੱਵਪੂਰਣ ਪ੍ਰਦਰਸ਼ਨ ਕੀਤਾ ਹੈ ਜਿਨ੍ਹਾਂ ਵਿੱਚ ਸੈਕੇਂਡਰੀ ਸਕੂਲਾਂ ਵਿੱਚ ਬਿਜਲੀ ਦੀ 100% ਉਪਲਬਧਤਾ, ਵਿਦਿਅਕ ਸੈਸ਼ਨ ਸ਼ੁਰੂ ਹੋਣ ਦੇ ਇੱਕ ਮਹੀਨੇ ਦੇ ਅੰਦਰ ਵਿਦਿਆਰਥੀਆਂ ਨੂੰ ਕੋਰਸ ਕਿਤਾਬਾਂ ਦੀ ਸਮੇਂ 'ਤੇ ਸਪਲਾਈ ਪੂਰੀ ਤਰ੍ਹਾ ਉਪਲਬਧ ਕਰਵਾਉਣਾ ਹੈ। ਇਸ ਤੋਂ ਇਲਾਵਾ, ਰਾਜ ਦੇ ਪੰਜ ਚਾਹਵਾਨ ਬਲਾਕਾਂ ਨੇ ਸੌ-ਫੀਸਦੀ ਮਿੱਟੀ ਸਿਹਤ ਕਾਰਡ ਸ੍ਰਿਜਤ ਕੀਤੇ ਹਨ। ਇੰਨ੍ਹਾਂ ਬਲਾਕਾਂ ਵਿੱਚ ਭਿਵਾਨੀ ਜਿਲ੍ਹੇ ਦਾ ਬਹਿਲ, ਲੋਹਾਰੂ ਅਤੇ ਚਰਖੀ ਦਾਦਰੀ ਜਿਲ੍ਹਾ ਦਾ ਬਾਡੜਾ, ਨੂੰਹ ਜਿਲ੍ਹੇ ਦਾ ਨੂੰਹ, ਪੁੰਹਾਨਾ, ਹਥੀਨ ਅਤੇ ਰਿਵਾੜੀ ਜਿਲ੍ਹੇ ਦਾ ਨਾਹੜ ਬਲਾਕਾਂ ਦਾ ਅਕਾਂਸ਼ੀ ਬਲਾਕ ਵਜੋ ਚੋਣ ਕੀਤਾ ਅ?ਗਾ ਹੈ। ਇਸ ਦਿਨ ਮੁੱਖ ਮੰਤਰੀ ਸੰਪੂਰਣਤਾ ਮੁਹਿੰਮ 2.0 ਦੀ ਸ਼ੁਰੂਆਤ ਕਰਣਗੇ। ਇਹ ਮੁਹਿੰਮ 1 ਅਗਸਤ ਤੋਂ 2 ਅਕਤੂਬਰ, 2025 ਤੱਕ ਚੱਲੇਗੀ, ਜਿਸ ਦਾ ਟੀਚਾ ਗਰਭਵਤੀ ਮਹਿਲਾਵਾਂ ਦੀ ਸਮੇਂ 'ਤੇ ਜਾਂਚ, ਟੀਬੀ ਰੋਗੀਆਂ ਨੂੰ ਸਮੂਚੀ ਅਤੇ ਪੂਰਾ ਇਲਾਜ, ਬੱਚਿਆ ਦਾ ਸਮੇਂ 'ਤੇ ਟੀਕਾਕਰਣ, ਸਕੂਲੀ ਵਿਦਿਆਰਥੀਆਂ ਦੇ ਪ੍ਰਦਰਸ਼ਨ ਵਿੱਚ ਸੁਧਾਰ, ਹਰੇਕ ਘਰ ਤੱਕ ਸਾਫ ਪੀਣ ਦੇ ਪਾਣੀ ਪਹੁੰਚਾਉਣਾ ਸ਼ਾਮਿਲ ਹੈ।

## ਮੋਗਾ ਦੇ ਬੁੱਘੀਪੁਰਾ ਦੀ ਨਹਿਰ 'ਚ ਰੁੜੇ ਨੌਜਵਾਨ ਦੀ 4 ਦਿਨ ਬਾਅਦ ਮਿਲੀ ਲਾਸ਼

**ਕੌਮੀ ਪਤ੍ਰਿਕਾ**

ਮੋਗਾ/ਜ਼ੀਰਾ 30 ਜੁਲਾਈ। ਬੀਤੇ ਦਿਨੀਂ ਹੋਈ ਤੇਜ਼ ਬਾਰਿਸ਼ ਕਾਰਨ ਮੋਗਾ ਦੇ ਪਿੰਡ ਬੁੱਘੀਪੁਰਾ ਵਿੱਚੋਂ ਲੰਘ ਰਹੇ ਕਾਰ ਸਵਾਰ ਜ਼ੀਰਾ ਦੇ 2 ਨੌਜਵਾਨਾਂ ਵਿਚੋਂ ਇਕ ਨੌਜਵਾਨ ਪਾਣੀ ਦੇ ਤੇਜ਼ ਵਹਾਅ ਕਾਰਨ ਨਹਿਰ ਵਿਚ ਰੁੜ ਗਿਆ ਸੀ, ਜਿਸ ਦੀ ਲਾਸ਼ ਗੋਤਾਖੋਰਾਂ ਦੀ ਮਦਦ ਨਾਲ ਅੱਜ ਚਾਰ ਦਿਨਾਂ ਬਾਅਦ ਬਰਾਮਦ ਕਰ ਲਈ ਗਈ ਹੈ। ਇਸ ਘਟਨਾ ਨਾਲ ਜ਼ੀਰਾ ਇਲਾਕੇ ਅੰਦਰ ਸੋਗ ਦੀ ਲਹਿਰ ਪਾਈ ਜਾ ਰਹੀ ਹੈ। ਜਾਣਕਾਰੀ ਅਨੁਸਾਰ ਕਰਨ ਬਾਵਾ (27) ਪੁੱਤਰ ਭੂਸ਼ਨ ਬਾਵਾ ਵਾਸੀ ਜ਼ੀਰਾ ਜੋ ਕਿ ਆਪਣੇ ਦੁਕਾਨ ਦੇ ਮੁਲਾਜ਼ਮ ਬੀਰਾ ਦੇ ਨਾਲ ਮਿਤੀ 23 ਜੁਲਾਈ ਨੂੰ ਕਿਸੇ ਕੰਮ ਲਈ ਕਾਰ ਵਿਚ ਸਵਾਰ ਹੋ ਕੇ ਜ਼ੀਰਾ ਤੋਂ ਲੁਧਿਆਣਾ ਜਾ ਰਹੇ ਸਨ ਕਿ ਜਦ ਉਹ ਮੋਗਾ ਦੇ ਪਿੰਡ ਬੁੱਘੀਪੁਰਾ ਕੋਲੋਂ ਲੰਘ ਰਹੇ ਸਨ ਤਾਂ ਤੇਜ਼ ਬਾਰਿਸ਼ ਦੇ ਚੱਲਦਿਆਂ ਨਹਿਰ ਦੇ ਪੁੱਲ ਉੱਪਰ ਪਾਣੀ ਆਇਆ ਹੋਇਆ ਸੀ, ਜਿਸ ਕਾਰਨ ਉਨ੍ਹਾਂ ਨੂੰ ਨਹਿਰ ਦਾ ਪਤਾ ਨਹੀਂ ਲੱਗਿਆ ਅਤੇ ਉਨ੍ਹਾਂ ਦੀ ਕਾਰ ਬੁੱਘੀਪੁਰਾ



ਨਹਿਰ ਵਿਚ ਡਿੱਗੀ ਗਈ। ਇਸ ਉਪਰੰਤ ਨੌਜਵਾਨ ਕਰਨ ਵੱਲੋਂ ਮੁਲਾਜ਼ਮ ਬੀਰੇ ਨੂੰ ਕਾਰ ਦੀ ਬਾਰੀ ਵਿਚੋਂ ਦੀ ਬਾਹਰ ਕੱਢ ਦਿੱਤਾ ਗਿਆ ਅਤੇ ਜਦ ਆਪ ਕਾਰ ਵਿਚੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕੀਤੀ ਤਾਂ ਪਾਣੀ ਦੇ ਤੇਜ਼ ਵਹਾਅ ਕਾਰਨ ਨੌਜਵਾਨ ਕਰਨ ਕਾਰ ਸਮੇਤ ਪਾਣੀ ਵਿਚ ਰੁੜ ਗਿਆ, ਜਿਸ ਉਪਰੰਤ ਪਿੰਡ ਵਾਸੀਆਂ ਵੱਲੋਂ ਪ੍ਰਸ਼ਾਸਨ ਨੂੰ ਸੂਚਿਤ ਕੀਤਾ ਗਿਆ ਅਤੇ ਪ੍ਰਸ਼ਾਸਨ ਵੱਲੋਂ ਨਹਿਰ ਵਿਚ ਰੁੜੇ ਕਰਨ ਦੀ ਭਾਲ ਲਈ ਲਗਾਤਾਰ ਯਤਨ ਜਾਰੀ ਸਨ। ਇਸ ਉਪਰੰਤ ਅੱਜ ਗੋਤਾਖੋਰਾਂ ਦੀ ਮਦਦ ਨਾਲ ਕਰਨ ਦੀ ਲਾਸ਼ ਬੁੱਘੀਪੁਰਾ ਨਹਿਰ ਦੇ ਨਾਲ ਛੱਪੜ ਵਿਚੋਂ ਮਿਲੀ, ਜਿਸ ਦਾ ਪੋਸਟਮਾਰਟਮ ਅਤੇ ਹੋਰ ਕਾਰਵਾਈ ਅਮਲ ਵਿਚ ਲਿਆਉਣ ਉਪਰੰਤ ਪ੍ਰਸ਼ਾਸਨ ਵੱਲੋਂ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ, ਜਿਸ ਦਾ ਅੱਜ ਜ਼ੀਰਾ ਵਿਖੇ ਅੰਤਿਮ ਸੰਸਕਾਰ ਕੀਤਾ ਗਿਆ, ਜਿੱਥੇ ਹਲਕਾ ਵਿਧਾਇਕ ਨਰੇਸ਼ ਕਟਾਰੀਆ ਦੇ ਸਪੁੱਤਰ ਸ਼ੰਕਰ ਕਟਾਰੀਆ ਅਤੇ ਹੋਰ ਇਲਾਕਾ ਨਿਵਾਸੀਆਂ ਨੇ ਪਹੁੰਚ ਕੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

## ਬੁੱਢਾ ਦਲ ਦੇ ਮੁਖੀ ਬਾਬਾ ਸਾਹਿਬ ਸਿੰਘ ਕਲਾਧਾਰੀ ਦੀ ਬਰਸੀ ਸਬੰਧੀ ਸਮਾਗਮ

ਤਲਵੰਡੀ ਸਾਬੋ 30 ਜੁਲਾਈ: ਨਿਹੰਗ ਸਿੰਘਾਂ ਦੀ ਸਿਰਮੌਰ ਜਥੇਬੰਦੀ ਸ਼?ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਬੁੱਢਾ ਦਲ ਦੇ ਗਿਆਰਵੇਂ ਜਥੇਦਾਰ ਸਿੰਘ ਸਾਹਿਬ ਬਾਬਾ ਸਾਹਿਬ ਸਿੰਘ ਕਲਾਧਾਰੀ ਦੀ 83ਵੀਂ ਸਲਾਨਾ ਬਰਸੀ ਸਬੰਧੀ ਮੁਖ ਧਾਰਮਿਕ ਸਮਾਗਮ ਅੱਜ ਸ਼?ਰੋਮਣੀ ਸੇਵਾ ਰਤਨ, ਸ਼?ਰੋਮਣੀ ਪੰਥ ਰਤਨ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਸੁਯੋਗ ਅਗਵਾਈ ਨਿਰਦੇਸ਼ਨਾ ਤਹਿਤ, ਸ਼?ਰੋਮਣੀ ਪੰਥ ਬੁੱਢਾ ਦਲ ਦੇ ਮੁੱਖ ਅਸਥਾਨ ਗੁ: ਬੇਰ ਸਾਹਿਬ ਦੇਗਸਰ, ਛਾਉਣੀ ਨਿਹੰਗ ਸਿੰਘਾਂ ਵਿਖੇ ਪਰਸੋਂ ਰੋਜ਼ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰੰਭ ਹੋਏ ਸ੍ਰੀ ਆਖੰਡ ਪਾਠ ਸਾਹਿਬ ਦਾ ਭੋਗ ਪਵੇਗਾ। ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਉਪਰੰਤ ਧਾਰਮਿਕ ਸਮਾਗਮ ਹੋਣਗੇ ਜਿਸ ਵਿੱਚ ਸੰਪਰਦਾਵਾਂ ਸੰਸਥਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ ਦੇ ਆਗੂ ਸਾਹਿਬਾਨ ਸ਼ਮੂਲੀਅਤ ਕਰਨਗੇ। ਪੰਥ ਪ੍ਰਸਿੱਧ ਰਾਗੀ, ਢਾਡੀ, ਪ੍ਰਚਾਰਕ ਸਾਹਿਬਾਨ ਸੰਗਤਾਂ ਨੂੰ ਗੁਰਬਾਣੀ ਰਸ ਨਾਲ ਨਿਹਾਲ ਕਰਨਗੇ। ਬਾਬਾ ਮਨਮੋਹਣ ਸਿੰਘ ਬਾਰਨਵਾਲੇ, ਸੰਤ ਬਾਬਾ ਜੋਗਾ ਸਿੰਘ ਨਾਨਕਸਰ ਕਰਨਾਲ ਵਾਲੇ ਗੁਰਮਤਿ ਤੇ ਇਤਿਹਾਸਕ ਵਿਖਿਆਨਾ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਉਨਾਂ ਦੱਸਿਆ ਕਿ ਬੁੱਢਾ ਦਲ ਵੱਲੋਂ ਜਿੱਥੇ ਅੰਮ੍ਰਿਤ ਸੰਚਾਰ ਹੋਵੇਗਾ ਉੱਥੇ ਨਿਹੰਗ ਸਿੰਘਾਂ ਦੇ ਲਾਇਸੰਸ ਨਵੇਂ ਬਣਾਏ ਅਤੇ ਰਿਨੀਊ ਕੀਤੇ ਜਾਣਗੇ।

## ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾ:ਛੇਵੀਂ ਵਿਖੇ ਸਾਵਣ ਦਾ ਪਾਵਨ ਦਿਹਾੜਾ ਸਰਧਾ ਭਾਵਨਾ ਨਾਲ ਮਨਾਇਆ

ਅੰਮ੍ਰਿਤਸਰ 30 ਜੁਲਾਈ: ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼??ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੇ ਉਤਸ਼ਾਹ ਪ੍ਰੇਰਨਾ ਅਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ, ਗੁ: ਮੱਲ ਅਖਾੜਾ ਸਾਹਿਬ ਪਾਤਸ਼ਾਹੀ ਛੇਵੀਂ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਵਿਖੇ ਸਾਵਣ ਮਹੀਨੇ ਦਾ ਅੱਜ ਮੰਗਲਵਾਰ ਦਿਹਾੜਾ ਬੀਬੀ ਹਰਪ੍ਰੀਤ ਕੌਰ ਰਾਣੋ ਮੁਖੀ ਬਾਬਾ ਬੋਤਾ ਸਿੰਘ ਬਾਬਾ ਗਰਜਾ ਸਿੰਘ, ਬਾਬਾ ਫੂਲਾ ਸਿੰਘ ਸੁਖਮਨੀ ਸੇਵਾ ਸੁਸਾਇਟੀ ਦੀ ਅਗਵਾਈ ਵਿੱਚ ਵੱਖ-ਵੱਖ ਸੁਖਮਨੀ ਸੇਵਾ ਸੁਸਾਇਟੀਆਂ ਦੀਆਂ ਬੀਬੀਆਂ ਵੱਲੋਂ ਗੁਰਮਤਿ ਜੁਗਤਿ ਵਿੱਚ ਗੁਰਬਾਣੀ ਕੀਰਤਨ ਕਰਦਿਆਂ ਪੂਰਨ ਸਰਧਾ ਸਤਿਕਾਰ ਤੇ ਨਿਮਰ ਭਾਵਨਾ ਨਾਲ ਮਨਾਇਆ। ਗੁਰਬਾਣੀ ਦੇ ਸ਼ਬਦ ਭੈਣੇ ਸਾਵਨ ਆਇਆ, ਸ਼ਬਦ ਸਮੂਹਕ ਤੌਰ ਤੇ ਗੁਰੂ ਦੇ ਜਸ ਗਾਉਂਦਿਆਂ ਮਨਾਇਆ ਗਿਆ। ਇਸ ਮੌਕੇ ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਸਭਿਆਚਾਰਕ ਅਤੇ ਗੁਰਮਤਿ ਅਨੁਸਾਰ ਸਾਵਣ ਮਹੀਨੇ ਦੀ ਮਹੱਤਤਾ ਸੰਗਤਾਂ ਨਾਲ ਸਾਂਝੀ ਕੀਤੀ। ਇਹ ਮਹੀਨਾ ਹਰ ਨਗਰ ਵਿੱਚ ਇਸਤਰੀਆਂ ਵੱਲੋਂ ਵਿਸ਼ੇਸ਼ ਪੱਧਰ ਤੇ ਮਨਾਇਆ ਜਾਂਦਾ ਹੈ। ਜੋ ਹੁਣ ਅਧੁਨਿਕਤਾ ਦੀ ਮਾਰ ਹੇਠ ਹੋਲੀ ਹੋਲੀ ਅਲੋਪ ਹੁੰਦਾ ਜਾ ਰਿਹਾ ਹੈ।

## ਡੇਂਗੂ ਤੋਂ ਬਚਣ ਲਈ ਆਪਣੇ ਘਰਾਂ ਦੇ ਆਲੇ ਦੁਆਲੇ ਕੀਤੇ ਵੀ ਪਾਣੀ ਇਕੱਠਾ ਨਾ ਹੋਣ ਦਿਓ: ਸਿਵਲ ਸਰਜਨ ਡਾਕਟਰ ਕਿਰਨਦੀਪ ਕੌਰ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 30 ਜੁਲਾਈ। ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਸਿਹਤ ਮੰਤਰੀ ਪੰਜਾਬ ਡਾ ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਵਲ ਸਰਜਨ ਅੰਮ੍ਰਿਤਸਰ ਡਾ ਕਿਰਨਦੀਪ ਕੌਰ ਵੱਲੋਂ ਹਰ ਸ਼ੁਕਰਵਾਰ ਡੇਂਗੂ ਤੇ ਵਾਰ ਮੁਹਿੰਮ ਤਹਿਤ ਸ਼ਹਿਰ ਦੇ ਵੱਖ ਵੱਖ ਇਲਾਕਿਆਂ ਵਿੱਚ ਡੇਂਗੂ ਜਾਗਰੂਕਤਾ ਮੁਹਿੰਮ ਚਲਾਈ ਗਈ। ਇਸੇ ਮੁਹਿੰਮ ਤਹਿਤ ਕੰਪਨੀ ਬਾਗ ਵਿਖੇ ਸਥਿਤ ਕਲੱਬਾਂ ਵਿੱਚ ਅਤੇ ਅਜਾਇਬ ਘਰਾਂ ਦੇ ਨਜ਼ਦੀਕ ਸਾਰੇ ਇਲਾਕਿਆਂ ਵਿੱਚ ਐਂਟੀ ਲਾਰਵਾ ਗਤੀਵਿਧੀਆਂ ਕਰਵਾਈਆਂ ਗਈਆਂ ਅਤੇ ਆਮ ਨਾਗਰਿਕਾਂ ਨੂੰ ਡੇਂਗੂ ਚਿਕਨ ਗੁਣੀਆਂ ਪ੍ਰਤੀ ਜਾਗਰੂਕ ਕੀਤਾ ਗਿਆ। ਇਸ ਉਪਰੰਤ ਉਹਨਾਂ ਵੱਲੋਂ ਵੱਖ-ਵੱਖ ਥਾਵਾਂ ਦੀ ਜਾਂਚ ਕੀਤੀ ਗਈ ਅਤੇ ਡੇਂਗੂ ਤੇ ਚਿਕਨ ਗੁਣੀਆਂ ਦੇ ਲਾਰਵੇ ਦੀ ਭਾਲ ਕੀਤੀ ਗਈ ਅਤੇ ਮੌਕੇ ਤੇ ਮਿਲਿਆ ਲਾਰਵਾ ਨਸ਼ਟ ਕੀਤਾ ਗਿਆ। ਇਸ ਮੌਕੇ ਤੇ ਸਿਵਲ ਸਰਜਨ ਡਾ ਕਿਰਨਦੀਪ ਕੌਰ ਨੇ ਕਿਹਾ ਕਿ ਬਰਸਾਤ ਦੇ ਮੌਸਮ ਵਿਚ ਬਹੁਤ ਸਾਰੀਆਂ ਥਾਵਾਂ ਤੇ ਪਾਣੀ ਦਾ ਇੱਕਠਾ ਹੋਣਾਂ ਸੁਭਾਵਿਕ ਹੀ ਹੈ, ਪਰ ਇਸਦੇ ਨਾਲ ਹੀ ਜਿਥੇ ਪਾਣੀ ਇੱਕਠਾ ਹੋਵੇਗਾ ਉਥੇ ਮੱਛਰ ਦੀ ਪੈਦਾਵਾਰ ਵੀ ਹੋਵੇਗੀ, ਇਸ ਲਈ ਸਾਡੀ ਸਾਰਿਆਂ ਦੀ ਇਹ ਜਿੰਮੇਵਾਰੀ ਬਣਦੀ ਹੈ ਕਿ ਮੱਛਰ ਦੀ ਪੈਦਾਵਾਰ ਨੂੰ ਰੋਕਣ ਲਈ ਸਿਹਤ ਵਿਭਾਗ ਦਾ ਸਹਿਯੋਗ ਕਰੀਏ ਅਤੇ ਕਿਤੇ ਵੀ ਪਾਣੀ ਇੱਕਠਾ ਨਾਂ ਹੋਣ ਦਈਏ, ਕਿਉਂਕਿ ਡੇਂਗੂ ਤੋ ਬਚਣ ਲਈ ਸਭ ਤੋ ਜਿਆਦਾ ਜਰੂ?ਰੀ ਹੈ ਕਿ ਮੱਛਰ ਦੀ ਪੈਦਾਵਾਰ ਨੂੰ ਹੀ ਰੋਕਿਆ ਜਾਵੇ। ਇਸ ਦੇ ਨਾਲ ਹੀ ਪੂਰੀ ਬਾਹਵਾਂ ਤੇ ਕੱਪੜੇ ਪਹਿਨੇ ਜਾਣ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਆਦਿ ਦਾ ਇਸਤੇਮਾਲ ਵੀ ਸਾਨੂੰ ਡੇਂਗੂ ਤੋ ਬਚਾ ਸਕਦਾ ਹੈ। ਉਹਨਾਂ ਕਿਹਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਸ਼ਹਿਰ ਦੇ ਸਾਰੇ ਹੋਟ ਸਪੋਟ ਖੇਤਰਾਂ ਵਿੱਚ ਜਾ ਕੇ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ ਨਾਲ ਐਂਟੀ ਲਾਰਵਾ ਗਤੀਵਿਧੀਆਂ ਕਰ ਰਹੀਆਂ ਹਨ। ਇਸ ਸੰਬਧੀ ਹੋਰ ਜਾਣਕਾਰੀ ਦਿੰਦਿਆ ਜਿਲਾ? ਐਪੀਡਿਮੋਲੋਜਿਸਟ ਡਾ ਹਰਜੋਤ ਕੌਰ ਨੇ ਕਿਹਾ ਕਿ ਡੇਂਗੂ ਇੱਕ ਵਾਇਰਲ ਬੁਖਾਰ ਹੈ ਜੋ ਕਿ ਏਡੀਜ ਅਜਿਪਟੀ ਨਾਂ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਇਹ ਮੱਛਰ ਸਾਫ ਪਾਣੀ ਵਿੱਚ ਅੰਡੇ ਦਿੰਦਾ ਹੈ ਜੋ ਕਿ ਇੱਕ ਹਫਤੇ ਦੇ ਦੌਰਾਨ ਅੰਡੇ ਤੋਂ ਲਾਰਵਾ ਅਤੇ ਲਾਰਵੇ ਤੋਂ ਅਡਲਟ ਮੱਛਰ ਬਣ ਜਾਂਦਾ ਹੈ। ਇਸ ਲਈ ਹਫਤੇ ਦੇ ਹਰੇਕ ਸ਼ੁਕਰਵਾਰ ਡੇਂਗੂ ਦੇ ਵਾਰ ਮੁਹਿੰਮ ਚਲਾਈ ਜਾ ਰਹੀ ਹੈ ਤਾਂ ਜੋ ਮੱਛਰ ਦਾ ਲਾਈਵ ਸਾਈਕਲ ਤੋੜਿਆ ਜਾ ਸਕੇ ਅਤੇ ਲਾਰਵਾ ਸਟੇਜ ਤੇ ਹੀ ਉਸਨੂੰ ਖਤਮ ਕੀਤਾ ਜਾ ਸਕੇ। ਇਸ ਮੌਕੇ ਤੇ ਜਿਲਾ ਐਮ.ਈ.ਆਈ.ਓ. ਅਮਰਦੀਪ ਸਿੰਘ ਨੇ ਆਮ ਲੋਕਾਂ ਨੂੰ ਜਾਗਰੂਕ ਕਰਦਿਆਂ ਹੋਇਆਂ ਦੱਸਿਆ ਕਿ ਡੇਂਗੂ ਦੇ ਆਮ ਲੱਛਣ ਤੇਜ ਸਿਰ-ਦਰਦ ਅਤੇ ਤੇਜ ਬੁਖਾਰ, ਮਾਸ ਪੇਸ਼ੀਆ ਅਤੇ ਜੋੜਾਂ ਦਾ ਦਰਦ, ਅੱਖਾਂ ਦੇ ਪਿਛਲੇ ਹਿੱਸੇ ਦਰਦ, ਉਲਟੀਆਂ, ਨੱਕ-ਮੂੰਹ ਅਤੇ ਮਸੂੜਿਆਂ ਵਿੱਚੋ ਖੂਨ ਵਗਣਾ ਆਦੀ ਹੈ। ਇਸ ਲਈ ਡੇਂਗੂ ਬੁਖਾਰ ਦੇ ਸ਼ੱਕ ਹੋਣ ਦੀ ਸੂਰਤ ਵਿੱਚ ਤੁਰੰਤ ਸਰਕਾਰੀ ਹਸਪਤਾਲ ਤੋ ਫਰੀ ਚੈਕਅੱਪ ਅਤੇ ਇਲਾਜ ਕਰਵਾਉਣਾ ਚਾਹੀਦਾ ਹੈ। ਇਸ ਮੋਕੇ ਤੇ ਐਸ ਆਈ ਸੁਖਦੇਵ ਸਿੰਘ, ਬਲਵਿੰਦਰ ਸਿੰਘ, ਹਰਵਿੰਦਰ ਸਿੰਘ, ਹਰਮੀਤ ਸਿੰਘ, ਕੁਲਦੀਪ ਸਿੰਘ, ਗੁਰਪਾਲ ਸਿੰਘ, ਰਸਪਾਲ ਸਿੰਘ ਸਮੇਤ ਸਮੂਹ ਆਸ਼ਾ ਵਰਕਰਾਂ ਅਤੇ ਸਰਕਾਰੀ ਨਰਸਿੰਗ ਕਾਲਜ ਦੇ ਵਿਦਿਆਰਥੀਆਂ ਸ਼ਾਮਲ ਹੋਏ।

## ਸ਼ਰਾਬ ਦੇ ਨਸ਼ੇ 'ਚ ਵਿਅਕਤੀ ਨੇ ਚਾਕੂ ਨਾਲ ਹਮਲਾ ਕਰ 2 ਦੋਸਤਾਂ ਦਾ ਕੀਤਾ ਕਤਲ

ਮੁਰਾਦਾਬਾਦ 30 ਜੁਲਾਈ। ਉੱਤਰ ਪ੍ਰਦੇਸ਼ ਦੇ ਮੁਰਾਦਾਬਾਦ ਜ਼ਿਲ੍ਹੇ 'ਚ ਸ਼ੁੱਕਰਵਾਰ ਦੇਰ ਰਾਤ ਸ਼ਰਾਬ ਦੇ ਨਸ਼ੇ 'ਚ ਇਕ ਵਿਅਕਤੀ ਨੇ ਚਾਕੂ ਨਾਲ ਹਮਲਾ ਕਰ ਕੇ 2 ਦੋਸਤਾਂ ਦਾ ਕਤਲ ਕਰ ਦਿੱਤਾ। ਪੁਲਸ ਦੇ ਇਕ ਅਧਿਕਾਰੀ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਇਹ ਘਟਨਾ ਗੁਲਾਬ ਬਾੜੀ ਚੁੰਗੀ 'ਚ ਇਕ ਸ਼ਰਾਬ ਦੀ ਦੁਕਾਨ ਕੋਲ ਉਸ ਸਮੇਂ ਵਾਪਰੀ, ਜਦੋਂ ਤਿੰਨੋਂ ਦੋਸਤ ਇਕੱਠੇ ਸ਼ਰਾਬ ਪੀ ਰਹੇ ਸਨ। ਪੁਲਸ ਅਨੁਸਾਰ ਦੋਸ਼ੀ ਸ਼ਰੀਕ ਨੇ ਕੰਮ ਨੂੰ ਲੈ ਕੇ ਭੁਗਤਾਨ 'ਤੇ ਕਹਾਸੁਣੀ ਤੋਂ ਬਾਅਦ ਸ਼ਾਹਨਵਾਜ਼ ਉਰਫ਼ ਬੱਬਲੂ (35) ਅਤੇ ਜੁਨੈਦ (30) 'ਤੇ ਚਾਕੂ ਨਾਲ ਹਮਲਾ ਕਰ ਦਿੱਤਾ। ਪੁਲਸ ਨੇ ਦੱਸਿਆ ਕਿ ਹਮਲੇ 'ਚ ਜ਼ਖ਼ਮੀ ਦੋਵੇਂ ਵਿਅਕਤੀ ਸੜਕ ਕਿਨਾਰੇ ਕਰੀਬ ਇਕ ਘੰਟੇ ਤੱਕ ਖੂਨ ਨਾਲ ਲੱਥਪੱਥ ਪਏ ਰਹੇ। ਪੁਲਸ ਅਨੁਸਾਰ, ਸ਼ਾਹਨਵਾਜ਼ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਜੁਨੈਦ ਨੇ ਹਸਪਤਾਲ 'ਚ ਇਲਾਜ ਦੌਰਾਨ ਦਮ ਤੋੜ ਦਿੱਤਾ। ਕਟਘਰ ਥਾਣਾ ਪੁਲਸ ਇੰਸਪੈਕਟਰ ਸੰਜੇ ਸਿੰਘ ਨੇ ਦੱਸਿਆ ਕਿ ਤਿੰਨੋਂ ਸਾਥੀ ਆਇਰਨ ਸ਼ੀਟ ਕੱਟਣ ਦਾ ਕੰਮ ਕਰਦੇ ਸਨ ਅਤੇ ਸ਼ਰੀਕ ਨੇ ਸ਼ਾਹਨਵਾਜ਼ ਅਤੇ ਜੁਨੈਦ ਨੂੰ ਠੇਕੇ 'ਤੇ ਕੰਮ ਦਿੱਤਾ ਸੀ। ਉਨ੍ਹਾਂ ਨੇ ਸ਼ਾਹਨਵਾਜ਼ ਦੇ ਭਰਾ ਫਈਮ ਕੁਰੈਸ਼ੀ ਦੇ ਹਵਾਲੇ ਤੋਂ ਦੱਸਿਆ ਕਿ ਸ਼ਰੀਕ ਨੇ ਦਿੱਲੀ 'ਚ ਠੇਕੇਦਾਰੀ 'ਤੇ ਇਕ ਕੰਮ ਲਿਆ ਸੀ ਅਤੇ ਸ਼ਾਹਨਵਾਜ਼ ਨੂੰ ਕੰਮ ਲਈ ਭੇਜਿਆ ਸੀ ਪਰ ਬਾਅਦ 'ਚ ਉਸ ਨੇ ਸ਼ਾਹਨਵਾਜ਼ ਨੂੰ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾ। ਅਧਿਕਾਰੀ ਨੇ ਦੱਸਿਆ ਕਿ ਸ਼ਾਹਨਵਾਜ਼ ਵਾਪਸ ਮੁਰਾਦਾਬਾਦ ਆ ਗਿਆ ਅਤੇ ਉਸ ਦਾ ਸ਼ਰੀਕ ਨਾਲ ਝਗੜਾ ਹੋ ਗਿਆ। ਉਨ੍ਹਾਂ ਦੱਸਿਆ ਕਿ ਕਤਲ ਦੇ ਬਾਅਦ ਤੋਂ ਦੋਸ਼ੀ ਫਰਾਰ ਹੈ ਅਤੇ ਉਸ ਨੂੰ ਫੜਣ ਲਈ ਤਿੰਨ ਵੱਖ-ਵੱਖ ਟੀਮਾਂ ਦਾ ਗਠਨ ਕੀਤਾ ਗਿਆ ਹੈ।

## ਵਿਧਾਇਕ ਡਾ. ਅਜੇ ਗੁਪਤਾ ਅਤੇ ਕਾਰਪੋਰੇਸ਼ਨ ਕਮਿਸ਼ਨਰ ਨੇ ਅਧਿਕਾਰੀਆਂ ਨਾਲ ਅਨੰਗੜ ਇਲਾਕੇ ਦਾ ਦੌਰਾ ਕੀਤਾ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 30 ਜੁਲਾਈ। ਕੇਂਦਰੀ ਵਿਧਾਨ ਸਭਾ ਹਲਕੇ ਦੇ ਵਿਧਾਇਕ ਡਾ. ਅਜੇ ਗੁਪਤਾ ਨੇ ਅੱਜ ਨਗਰ ਨਿਗਮ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਅਤੇ ਨਗਰ ਨਿਗਮ ਅਧਿਕਾਰੀਆਂ ਨਾਲ ਅਨੰਗੜ ਇਲਾਕੇ ਦਾ ਦੌਰਾ ਕੀਤਾ। ਇਸ ਇਲਾਕੇ ਦੇ ਲੋਕਾਂ ਨੂੰ ਦਰਪੇਸ਼ ਮੁੱਖ ਸਮੱਸਿਆ ਇਹ ਹੈ ਕਿ ਇਲਾਕੇ ਵਿੱਚ ਡਿੱਗ ਰਹੇ ਗੰਦੇ ਨਾਲੇ ਦੇ ਅੰਦਰ ਕੂੜੇ ਦੇ ਢੇਰ ਹਨ। ਇਸ ਤੋਂ ਇਲਾਵਾ, ਨਾਲੇ ਦੇ ਉੱਪਰ ਵਾਲੀ ਪੁਲੀ ਖਸਤਾ ਹਾਲਤ ਵਿੱਚ ਹੈ। ਨਾਲੇ ਦੇ ਕਿਨਾਰੇ ਦੀਆਂ ਕੰਧਾਂ ਵੀ ਪੂਰੀ ਤਰ੍ਹਾਂ ਟੁੱਟ ਗਈਆਂ ਹਨ। ਜਿਸ ਕਾਰਨ ਜਾਨਵਰ ਨਾਲੇ ਦੇ ਅੰਦਰ ਡਿੱਗਦੇ ਹਨ। ਵਿਧਾਇਕ ਡਾ. ਅਜੇ ਗੁਪਤਾ ਨੇ ਨਗਰ ਨਿਗਮ ਕਮਿਸ਼ਨਰ ਨੂੰ ਨਾਲੇ ਦੀ ਸਫਾਈ, ਪੁਲੀ ਬਣਾਉਣ ਅਤੇ ਨਾਲੇ ਦੇ ਕਿਨਾਰੇ ਕੰਧਾਂ ਬਣਾਉਣ ਲਈ ਕਿਹਾ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਆਜ਼ਾਦੀ ਮਿਲੇ 75 ਸਾਲ ਬੀਤ ਚੁੱਕੇ ਹਨ ਪਰ ਅਨੰਗੜ ਇਲਾਕੇ ਵਿੱਚ ਅਜੇ ਤੱਕ ਫੁੱਟਪਾਥ ਵੀ ਨਹੀਂ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਫੁੱਟਪਾਥ ਦੀ ਉਸਾਰੀ ਲਈ ਐਸਟੀਮੈਟ ਤਿਆਰ ਕੀਤਾ ਜਾਵੇ ਅਤੇ ਟੈਂਡਰਿੰਗ ਪ੍ਰਕਿਰਿਆ ਪੂਰੀ ਕੀਤੀ ਜਾਵੇ ਅਤੇ ਆਉਣ ਵਾਲੇ ਦਿਨਾਂ ਵਿੱਚ ਉਸਾਰੀ ਸ਼ੁਰੂ ਕੀਤੀ ਜਾਵੇ। ਇਸ ਇਲਾਕੇ ਵਿੱਚ ਸਟਰੀਟ ਲਾਈਟਾਂ ਦੀ ਵੀ ਵੱਡੀ ਘਾਟ ਸੀ। ਵਿਧਾਇਕ ਡਾ. ਗੁਪਤਾ ਨੇ ਮੌਕੇ 'ਤੇ ਦੋ ਦਰਜਨ ਤੋਂ ਵੱਧ ਐਲਈਡੀ ਸਟਰੀਟ ਲਾਈਟਾਂ ਜਾਰੀ ਕੀਤੀਆਂ ਅਤੇ ਸਟਰੀਟ ਲਾਈਟ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਇਸ ਇਲਾਕੇ ਵਿੱਚ ਜਲਦੀ ਹੀ ਸਟਰੀਟ ਲਾਈਟਾਂ ਲਗਾਈਆਂ ਜਾਣ ਅਤੇ ਸ਼ੁਰੂ ਕੀਤੀਆਂ ਜਾਣ। ਵਿਧਾਇਕ ਡਾ. ਗੁਪਤਾ ਨੇ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਾਲੇ ਦੇ ਅੰਦਰ ਕੂੜਾ ਨਾ ਸੁੱਟਣ। ਕੂੜਾ ਸਿਰਫ਼ ਨਗਰ ਨਿਗਮ ਦੇ ਕੂੜਾ ਚੁੱਕਣ ਵਾਲੇ ਵਾਹਨਾਂ ਨੂੰ ਹੀ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਲੋਕਾਂ ਦੀ ਸਰਕਾਰ ਹੈ। ਉਨ੍ਹਾਂ ਕਿਹਾ ਕਿ ਜਦੋਂ ਵੀ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅੱਗੇ ਕੇਂਦਰੀ ਵਿਧਾਨ ਸਭਾ ਹਲਕੇ ਦੇ ਵਿਕਾਸ ਲਈ ਕੋਈ ਮੰਗ ਕੀਤੀ ਜਾਂਦੀ ਹੈ ਤਾਂ ਉਹ ਪੂਰੀ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਉਹ ਲੋਕਾਂ ਨੂੰ ਸਾਰੀਆਂ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਉਹ ਖੁਦ ਅਧਿਕਾਰੀਆਂ ਦੇ ਨਾਲ-ਨਾਲ ਲੋਕਾਂ ਵਿੱਚ ਜਾ ਰਹੇ ਹਨ ਅਤੇ ਲੋਕਾਂ ਦੀਆਂ ਸਮੱਸਿਆਵਾਂ ਸੁਣ ਰਹੇ ਹਨ ਅਤੇ ਉਨ੍ਹਾਂ ਦਾ ਹੱਲ ਲੱਭ ਰਹੇ ਹਨ। ਇਸ ਮੌਕੇ ਨਗਰ ਨਿਗਮ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਕਿਹਾ ਕਿ ਵਿਧਾਇਕ ਡਾ. ਅਜੇ ਗੁਪਤਾ ਜੀ ਵੱਲੋਂ ਜੋ ਵੀ ਸਮੱਸਿਆਵਾਂ ਦੱਸੀਆਂ ਗਈਆਂ ਹਨ, ਉਨ੍ਹਾਂ ਨੂੰ ਆਉਣ ਵਾਲੇ ਦਿਨਾਂ ਵਿੱਚ ਹਰ ਹਾਲਤ ਵਿੱਚ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਾਲਿਆਂ ਦੀ ਸਫਾਈ, ਪੁਲੀਆਂ ਦੀ ਉਸਾਰੀ, ਸਟਰੀਟ ਲਾਈਟਾਂ ਲਗਾਉਣ ਅਤੇ ਹੋਰ ਕੰਮਾਂ ਸਬੰਧੀ ਨਿਗਮ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਜੇਕਰ ਨਾਲੇ ਦੀ ਸਫਾਈ ਲਈ ਕਿਸੇ ਹੋਰ ਵਿਭਾਗ ਦੀ ਲੋੜ ਹੈ ਤਾਂ ਉਸ ਵਿਭਾਗ ਨਾਲ ਵੀ ਪੂਰੇ ਤਾਲਮੇਲ ਨਾਲ ਕੰਮ ਕੀਤਾ ਜਾਵੇਗਾ। ਇਸ ਮੌਕੇ ਨਗਰ ਨਿਗਮ ਸੁਪਰਡੈਂਟ ਇੰਜੀਨੀਅਰ ਸੰਦੀਪ ਸਿੰਘ, ਨਿਗਮ ਸਿਹਤ ਅਧਿਕਾਰੀ ਡਾ. ਕਿਰਨ ਕੁਮਾਰ, ਕੌਂਸਲਰ ਵਿੱਕੀ ਦੱਤਾ, ਕੌਂਸਲਰ ਜਰਨੈਲ ਸਿੰਘ ਢੋਟ, ਅਸ਼ੋਕ ਲੱਧੜ, ਵਿਸ਼ਾਲ ਗਿੱਲ, ਸੁਖਵਿੰਦਰ ਸਿੰਘ, ਲਖਬੀਰ ਸਿੰਘ ਫੌਜੀ, ਬਲਦੇਵ ਸਿੰਘ, ਸੰਜੀਵ ਬੱਬਰ, ਨਿਸ਼ਾਨ ਸਿੰਘ, ਹਰਜੀਤ ਮੂਲੇਚੱਕ, ਸੁਦੇਸ਼ ਕੁਮਾਰ, ਰੋਮਪੀ, ਵਿੱਕੀ ਕੁਮਾਰ, ਗੁਰਦਾਸ ਜੀ, ਇਲਾਕੇ ਦੇ ਵੱਡੀ ਗਿਣਤੀ ਵਿੱਚ ਲੋਕ ਅਤੇ ਨਗਰ ਨਿਗਮ ਅਧਿਕਾਰੀ ਮੌਜੂਦ ਸਨ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਡਾ. ਸੁਮਿਤਾ ਮਿਸ਼ਰਾ, ਵਧੀਕ ਮੁੱਖ ਸਕੱਤਰ, ਗ੍ਰਹਿ ਨੇ ਸੀਈਟੀ ਪ੍ਰੀਖਿਆ ਦੀ ਤਿਆਰੀਆਂ ਦੀ ਉੱਚ ਪੱਧਰੀ ਸਮੀਖਿਆ ਕੀਤੀ

ਕੌਮੀ ਪੱਤ੍ਰਿਕਾ

ਚੰਡੀਗੜ੍ਹ, 30 ਜੁਲਾਈ। ਗ੍ਰਹਿ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ ਨੇ 26-30 ਜੁਲਾਈ, 2025 ਨੂੰ ਹੋਣ ਵਾਲੀ ਸੀਈਟੀ ਪੀ੍ਰਖਿਆ ਲਈ ਪੰਚਕੂਲਾ ਜ਼ਿਲ੍ਹਾ ਪ੍ਰਸ਼ਾਸਨ ਦੀ ਤਿਆਰੀਆਂ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸ਼ਨ ਅਤੇ ਪੁਲਿਸ ਨੂੰ ਨਿਰਦੇਸ਼ ਜਾਰੀ ਕੀਤੇ ਅਤੇ ਲਾਪ੍ਰਵਾਹੀ ਦੇ ਪ੍ਰਤੀ ਜੀਰੋ-ਟੋਲਰੇਂਸ ਦੀ ਨੀਤੀ 'ਤੇ ਜੋਰ ਦਿੱਤਾ। ਡਾ. ਮਿਸ਼ਰਾ ਨੇ ਪੁਲਿਸ ਨੂੰ ਸਖ਼ਤ ਨਿਗਰਾਨੀ ਰੱਖਣ ਅਤੇ ਉਮੀਦਵਾਰਾਂ ਅਤੇ ਉਨ੍ਹਾਂ ਦੇ ਮਾਪਿਆਂ ਦੇ ਪ੍ਰਤੀ ਨਿਮਰਤਾ ਨਾਲ ਵਿਹਾਰ ਕਰਨ ਦਾ ਨਿਰਦੇਸ਼ ਦਿੱਤਾ। ਸਾਰੇ ਉਮੀਦਵਾਰਾਂ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਉਨ੍ਹਾਂ ਨੇ ਪ੍ਰੀਖਿਆ ਕੇਂਦਰਾਂ 'ਤੇ ਸਮੇਂ ਤੋਂ ਪਹਿਲਾਂ ਪਹੁੰਚਣ ਦੀ ਅਪੀਲ ਕੀਤੀ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਕਿਸੇ ਵੀ ਉਮੀਦਵਾਰ ਨੂੰ ਮੁਸ਼ਕਲ ਹੋਣ 'ਤੇ ਉਹ ਸਹਾਇਤਾ ਲਈ ਨੇੜੇ ਪੁਲਿਸ ਕਰਮਚਾਰੀ ਨਾਲ ਸੰਪਰਕ ਕਰ ਸਕਦੇ ਹਨ। ਪੁਲਿਸ ਨੂੰ ਨਿਰਦੇਸ਼ ਦਿੱਤੇ ਗਏ ਕਿ ਉਮੀਦਵਾਰ ਨੂੰ ਕਿਸੇ ਵੀ ਤਰ੍ਹਾਂ ਦੀ ਰੁਕਾਵਟ ਆਉਣ 'ਤੇ ਉਸ ਨੂੰ ਪ੍ਰੀਖਿਆ ਕੇਂਦਰ ਤੱਕ ਪਹੁੰਚਾਉਣ। ਉਮੀਦਵਾਰਾਂ ਦੀ ਸਹੂਲਤ ਲਈ ਬੱਸ ਅੱਡੇ ਅਤੇ ਹੋਰ ਪ੍ਰਮੁੱਖ ਥਾਵਾਂ 'ਤੇ ਹੈਲਪਡੈਸਕ ਸਥਾਪਿਤ ਕਰਨ ਦੇ ਵੀ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਉਮੀਦਵਾਰਾਂ ਅਤੇ ਮਾਪਿਆਂ ਤੋਂ ਸੋਸ਼ਲ ਮੀਡੀਆ 'ਤੇ ਪ੍ਰਸਾਰਿਤ ਹੋ ਰਹੇ ਫਰਜੀ ਸੰਦੇਸ਼ਾਂ, ਪੱਤਰਾਂ ਜਾਂ ਅਫਵਾਹਾਂ 'ਤੇ ਧਿਆਨ ਨਾ ਦੇਣ ਦੀ ਵੀ ਅਪੀਲ ਕੀਤੀ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਕਰਮਚਾਰੀ ਚੋਣ ਕਮਿਸ਼ਨ, ਪੁਲਿਸ ਜਾਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਾਰੀ ਅਧਿਕਾਰਕ ਨਿਰਦੇਸ਼ਾਂ ਦਾ ਹੀ ਪਾਲਣ ਕਰਨ। ਗਲਤ ਸੂਚਨਾ ਫੈਲਾਉਣ ਜਾਂ ਜਾਲੀ ਦਸਤਾਵੇਜ਼? ਸਾਂਝਾ ਕਰਨ ਦੇ ਕਿਸੇ ਵੀ ਯਤਨ 'ਤੇ ਤੁਰੰਤ ਪੁਲਿਸ ਕਾਰਵਾਈ ਕੀਤੀ ਜਾਵੇਗੀ। ਮੀਟਿੰਗ ਵਿੱਚ ਪੰਚਕੂਲਾ ਦੀ ਡਿਪਟੀ ਕਮਿਸ਼ਨਰ ਸ੍ਰੀਮਤੀ ਮੋਨਿਕਾ ਗੁਪਤਾ ਨੇ ਦਸਿਆ ਕਿ ਪੰਚਕੂਲਾ ਜ਼ਿਲ੍ਹਾ ਸੀਈਟੀ 2025 ਦੀ ਮੇਜ਼ਬਾਨੀ ਲਈ ਪੂਰੀ ਤਰ੍ਹਾ ਤਿਆਰ ਹੈ। ਪੰਚਕੂਲਾ, ਸੈਕਟਰ-5 ਬੱਸ ਅੱਡੇ ਤੋਂ ਉਮੀਦਵਾਰਾਂ ਨੂੰ ਉਨ੍ਹਾਂ ਦੇ ਪ੍ਰੀਖਿਆ ਕੇਂਦਰ ਤੱਕ ਪਹੁੰਚਾਉਣ ਲਈ 108 ਤੋਂ ਵੱਧ ਬੱਸਾਂ ਤੈਨਾਤ ਕੀਤੀਆਂ ਗਈਆਂ ਹਨ। ਪ੍ਰੀਖਿਆ ਪ੍ਰੋਗਰਾਮ ਅਨੁਸਾਰ, ਕਾਲਕਾ, ਮੋਰਨੀ, ਬਰਵਾਲਾ ਅਤੇ ਰਾਏਪੁਰਰਾਨੀ ਤੋਂ ਦੋ ਪਾਲੀਆਂ ਵਿੱਚ ਵਿਸ਼ੇਸ਼ ਬੱਸਾਂ ਵੀ ਰਵਾਨਾ ਹੋਣਗੀਆਂ। ਉਨ੍ਹਾਂ ਨੇ ਦਸਿਆ ਕਿ ਪ੍ਰੀਖਿਆ ਕੇਂਦਰਾਂ ਦੇ ਅੰਦਰ ਨਾ ਸਿਰਫ ਉਮੀਦਵਾਰਾਂ ਲਈ ਸਗੋ ਡਿਊਟੀ 'ਤੇ ਤੈਨਾਤ ਕਰਮਚਾਰੀਆਂ ਲਈ ਵੀ ਮੋਬਾਇਲ ਫੋਨ ਪੂਰੀ ਪਾਬੰਦੀ ਹੈ। ਸਾਰੇ ਪ੍ਰੀਖਿਆ ਕੇਂਦਰਾਂ ਦੇ ਨੇੜੇ ਭਾਰਤੀ ਨਿਆਂ ਸੰਹਿਤਾ ਦੀ ਧਾਰਾ 163 ਲਾਗੂ ਰਹੇਗੀ। ਨਕਲ ਦੀ ਸੰਭਾਵਨਾ 'ਤੇ ਰੋਕ ਲਗਾਉਣ ਲਈ ਕੋਚਿੰਗ ਸੈਂਟਰ ਅਤੇ ਫੋਟੋਕਾਪੀ ਦੀ ਦੁਕਾਨਾਂ ਦੋਨੋਂ ਦਿਨ ਬੰਦ ਰਹਿਣਗੀਆਂ। ਮੀਟਿੰਗ ਦੌਰਾਨ, ਪੁਲਿਸ ਡਿਪਟੀ ਕਮਿਸ਼ਨਰ, ਸੁਸ੍ਰੀ ਸ੍ਰਿਸ਼ਟੀ ਗੁਪਤਾ ਨੇ ਦਸਿਆ ਕਿ ਪੰਚਕੂਲਾ ਦੇ 44 ਪ੍ਰੀਖਿਆ ਕੇਂਦਰਾਂ 'ਤੇ 550 ਪੁਲਿਸਕਰਮਚਾਰੀ ਤੈਨਾਤ ਕੀਤੇ ਜਾਣਗੇ ਅਤੇ ਕਿਸੇ ਵੀ ਸ਼ੱਕੀ ਗਤੀਵਿਧੀ 'ਤੇ ਨਜਰ ਰੱਖਣ ਲਈ ਦੂਰਬੀਨ ਵੱਲੋਂ ਛੱਤਾਂ ਤੋਂ ਨਿਗਰਾਨੀ ਰੱਖੀ ਜਾਵੇਗੀ। ਭੀੜਭਾੜ ਤੋਂ ਬੱਚਣ ਲਈ ਵਿਸ਼ੇਸ਼ ਆਵਾਜਾਈ ਪ੍ਰਬੰਧਨ ਯੋਜਨਾਵਾਂ ਲਾਗੂ ਕੀਤੀਆਂ ਗਈਆਂ ਹਨ। ਉਨ੍ਹਾਂ ਨੇ ਕਿਹਾ ਕਿ ਪ੍ਰੀਖਿਆ ਕੇਂਦਰਾਂ ਦੇ 500 ਮੀਟਰ ਦੇ ਘੇਰੇ ਵਿੱਚ ਕਿਸੇ ਵੀ ਨਿਜੀ ਵਾਹਨ ਨੂੰ ਪ੍ਰਵੇਸ਼ ਦੀ ਮੰਜੂਰੀ ਨਹੀਂ ਹੋਵੇਗੀ। ਗਲਤ ਪਾਰਕਿੰਗ ਨਾਲ ਸਖਤੀ ਨਾਲ ਨਿਪਟਿਆ ਜਾਵੇਗਾ ਅਤੇ ਉਲੰਘਣ ਕਰਨ ਵਾਲਿਆਂ 'ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਡੀਸੀਪੀ ਗੁਪਤਾ ਨੇ ਕਿਹਾ ਕਿ ਈਆਰਵੀ (ਐਮਰਜੈਂਸੀ ਪ੍ਰਕ੍ਰਿਆ ਵਾਹਨ) ਅਤੇ ਪੀਸੀਆਰ (ਪੁਲਿਸ ਕੰਟਰੋਲ ਰੂਮ) ਵੈਨ ਰਾਹੀਂ ਲਾਊਡਸਪੀਕਰ ਨਾਲ ਐਲਾਨ ਵਿਦਿਆਰਥੀਆਂ ਅਤੇ ਜਨਤਾ ਨੂੰ ਮਾਰਗਦਰਸ਼ਨ ਪ੍ਰਦਾਨ ਕਰੇਗੀ। ਸਾਰੇ ਪੁਲਿਸ ਇਕਾਈਆਂ ਨੂੰ ਹਾਈ ਅਲਰਟ 'ਤੇ ਰਹਿਣ ਅਤੇ ਕਿਸੇ ਵੀ ਤਰ੍ਹਾ ਦੀ ਗੜਬੜੀ ਜਾਂ ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਦੇ ਖਿਲਾਫ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤਾ ਗਿਆ ਹੈ।

## ਭਾਜਪਾ ਦੇ ਐਮ.ਪੀ. ਸਤਨਾਮ ਸਿੰਘ ਸੰਧੂ ਵੱਲੋਂ ਅਪ੍ਰੇਸ਼ਨ ਸੰਦੂਰ ਤੇ ਬੋਲਦਿਆਂ ਗੁਰੂ ਸਾਹਿਬਾਨਾਂ ਦੀ ਉਦਾਹਰਨ ਦੇਣਾ ਅਤਿ ਨਿੰਦਣਯੋਗ

ਲੌਂਗੋਵਾਲ, 30 ਜੁਲਾਈ। ਪੰਥਕ ਆਗੂ ਭਾਈ ਅੰਮ੍ਰਿਤਪਾਲ ਸਿੰਘ ਸਿੱਧੂ ਲੌਂਗੋਵਾਲ ਨੇ ਲਿਖਤੀ ਪ੍ਰੈਸ ਨੋਟ ਜਾਰੀ ਕਰਦੇ ਹੋਏ ਕਿਹਾ ਕਿ ਅੱਜ ਰਾਜ ਸਭਾ ਦੇ ਚੱਲ ਰਹੇ ਸੈਸ਼ਨ ਦੌਰਾਨ ਇਹ ਦੇਖਣ ਨੂੰ ਮਿਲਿਆ ਕਿ ਭਾਰਤੀ ਜਨਤਾ ਪਾਰਟੀ ਦੇ ਰਾਜਸਭਾ ਮੈਂਬਰ ਸਤਨਾਮ ਸਿੰਘ ਸੰਧੂ ਆਪਰੇਸ਼ਨ ਸੰਧੂਰ ਤੇ ਬੋਲ ਰਹੇ ਸਨ ਜਿਨਾਂ ਨੇ ਬੋਲਦਿਆਂ ਗੁਰੂ ਸਾਹਿਬਾਨਾਂ ਦੀ ਉਦਾਹਰਨ ਦੇਣ ਦੀ ਕੋਸ਼ਿਸ਼ ਕੀਤੀ ਉਹਨਾਂ ਨੇ ਕਿਹਾ ਕਿ ਜਦੋਂ ਸਿੱਖ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਲਈ ਲਿਆਂਦਾ ਗਿਆ ਉਸ ਸਮੇਂ ਉਹਨਾਂ ਨਾਲ ਭਾਈ ਮਨੀ ਦਾਸ ਜੀ ਨੂੰ ਸਿਰ ਤੇ ਆਰਾ ਚਲਾ ਕੇ ਸ਼ਹੀਦ ਕੀਤਾ ਗਿਆ। ਜੋ ਕਿ ਬਹੁਤ ਹੀ ਨਿੰਦਣਯੋਗ ਹੈ ਕਿ ਸਤਨਾਮ ਸਿੰਘ ਸੰਧੂ ਵੱਲੋਂ ਸ਼ਹੀਦ ਭਾਈ ਮਤੀ ਦਾਸ ਜੀ ਨੂੰ ਮਨੀ ਦਾਸ ਕਹਿ ਕੇ ਸੰਸਦ ਵਿੱਚ ਸੰਬੋਧਨ ਕੀਤਾ ਗਿਆ । ਜਿਸ ਨਾਲ ਸਿੱਖ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚੀ ਹੈ ਜੇਕਰ ਕਿਸੇ ਵਿਅਕਤੀ ਨੂੰ ਸਿੱਖ ਇਤਿਹਾਸ ਬਾਰੇ ਜਾਣਕਾਰੀ ਨਾ ਹੋਵੇ ਤਾਂ ਉਸ ਨੂੰ ਸਿੱਖ ਇਤਿਹਾਸ ਬਾਰੇ ਬੋਲਣ ਤੋ ਗਰੇਜ ਕਰਨਾ ਚਾਹੀਦਾ ਹੈ ਇਸ ਤੋਂ ਹੋਰ ਵੀ ਜਿਆਦਾ ਨਿੰਦਣਯੋਗ ਗੱਲ ਇਹ ਹੈ ਕਿ ਉਸਨੇ ਆਪਰੇਸ਼ਨ ਸੰਦੂਰ ਨੂੰ ਸਿੱਖ ਗੁਰੂ ਸਾਹਿਬਾਨਾਂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਜੋ ਕਿਸੇ ਵੀ ਤਰੀਕੇ ਤੋਂ ਸਹੀ ਨਹੀਂ ਹੈ ਇਸ ਲਈ ਸਤਨਾਮ ਸਿੰਘ ਸੰਧੂ ਨੂੰ ਬਿਨਾਂ ਕਿਸੇ ਦੇਰੀ ਤੋਂ ਸਿੱਖ ਸੰਗਤ ਕੋਲੋਂ ਮਾਫੀ ਮੰਗਣੀ ਚਾਹੀਦੀ ਹੈ ਅਤੇ ਅਸੀਂ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੂੰ ਵੀ ਬੇਨਤੀ ਕਰਦੇ ਹਾਂ ਕਿ ਸਤਨਾਮ ਸਿੰਘ ਸੰਧੂ ਨੂੰ ਅਕਾਲ ਤਖਤ ਸਾਹਿਬ ਤੇ ਤਲਬ ਕੀਤਾ ਜਾਵੇ

## ਹੈਰੀਟੇਜ ਸਟਰੀਟ ਵਿਖੇ ਹੋਣ ਵਾਲੇ ਧਾਰਮਿਕ ਸਮਾਗਮਾਂ ਵਿੱਚ ਪਲਾਸਟਿਕ ਦੀ ਵਰਤੋਂ ਨਾ ਕੀਤੀ ਜਾਵੇ-ਡਿਪਟੀ ਕਮਿਸ਼ਨਰ

ਅੰਮ੍ਰਿਤਸਰ, 30 ਜੁਲਾਈ: ਹੈਰੀਟੇਜ ਸਟਰੀਟ ਵਿਖੇ ਹੋਣ ਵਾਲੇ ਧਾਰਮਿਕ ਸਮਾਗਮਾਂ ਜਾਂ ਮੇਲਿਆ ਦੌਰਾਨ ਪਲਾਸਟਿਕ ਦੇ ਸਮਾਨ ਦੀ ਵਰਤੋਂ ਬਿਲਕੁਲ ਨਾ ਕੀਤੀ ਜਾਵੇ ਕਿਉਂਕਿ ਇਸ ਨਾਲ ਸੀਵਰੇਜ ਜਾਮ ਦੀ ਸਥਿਤੀ ਪੈਦਾ ਹੁੰਦੀ ਹੈ ਅਤੇ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਵੀ ਸਹੀ ਢੰਗ ਨਾਲ ਨਹੀਂ ਹੁੰਦਾ। ਇਸ ਸਬੰਧੀ ਅੱਜ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਸ੍ਰੀ ਮਾਰਵਾੜੀ ਪੰਚਾਇਤੀ ਵੱਡਾ ਮੰਦਿਰ ਸ੍ਰੀ ਰਘੂਨਾਥ ਜੀ (ਸ੍ਰੀ ਅਗਰਸੈਨ ਮੰਦਿਰ) ਦੇ ਪ੍ਰਬੰਧਕਾਂ ਨਾਲ ਮੀਟਿੰਗ ਕਰਦੇ ਹੋਏ ਕਿਹਾ ਕਿ ਮੰਦਿਰ ਦੇ ਬਾਹਰਵਾਰ ਸ਼ਰਧਾਲੂਆਂ ਦੁਆਰਾ ਕਬੂਤਰਾਂ ਨੂੰ ਦਾਣਾ ਪਾਇਆ ਜਾਂਦਾ ਹੈ ਜਿਸ ਨਾਲ ਮੰਦਿਰ ਦੇ ਬਾਹਰਵਾਰ ਕਾਫੀ ਗੰਦਗੀ ਇਕੱਠੀ ਹੋ ਜਾਂਦੀ ਹੈ। ਉਨ੍ਹਾਂ ਨੇ ਮੰਦਿਰ ਪ੍ਰਬੰਧਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਮੰਦਿਰ ਦੀ ਪਹਿਲੀ ਮੰਜਿਲ ਦੀ ਛੱਤ ਤੇ ਕਬੂਤਰਾਂ ਲਈ ਦਾਣਾ ਪਾਣੀ ਪਾਉਣ ਦਾ ਪ੍ਰਬੰਧ ਕਰਨਾ ਯਕੀਨੀ ਬਣਾਇਆ ਜਾਵੇ ਤਾਂ ਜੋ ਮੰਦਿਰ ਦੇ ਬਾਹਰ ਸਾਫ ਸਫਾਈ ਵਧੀਆ ਢੰਗ ਨਾਲ ਹੋ ਸਕੇ। ਡਿਪਟੀ ਕਮਿਸ਼ਨਰ ਨੇ ਮੰਦਿਰ ਦੇ ਪ੍ਰਬੰਧਕਾਂ ਨੂੰ ਕਿਹਾ ਕਿ ਉਹ ਮੰਦਿਰ ਦੇ ਇਤਿਹਾਸ ਬਾਰੇ ਪ੍ਰਸਾਸ਼ਨ ਨੂੰ ਲਿਖ ਕੇ ਦੇਣ ਤਾਂ ਜੋ ਮੰਦਿਰ ਦੇ ਇਤਿਹਾਸ ਨੂੰ ਦਰਸਾਉਂਦੇ ਸਾਈਨ ਬੋਰਡ ਲਗਾਏ ਜਾ ਸਕਣ। ਡਿਪਟੀ ਕਮਿਸ਼ਨਰ ਨੇ ਨਗਰ ਨਿਗਮ ਅਧਿਕਾਰੀਆਂ ਨੂੰ ਕਿਹਾ ਕਿ ਹੈਰੀਟੇਜ ਸਟਰੀਟ ਵਿਖੇ ਸਥਿਤ ਪੰਜਾਬ ਨੈਸ਼ਨਲ ਬੈਂਕ ਦੇ ਬਾਹਰਵਾਰ ਪਾਣੀ ਦਾ ਡਿਸਪੈਂਸਰ ਲੱਗਾ ਹੋਇਆ ਹੈ ਜਿਸ ਨਾਲ ਕਾਫੀ ਮਾਤਰਾ ਵਿੱਚ ਪਾਣੀ ਦੀ ਬਰਬਾਦੀ ਹੋ ਰਹੀ ਹੈ , ਇਸ ਡਿਸਪੈਂਸਰ ਨੂੰ ਤੁਰੰਤ ਜਲਿਆਂਵਾਲਾ ਬਾਗ ਵਿਖੇ ਸਿਫਟ ਕੀਤਾ ਜਾਵੇ। ਡਿਪਟੀ ਕਮਿਸ਼ਨਰ ਨੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਕਿਹਾ ਕਿ ਮੰਦਿਰ ਦੇ ਬਾਹਰਵਾਰ ਹਾਈਮਾਸਕ ਲਾਈਟਾਂ ਠੀਕ ਕਰਵਾਈਆਂ ਜਾਣ ਅਤੇ ਸੀਵਰੇਜ ਵਿਵਸਥਾ ਨੂੰ ਸਚਾਰੂ ਢੰਗ ਨਾਲ ਚਲਾਇਆ ਜਾਵੇ।


### NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR -2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

### PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

### NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

### NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

### NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

### NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

### PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

### NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

### NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

### PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

### NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

### NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

### NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

### NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

☛ ਰੇਲਯਾਤਰੀ ਕਿਰਪਾ ਕਰਕੇ ਧਿਆਨ ਦੇਣ ☚

**ਮਹੱਤਵਪੂਰਨ ਸੂਚਨਾ**

ਰੇਲਯਾਤਰੀਆਂ ਦੇ ਸੁਵਿਧਾਜਨਕ ਆਉਣ ਜਾਣ ਲਈ ਉੱਤਰ ਰੇਲਵੇ ਦੁਆਰਾ ਹੇਠਾਂ ਲਿਖਤ ਰੀਜ਼ਰਵ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ ਦਾ ਸੰਚਾਲਨ ਕਰਨ ਦਾ ਫੈਸਲਾ ਲਿਆ ਗਿਆ ਹੈ, ਜਿਸ ਦਾ ਵੇਰਵਾ ਹੇਠਾਂ ਅਨੁਸਾਰ ਹੈ:-

| ਰੇਲਗੱਡੀ ਨੰ. 04090/04089 ਆਨੰਦ ਵਿਹਾਰ ਟ.-ਪਟਨਾ ਜੰ.- ਆਨੰਦ ਵਿਹਾਰ ਟ. ਰੀਜਰਵ ਵਿਸ਼ੇਸ਼ ਐਕਸਪ੍ਰੈਸ | | | | 184 ਫੇਰੇ |
|---|---|---|---|---|
| ਰੇਲਗੱਡੀ ਨੰ. 04090 ↓ | | ਸਟੇਸ਼ਨ | ਰੇਲਗੱਡੀ ਨੰ. 04089 ↑ | |
| ਪਹੁੰਚ | ਰਵਾਨਗੀ | | ਪਹੁੰਚ | ਰਵਾਨਗੀ |
| ---- | 14:25 | ਆਨੰਦ ਵਿਹਾਰ ਟ. | 14:50 | -- |
| 21:30 | 21:35 | ਕਾਨਪੁਰ ਸੈਂਟ੍ਰਲ | 07:50 | 07:55 |
| 00:20 | 00:25 | ਪ੍ਰਯਾਗਰਾਜ ਜੰ. | 04:35 | 04:45 |
| 03:10 | 03:20 | ਵਾਰਾਨਸੀ ਜੰ. | 01:45 | 01:55 |
| 04:55 | 05:00 | ਗਾਜੀਪੁਰ ਸਿਟੀ | 23:35 | 23:40 |
| 05:55 | 06:00 | ਬਲਿਯਾ | 22:35 | 22:40 |
| 06:20 | 06:22 | ਸਹਤਵਾਤਰ | 22:11 | 22:13 |
| 06:45 | 06:50 | ਸੁਰੇਮਨਪੁਰ | 21:45 | 21:50 |
| 08:05 | 08:15 | ਛਪਰਾ ਜੰ. | 21:05 | 21:10 |
| 10:10 | 10:20 | ਪਾਟਲਿਪੁਤਰ ਜੰ. | 18:50 | 18:55 |
| 11:00 | ---- | ਪਟਨਾ ਜੰ. | ---- | 18:20 |

ਚੱਲਣ ਦੇ ਦਿਨ: **04090 ਆਨੰਦ ਵਿਹਾਰ ਟ.** ਤੋਂ ਮਿਤੀ 08.08.2025 ਤੋਂ 07.11.2025 ਤਕ (ਰੋਜਾਨਾ) ਅਤੇ **04089 ਪਟਨਾ ਜੰ.** ਤੋਂ ਮਿਤੀ 09.08.2025 ਤੋਂ 08.11.2025 ਤਕ (ਰੋਜਾਨਾ)।

ਸਥਾਨ: ਸੈਕਿੰਡ-ਸਹਿ-ਤੀਜੀ ਏਸੀ., 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੇ ਵੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ.139 'ਤੇ ਸੰਪਰਕ ਕਰਨ ਜਾਂ ਰੇਲਵੇ ਦੀ ਵੈਬਸਾਈਟ https://enquiry.indianrail.gov.in ਜਾਂ NTES ਐਪ ਵੇਖਣ।

'ਤੇ ਸਾਨੂੰ ਫਾਲੋ ਕਰੋ

ਉੱਤਰ ਰੇਲਵੇ
ਤੁਹਾਡੀ ਸੁਵਿਧਾ – ਸਾਡਾ ਲਕਸ਼
ਸਾਨੂੰ www.nr.indianrailways.gov.in 'ਤੇ ਮਿਲੋ
2323/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਜ਼ਿੰਦਗੀ ਤੇ ਖੇੜਾ



ਯਸ਼ਪਾਲ ਮਾਨਵੀ

ਸ਼ਾਇਦ ਹੀ ਕੋਈ ਮਨੁੱਖ ਹੋਵੇ ਜਿਹੜਾ ਕਦੇ ਨਾ ਖਿਝਿਆ ਹੋਵੇ। ਜਦੋਂ ਕਿਸੇ ਵੀ ਕਾਰਨ ਮਨ ਵਿੱਚ ਖਿਝ ਆ ਜਾਵੇ ਤਾਂ ਮਨ ਬੁੱਝ ਜਾਂਦਾ ਹੈ। ਬਿਲਕੁਲ ਉਵੇਂ ਜਿਵੇਂ ਫੁੱਲ ਮੁਰਝਾਇਆ ਹੋਵੇ। ਜ਼ਿੰਦਗੀ ਦਾ ਸੁਆਦ ਫਿੱਕਾ ਪੈ ਜਾਂਦਾ ਹੈ। ਮੇਰਾ ਇੱਕ ਮਿੱਤਰ ਡਾਕਟਰ ਸੀ। ਉਸ ਨੇ ਆਪਣੇ ਇੱਕ ਸਹਾਇਕ ਦੀ ਗੱਲ ਦੱਸੀ ਜਿਹੜਾ ਹਰ ਵੇਲੇ ਖਿਝਿਆ ਜਿਹਾ ਰਹਿੰਦਾ ਸੀ। ਉਨ੍ਹਾਂ ਦੱਸਿਆ, 'ਮੈਂ ਕਿਹਾ–ਕੋਈ ਗੱਲ ਹੈ ਤਾਂ ਦੱਸ ਐਵੇਂ ਖਿਝਿਆ ਜਿਹਾ ਨਾ ਰਿਹਾ ਕਰ। ਖਿਝਿਆ ਖਿਝਿਆ ਰਿਹਾ ਕਰ। ਗੱਲ ਕਾਹਦੀ ਸੀ ਜ਼ਿੰਦਗੀ ਦਾ ਫਲਸਫਾ ਲਕੋਈ ਬੈਠਾ ਸੀ।' ਇਹ ਮਨੁੱਖ ਦੇ ਸੁਭਾਅ ਦਾ ਮਸਲਾ ਹੈ। ਕਹਿੰਦੇ ਹਨ ਭਾਅ ਬਦਲ ਜਾਂਦੇ ਹਨ, ਸੁਭਾਅ ਨਹੀਂ ਬਦਲਦੇ। ਨਿਰਸੰਦੇਹ ਸੁਭਾਅ 'ਤੇ ਬਹੁਤ ਕੁਝ ਨਿਰਭਰ ਹੁੰਦਾ ਹੈ। ਕਈ ਤਾਂ ਬੁਝੇ ਹੀ ਰਹਿੰਦੇ ਹਨ, ਪਰ ਕਈ ਖੇੜੇ ਵਿੱਚ ਰਹਿੰਦੇ ਹਨ। ਹਾਲਾਂਕਿ ਹਾਲਤ ਦਾ ਫਰਕ ਨਹੀਂ ਹੁੰਦਾ। ਉਰਦੂ ਦਾ ਸ਼ੇਅਰ ਹੈ:

ਹਜ਼ੂਮੇ ਗ਼ਮ ਮੇਰੀ ਫ਼ਿਤਰਤ ਨਹੀਂ ਬਦਲ ਸਕਤੇ
ਮੇਰੀ ਆਦਤ ਹੈ ਮੁਸਕਰਾਨੇ ਕੀ।

ਪਰ ਤਾਂ ਵੀ ਜ਼ਿੰਦਗੀ ਨੂੰ ਖ਼ੁਸ਼ਗਵਾਰ ਬਣਾਉਣ ਲਈ ਖਿੜੇ ਰਹਿਣ ਦਾ ਢੰਗ ਸਿੱਖਣਾ ਹੀ ਪਵੇਗਾ। ਭਾਈ ਵੀਰ ਸਿੰਘ ਨੇ 'ਖੇੜਾ' ਨਾਂ ਦੀ ਕਵਿਤਾ ਵਿੱਚ ਬਹੁਤ ਖ਼ੂਬਸੂਰਤ ਸ਼ਬਦ ਮੜ੍ਹੇ ਹਨ:

ਸੁਰਤ ਸਦਾ ਖਿੜਦੀ ਰਹੇ
ਕਦੇ ਨਾ ਮਿਲੇ ਗੜਾਇ
ਖੇੜਾ ਛੱਡ ਕੇ ਢੱਠਿਆ
ਕਿਤੇ ਨਾ ਮਿਲੇ ਟਿਕਾਇ।

ਖਿਝੇ ਮਨੁੱਖ ਕੋਲ ਕੋਈ ਨਹੀਂ ਬੈਠਣਾ ਚਾਹੁੰਦਾ। ਇਹ ਵੀ ਤਾਂ ਛੂਤ ਦੇ ਰੋਗ ਵਾਂਗ ਆਪਣਾ ਅਸਰ ਛੱਡਦੀ ਹੈ। ਜ਼ਿੰਦਗੀ ਵਿੱਚ ਬਹੁਤਾ ਸਾਵਧਾਨ ਰਹਿਣਾ ਵੀ ਚੰਗਾ ਨਹੀਂ ਹੁੰਦਾ। ਬੇਫ਼ਿਕਰ ਹੋਣਾ ਲੋੜੀਂਦਾ ਹੈ, ਬੇਪਰਵਾਹੀ ਨਹੀਂ ਚੱਲੇਗੀ। ਬਹੁਤੀ ਸਾਵਧਾਨੀ ਵਿੱਚ ਰਾਹਤ ਦੇ ਪਲ਼ ਨਸੀਬ ਨਹੀਂ ਹੋ ਸਕਦੇ। ਗਿਲ਼ੇ ਸ਼ਿਕਵੇ ਮਨੁੱਖ ਦੀ ਤਾਕਤ ਨੂੰ ਖਾ ਜਾਂਦੇ ਹਨ। ਲੰਘੇ ਵਕਤ ਦੇ ਪਛਤਾਵੇ ਤੇ ਪ੍ਰਛਾਵੇਂ ਮਨੁੱਖ ਨੂੰ ਭੂਤ ਬਣ ਚਿੰਬੜਨ ਦੀ ਕੋਸ਼ਿਸ਼ ਵਿੱਚ ਹੁੰਦੇ ਹਨ। ਲੋੜ ਹੈ ਇਨ੍ਹਾਂ ਪਿਛਾਂਹ ਖਿੱਚੂ ਤਾਕਤਾਂ ਤੋਂ ਮਨ ਨੂੰ ਆਜ਼ਾਦ ਕਰਾਉਣ ਦੀ। ਜ਼ਿੰਦਗੀ ਵਿੱਚ ਖੇੜਾ ਇੱਕ ਸੁਰ ਕੀਤੇ ਬਿਨਾਂ ਨਹੀਂ ਆ ਸਕਦਾ। ਇੱਕਸੁਰਤਾ ਹੀ ਸੰਗੀਤ ਪੈਦਾ ਕਰਦੀ ਹੈ, ਨਹੀਂ ਤਾਂ ਰੌਲਾ ਹੀ ਹੁੰਦਾ ਹੈ। ਪ੍ਰੇਸ਼ਾਨ ਕਰਨ ਵਾਲਾ ਸ਼ੋਰ ਹੁੰਦਾ ਹੈ।

ਖੇੜੇ ਲਈ ਮਨੁੱਖ ਨੂੰ ਇਹ ਧਰਮ ਨਿਭਾਉਣਾ ਪਵੇਗਾ ਕਿ ਉਹ ਮਨ ਅੰਦਰ ਆਪਣੇ ਭਾਂਬੜ ਐਵੇਂ ਨਾ ਬਾਲੀ ਰੱਖੇ ਕਿਸੇ ਨੇੜਲੇ ਸਾਥੀ ਜਾਂ ਮਿੱਤਰ ਪਿਆਰੇ ਨਾਲ ਸਾਂਝੀ ਕਰ ਕੇ ਉਸ ਨੂੰ ਬੁਝਾਵੇ। ਪੰਜਾਬੀ ਵਿੱਚ ਕਹਾਵਤ ਹੈ ਕਿ ਜੇ ਕੋਈ ਨੇੜੇ ਨਹੀਂ ਹੈ ਤਾਂ ਕੰਧ ਨਾਲ ਵੀ ਗੱਲ ਸਾਂਝੀ ਕਰ ਲੈਣੀ ਚਾਹੀਦੀ ਹੈ। ਇਸ ਤਰ੍ਹਾਂ ਮਨ ਦਾ ਭਾਰ ਹਲਕਾ ਹੋ ਜਾਂਦਾ ਹੈ ਤੇ ਮੱਥੇ ਤੋਂ ਤਿਓੜੀਆਂ ਲਹਿ ਜਾਂਦੀਆਂ ਹਨ। ਖੇੜੇ ਨੂੰ ਜ਼ਿੰਦਗੀ ਵਿੱਚ ਭਰਨਾ ਕਿੰਨਾ ਜ਼ਰੂਰੀ ਹੈ ਇਹ ਰੁੱਖ ਨਾਲ ਸਮਝਦੇ ਹਾਂ। ਜਿੰਨਾ ਚਿਰ ਰੁੱਖ ਹਰਾ ਭਰਾ ਤੇ ਫ਼ਲਦਾਰ ਰਹਿੰਦਾ ਹੈ ਉਸ ਦਾ ਪਾਲਣ ਪੋਸ਼ਣ ਹੁੰਦਾ ਹੈ। ਪਰ ਜਦੋਂੜ ਤਾਂ ਭਾਈ ਵੀਰ ਸਿੰਘ ਜੀ ਇਉਂ ਕਹਿੰਦੇ ਹਨ:

ਛੱਡਿਆ ਜਦ ਖਿੜਨਾ ਅਸਾਂ
ਰੰਗ ਰੂਪ ਰਸ ਨਾਲ।
ਤਦੋਂ ਕੁਹਾੜਾ ਆ ਗਿਆ
ਫਿਰਿਆ ਸ਼ਾਖੋ ਸ਼ਾਖ
ਜੜ੍ਹ ਮੂਲੋਂ ਵੱਢ ਸੁੱਟਿਆ
ਢੇਰੀ ਕੀਤਾ ਖ਼ਾਕ।

ਇਸ ਲਈ ਦੁਬਾਰਾ ਜ਼ਿੰਦਗੀ ਦੀ ਪਾਰੀ ਨਹੀਂ ਮਿਲਣੀ। ਖਿੜੇ ਰਹੋ ਤੇ ਖੇੜੇ ਵੰਡਦੇ ਰਹੋ।

ਸੰਪਰਕ: 94635-86655




# ਮੁਹੱਬਤ ਦਾ ਖ਼ੂਨੀ ਅੰਤ



ਸਲਮਾਨ ਨੂੰ ਇਸ ਨਾਲ ਕੋਈ ਫ਼ਰਕ ਨਾ ਪਿਆ। ਉਹ ਰਾਊਫ਼ ਦੇ ਘਰ ਦੇ ਠੀਕ ਸਾਹਮਣੇ ਰਹਿੰਦਾ ਸੀ। ਮੌਕਾ ਕੱਢ ਕੇ ਉਹ ਸ਼ਬਨਮ ਨੂੰ ਮਿਲ ਹੀ ਲੈਂਦਾ ਸੀ। ਫ਼ੋਨ ਤੇ ਉਹਨਾਂ ਦੀਆਂ ਗੱਲਾਂ ਹੁੰਦੀਆਂ ਰਹਿੰਦੀਆਂ। ਜਦੋਂ ਰਾਊਫ਼ ਨੂੰ ਪਤਾ ਲੱਗਿਆ ਕਿ ਹੁਣ ਵੀ ਸਲਮਾਨ ਅਤੇ ਸ਼ਬਨਮ ਮਿਲਦੇ ਹਨ ਤਾਂ ਉਸਨੂੰ ਡਰ ਲੱਗਣ ਲੱਗਿਆ ਕਿ ਕਿਤੇ ਸਲਮਾਨ ਉਸਦੀ ਪਤਨੀ ਨੂੰ ਭਜਾ ਕੇ ਨਾ ਲੈ ਜਾਵੇ। ਇਸ ਕਰਕੇ ਉਸਨੇ ਸਲਮਾਨ ਨੂੰ ਰਸਤੇ ਤੋਂ ਹਟਾਉਣ ਦਾ ਫ਼ੈਸਲਾ ਕੀਤਾ।

ਮੱਧ ਪ੍ਰਦੇਸ਼ ਦੇ ਇੰਦੌਰ ਦੇ ਥਾਣਾ ਚੰਦਨ ਨਗਰ ਦੇ ਰਹਿਣ ਵਾਲੇ 21 ਸਾਲ ਦੇ ਸਲਮਾਨ ਸ਼ੇਖ ਦੇ ਅਚਾਨਕ ਲਾਪਤਾ ਹੋ ਜਾਣ ਕਾਰਨ ਉਸ ਦੇ ਘਰ ਵਾਲੇ ਕਾਫ਼ੀ ਪ੍ਰੇਸ਼ਾਨ ਸਨ। ਉਹ ਫ਼ੈਬਰੀਕੇਸ਼ਨ ਦਾ ਕੰਮ ਕਰਦਾ ਸੀ। ਘਰ ਤੋਂ ਕੰਮ ਦੇ ਲਈ ਨਿਕਲਿਆ ਸਲਮਾਨ ਘਰੇ ਵਾਪਸ ਨਾ ਆਇਆ ਤਾਂ 9 ਜਨਵਰੀ 2017 ਨੂੰ ਉਸ ਦੇ ਵੱਡੇ ਭਰਾ ਤੌਕੀਰ ਸ਼ੇਖ ਨੇ ਥਾਣਾ ਚੰਦਰਨਗਰ ਵਿੱਚ ਉਸ ਦੀ ਗੁੰਮਸ਼ੁਦਗੀ ਦਰਜ ਕਰਵਾ ਦਿੱਤੀ। ਗੁੰਮਸ਼ੁਦਗੀ ਦਰਜ ਕਰਾਉਂਦੇ ਵਕਤ ਉਸ ਨੇ ਆਪਣੇ ਘਰ ਦੇ ਸਾਹਮਣੇ ਰਹਿਣ ਵਾਲੇ ਰਊਫ਼ ਖਾਨ ਅਤੇ ਉਸ ਦੇ ਡਰਾਈਵਰ ਸੱਦਾਮ ਤੇ ਭਰਾ ਨੂੰ ਗਾਇਬ ਕਰਨ ਦਾ ਸ਼ੱਕ ਜ਼ਾਹਿਰ ਕੀਤਾ।

ਰਾਊਫ਼ ਖਾਨ ਵੱਡੀਆਂ-ਵੱਡੀਆਂ ਬਿਲਡਿੰਗਾਂ ਦੀ ਮੁਰੰਮਤ ਅਤੇ ਰੰਗ-ਰੰਗਾਈ ਦਾ ਠੇਕਾ ਲੈਂਦਾ ਸੀ। ਉਸ ਦੇ ਕੋਲ ਕਾਫ਼ੀ ਮਜ਼ਦੂਰ ਕੰਮ ਕਰਦੇ ਸਨ। ਸਲਮਾਨ ਵੀ ਪਹਿਲਾਂ ਉਸ ਕੋਲ ਨੌਕਰੀ ਕਰਦਾ ਸੀ ਪਰ ਸਾਲ ਭਰ ਪਹਿਲਾਂ ਉਸ ਨੇ ਸਲਮਾਨ ਨੂੰ ਕੰਮ ਤੋਂ ਜਵਾਬ ਦੇ ਦਿੱਤਾ ਸੀ।

ਰਾਊਫ਼ ਖਾਨ ਚੰਗਾ ਖਾਂਦਾ-ਪੀਂਦਾ ਆਦਮੀ ਸੀ। ਉਹ ਆਜ਼ਾਦ ਉਮੀਦਵਾਰ ਦੇ ਰੂਪ ਵਿੱਚ ਵਿਧਾਨ ਸਭਾ ਚੋਣ ਵੀ ਲੜ ਚੁੱਕਾ ਸੀ। ਉਸ ਦੀ ਪਹੁੰਚ ਵੀ ਉਚੀ ਸੀ, ਇਸ ਕਰਕੇ ਬਿਨਾਂ ਕਿਸੇ ਠੋਸ ਸਬੂਤ ਦੇ ਪੁਲਿਸ ਉਸ ਨੂੰ ਪਕੜਨ ਤੋਂ ਕਤਰਾ ਰਹੀ ਸੀ।

ਪੁਲਿਸ ਨੇ ਲਾਪਤਾ ਸਲਮਾਨ ਸ਼ੇਖ ਦੇ ਨੰਬਰ ਦੀ ਕਾਲ ਡਿਟੇਲ ਕਢਵਾਈ ਤਾਂ ਉਸ ਵਿੱਚ ਹੈਰਾਨ ਕਰਨ ਵਾਲੀ ਜਾਣਕਾਰੀ ਇਹ ਮਿਲੀ ਕਿ ਸਲਮਾਨ ਦੀ ਸਭ ਤੋਂ ਜ਼ਿਆਦਾ ਅਤੇ ਲੰਮੀਆਂ ਗੱਲਾਂ ਰਾਊਫ਼ ਦੀ ਪਤਨੀ ਸ਼ਬਨਮ ਨਾਲ ਹੋਈਆਂ ਸਨ। ਰਾਊਫ਼ ਦੁਆਰਾ ਨੌਕਰੀ ਤੋਂ ਕੱਢ ਦੇਣ ਬਾਅਦ ਵੀ ਉਸ ਦੀਆਂ ਸ਼ਬਨਮ ਨਾਲ ਗੱਲਾਂ ਹੁੰਦੀਆਂ ਰਹਿੰਦੀਆਂ ਸਨ। ਇਹਨਾਂ ਗੱਲਾਂ ਤੋਂ ਥਾਣਾ ਚੰਦਨ ਨਗਰ ਦੀ ਪੁਲਿਸ ਨੂੰ ਲੱਗਿਆ ਕਿ ਸ਼ਾਇਦ ਇਸੇ ਕਾਰਨ ਸਲਮਾਨ ਦੇ ਘਰ ਵਾਲੇ ਰਾਊਫ਼ ਖਾਨ ਤੇ ਸ਼ੱਕ ਜਾਹਿਰ ਕਰ ਰਹੇ ਸਨ।

ਉਹਨਾਂ ਨੇ ਸਲਮਾਨ ਦੇ ਭਰਾ ਤੌਕੀਰ ਤੋਂ ਰਾਊਫ਼ ਅਤੇ ਉਸ ਦੇ ਰਿਸ਼ਤੇਦਾਰਾਂ ਬਾਰੇ ਪੁੱਛਿਆ ਤਾਂ ਉਸ ਨੈ ਦੱਸਿਆ ਕਿ ਉਸ ਦੇ ਕਈ ਨਜ਼ਦੀਕੀ ਰਿਸ਼ਤੇਦਾਰ ਧਾਰ ਜ਼ਿਲ੍ਹੇ ਦੇ ਧਰਮਪੁਰੀ ਵਿੱਚ ਰਹਿੰਦੇ ਹਨ। ਤੌਕੀਰ ਦੀ ਇਸ ਗੱਲ ਤੇ ਉਹਨਾਂ ਨੂੰ 5 ਦਿਨਟ ਪਹਿਲਾਂ ਧਰਮਪੁਰੀ ਵਿੱਚ ਮਿਲੀ ਲਾਸ਼ ਦੀ ਗੱਲ ਯਾਦ ਆ ਗਈ।

ਦਰਅਸਲ 10 ਜਨਵਰੀ 2017 ਨੂੰ ਧਾਰ ਜ਼ਿਲ੍ਹੇ ਦੀ ਧਰਮਪੁਰੀ ਪੁਲਿਸ ਦੁਆਰਾ ਬੈਂਟ ਸੰਸਥਾ ਦੇ ਜੰਗਲ ਵਿੱਚ ਲਾਸ਼ ਪਈ ਹੋਣ ਦੀ ਖਬਰ ਮਿਲੀ ਸੀ। ਅਧਿਕਾਰੀਆਂ ਨੂੰ ਸੂਚਨਾ ਦੇ ਕੇ ਉਹ ਪੁਲਿਸ ਅਫ਼ਸਰ ਉਥੇ ਪਹੁੰਚੇ, ਉਥੇ ਇੱਕ ਲਾਸ਼ ਪਈ ਸੀ, ਜਿਸ ਦਾ ਸਿਰ ਕਾਫ਼ੀ ਖਰਾਬ ਹਾਲਤ ਵਿੱਚ ਸੀ। ਸ਼ਾਇਦ ਜੰਗਲੀ ਜਾਨਵਰਾਂ ਨੇ ਉਸਨੂੰ ਨੋਚ ਦਿੱਤਾ ਸੀ। ਉਸ ਦਾ ਗੁਪਤ ਅੰਗ ਵੀ ਕੱਟਿਆ ਹੋਇਆ ਸੀ। ਲਾਸ਼ ਦੀ ਸਥਿਤੀ ਦੇਖ ਕੇ ਪੁਲਿਸ ਨੂੰ ਮਹਿਸੂਸ ਹੋਇਆ ਕਿ ਹੱਤਿਆ ਪ੍ਰੇਮ ਪ੍ਰਸੰਗ ਵਿੱਚ ਕੀਤੀ ਗਈ ਹੈ ਕਿਉਂਕਿ ਪ੍ਰੇਮ ਪ੍ਰਸੰਗ ਵਿੱਚ ਅਕਸਰ ਇਸੇ ਤਰ੍ਹਾਂ ਹੱਤਿਆਵਾਂ ਹੁੰਦੀਆਂ ਹਨ।

ਪੁਲਿਸ ਨੇ ਲਾਸ਼ ਦੀ ਸ਼ਨਾਖਤ ਲਈ ਜਦੋਂ ਮ੍ਰਿਤਕ ਦੇ ਕੱਪੜਿਆਂ ਦੀ ਤਲਾਸ਼ੀ ਲਈ ਤਾਂ ਪੈਂਟ ਦੀ ਜੇਬ ਤੋਂ ਇੱਕ ਪਰਸ ਮਿਲਿਆ, ਜਿਸ ਵਿੱਚ ਇੱਕ ਲੜਕੇ ਅਤੇ ਲੜਕੀ ਦੀ ਤਸਵੀਰ ਤੋਂ ਇਲਾਵਾ ਹਿਸਾਬ ਦੀ ਡਾਇਰੀ ਅਤੇ ਤੰਬਾਕੂ ਦੀ ਇੱਕ ਪੁੜੀ ਮਿਲੀ। ਉਸ ਵਿੱਚ ਕੁਝ ਅਜਿਹਾ ਨਹੀਂ ਸੀ, ਜਿਸ ਤੋਂ ਮ੍ਰਿਤਕ ਦੀ ਪਛਾਣ ਹੋ ਸਕੇ।

ਮ੍ਰਿਤਕ ਦੇ ਗਲੇ ਵਿੱਚ ਤੁਲਸੀ ਦੀ ਇੱਕ ਮਾਲਾ ਪਈ ਸੀ, ਜਿਸ ਤੋਂ ਅੰਦਾਜ਼ਾ ਸੀ ਕਿ ਲਾਸ਼ ਕਿਸੇ ਹਿੰਦੂ ਦੀ ਹੈ। ਲਾਸ਼ ਦੀ ਸ਼ਨਾਖਤ ਨਾ ਹੋਸਕੀ ਤਾਂ ਪੁਲਿਸ ਨੇ ਘਟਨਾ ਸਥਾਨ ਤੇ ਸਾਰੀ ਕਾਰਵਾਇ. ਨਿਪਟਾ ਕੇ ਉਸਨੂੰ ਪੋਸਟ ਮਾਰਟਮ ਲਈ ਭਿਜਵਾ ਦਿੱਤਾ। ਇਸ ਤੋਂ ਬਾਅਦ ਲਾਸ਼ ਦੀ ਸ਼ਨਾਖਤ ਦੇ ਲਈ ਇਹ ਜਾਣਕਾਰੀ ਆਪਣੇ ਜ਼ਿਲ੍ਹੇ ਵਿੱਚ ਹੀ ਨਹੀਂ, ਆਸ ਪਾਸ ਦੇ ਜ਼ਿਲ੍ਹਿਆਂ ਵਿੱਚ ਵੀ ਭੇਜ ਦਿੱਤੀ। ਉਸ ਜਾਣਕਾਰੀ ਦੇ ਆਧਾਰ ਤੇ ਥਾਣਾ ਚੰਦਨਨਗਰ ਦੇ ਪੁਲਿਸ ਮੁਖੀ ਨੂੰ ਜਦੋਂ ਪਤਾ ਲੱਗਿਆ ਕਿ ਰਾਊਫ਼ ਦੀ ਰਿਸ਼ਤੇਦਾਰੀ ਧਰਮਪੁਰੀ ਵਿੱਚ ਹੈ ਤਾਂ ਉਸਨੂੰ ਲੱਗਿਆ ਕਿ ਉਹ ਲਾਸ਼ ਸਲਮਾਨ ਸ਼ੇਖ ਦੀ ਹੋ ਸਕਦੀ ਹੈ।

ਉਹਨਾ ਨੇ ਤੁਰੰਤ ਲਾਪਤਾ ਸਲਮਾਨ ਸ਼ੇਖ ਦੇ ਘਰ ਵਾਲਿਆ ਨੂੰ ਥਾਣਾ ਧਰਮਪੁਰੀ ਜਾਣ ਦੀ ਸਲਾਹ ਦਿੱਤੀ। ਤੌਕੀਰ ਪਿਤਾ ਦੇ ਨਾਲ ਥਾਣੇ ਪਹੁੰਚਿਆ ਤਾਂ ਪਤਾ ਲੱਗਿਆ ਕਿ ਲਾਸ਼ ਤਾਂ ਦਫ਼ਨਾ ਦਿੱਤੀ ਹੈ। ਪੁਲਿਸ ਨੇ ਉਹਨਾਂ ਨੂੰ ਲਾਸ਼ ਕੋਲੋਂ ਮਿਲਿਆ ਕੁਝ ਸਮਾਨ ਦਿਖਾਇਆ ਤਾਂ ਉਹਨਾਂ ਨੇ ਉਸ ਵਿੱਚ ਰੱਖੀ ਇੱਕ ਅੰਗੂਠੀ ਦੇਖ ਕੇ ਕਿਹਾ ਕਿ ਉਹ ਲਾਸ਼ ਸਲਮਾਨ ਸ਼ੇਖ ਦੀ ਸੀ, ਪਰ ਇਹ ਤੁਲਸੀ ਦੀ ਮਾਲਾ ਉਹਨਾਂ ਦਾ ਮੁੰਡਾ ਕਿਉਂ ਪਾਵੇਗਾ।

ਪੁਲਿਸ ਸਮਝ ਗਈ ਕਿ ਹੱਤਿਆਰੇ ਨੇ ਪੁਲਿਸ ਨੂੰ ਗੁਮਰਾਹ ਕਰਨ ਲਈ ਤੁਲਸੀ ਦੀ ਮਾਲਾ ਪਾ ਕੇ ਉਸ ਦਾ ਗੁਪਤ ਅੰਗ ਕੱਟ ਦਿੱਤਾ ਸੀ। ਪੁਲਿਸ ਨੂੰ ਭਰਮਾਉਣ ਲਈ ਹਤਿਆਰੇ ਨੇ ਜੇਬ ਵਿੱਚ ਲੜਕੀ ਅਤੇ ਲੜਕੇ ਦੀ ਤਸਵੀਰ ਵੀ ਰੱਖੀ ਸੀ। ਹੱਤਿਆਰਿਆਂ ਨੇ ਗਲਤੀ ਇਹ ਕੀਤੀ ਸੀ ਕਿ ਉਹ ਸਲਮਾਨ ਸ਼ੇਖ ਦੀ ਅੰਗੂਠੀ ਕੱਢਣਾ ਭੁੱਲ ਗਏ। ਅੰਗੂਠੀ ਤੋਂ ਹੀ ਉਸ ਦੀ ਲਾਸ਼ ਦੀ ਪਛਾਣ ਹੋ ਗਈ ਸੀ। ਲਾਸ਼ ਦੀ ਪਛਾਣ ਹੋਣ ਤੋਂ ਅਗਲੇ ਦਿਨ ਉਪ ਜ਼ਿਲ੍ਹਾ ਅਧਿਕਾਰੀ ਦੇ ਆਦੇਸ਼ ਤੇ ਸਲਮਾਨ ਸ਼ੇਖ ਦੀ ਲਾਸ਼ ਕਢਵਾ ਕੇ ਉਸ ਦੇ ਘਰ ਵਾਲਿਆਂ ਨੂੰ ਸੌਂਪ ਦਿੱਤਾ। ਘਰ ਵਾਲਿਆਂ ਨੇ ਸਲਮਾਨ ਦੀ ਲਾਸ਼ ਲਿਆ ਕੇ ਇੰਦੌਰ ਦੇ ਇੱਕ ਕਬਰਿਸਤਾਨ ਵਿੱਚ ਦਫ਼ਨਾ ਦਿੱਤੀ। ਸਲਮਾਨ ਦੀ ਲਾਸ਼ ਮਿਲਣ ਦੀ ਸੂਚਨਾ ਮਿਲਣ ਤੇ ਉਸਦੇ ਰਿਸ਼ਤੇਦਾਰਾਂ ਅਤੇ ਦੋਸਤਾਂ ਨੇ ਥਾਣਾ ਚੰਦਨਨਗਰ ਵਿੱਚ ਧਰਨਾ ਦੇ ਕੇ ਹੱਤਿਆਰਿਆਂ ਨੂੰ ਜਲਦੀ ਪਕੜਨ ਦੀ ਮੰਗ ਕੀਤੀ।

ਇੱਕ ਪਾਸੇ ਜਿੱਥੇ ਮ੍ਰਿਤਕ ਸਲਮਾਨ ਸ਼ੇਖ ਦੇ ਘਰ ਵਾਲਿਆਂ ਅਤੇ ਵਾਕਫ਼ਕਾਰਾਂ ਨੇ ਪੁਲਿਸ ਤੇ ਹੱਤਿਆਰਿਆ ਨੂੰ ਗ੍ਰਿਫ਼ਤਾਰ ਕਰਨ ਦਾ ਦਬਾਅ ਪਾਇਆ, ਇੱਥੇ ਮੁਖਬਰ ਤੋਂ ਮਿਲੀ ਜਾਣਕਾਰੀ ਨੇ ਪੁਲਿਸ ਨੂੰ ਹੈਰਾਨ ਕਰ ਦਿੱਤਾ। ਮੁਖਬਰ ਨੇ ਦੱਸਿਆ ਕਿ ਸਲਮਾਨ ਨੂੰ ਆਖਰੀ ਵਾਰ ਰਾਊਫ਼ ਖਾਨ ਦੇ ਡਰਾਈਵਰ ਸੱਦਾਮ ਦੇ ਨਾਲ ਦੇਖਿਆ ਗਿਆ ਸੀ।

ਇਸ ਤੋਂ ਬਾਅਦ ਥਾਣਾ ਚੰਦਨ ਨਗਰ ਪੁਲਿਸ ਨੇ ਸ਼ਬਨਮ ਅਤੇ ਸੱਦਾਮ ਨੂੰ ਹਿਰਾਸਤ ਵਿੱਚ ਲਿਆ ਪਰ ਦੋਵੇਂ ਹੀ ਕੁਝ ਦੱਸਣ ਲਈ ਤਿਆਰ ਨਹੀਂ ਸਨ, ਕਿਉਂਕ ਪੁਲਿਸ ਦੇ ਕੋਲ ਦੋਵਾਂ ਦੇ ਖਿਲਾਫ਼ ਠੋਸ ਸਬੂਤ ਸਨ, ਇਸ ਕਰਕੇ ਪੁਲਿਸ ਨੇ ਦੋਵਾਂ ਨਾਲ ਥੋੜ੍ਹੀ ਸਖਤੀ ਕੀਤੀ ਅਤੇ ਕਾਲ ਡਿਟੇਲ ਦਿਖਾਈ ਤਾਂ ਉਹਨਾਂ ਨੇ ਅਸਲੀਅਤ ਉਗਲ ਦਿੱਤੀ।

ਸੱਦਾਮ ਨੇ ਸਵੀਕਾਰ ਕਰ ਲਿਆ ਕਿ ਸ਼ਬਨਮ ਭਾਬੀ ਨਾਲ ਸਲਮਾਨ ਸ਼ੇਖ ਦੇ ਸਬੰਧ ਸਨ, ਜਿਸ ਤੋਂ ਨਰਾਜ਼ ਹੋ ਕੇ ਰਾਊਫ਼ ਖਾਨ ਨੇ ਸਲਮਾਨ ਦੀ ਹੱਤਿਆ ਕਰਨ ਦੀ ਯੋਜਨਾ ਬਣਾਈ। ਇਸ ਯੋਜਨਾ ਵਿੱਚ ਉਸ ਤੋਂ ਇਲਾਵਾ ਰਾਊਫ਼ ਦੇ ਭਤੀਜੇ ਗੋਲੂ ਉਰਫ਼ ਜ਼ਫ਼ਰ ਅਤੇ ਜਾਵੇਦ ਵੀ ਸ਼ਾਮਲ ਸਨ।

ਇਸ ਤੋਂ ਬਾਅਦ ਉਸ ਨੇ ਸਲਮਾਨ ਸ਼ੇਖ ਦੀ ਹੱਤਿਆ ਦੀ ਜੋ ਕਹਾਦੀ ਸੁਣਾਈ, ਉਸ ਦੇ ਆਧਾਰ ਤੇ ਪੁਲਿਸ ਨੇ ਜਾਵੇਦ, ਰਾਊਫ਼ ਖਾਨ, ਗੋਲੂ ਉਰਫ਼ ਜ਼ਫ਼ਰ ਤੋਂ ਇਲਾਵਾ ਧਰਮਪੁਰੀ ਪੁਲਿਸ ਦੀ ਮਦਦ ਨਾਲ ਧਰਮਪੁਰੀ ਦੇ ਰਹਿਣ ਵਾਲੇ ਰਾਊਫ਼ ਦੇ ਇੱਕ ਰਿਸ਼ਤੇਦਾਰ ਨੂੰ ਵੀ ਗ੍ਰਿਫ਼ਤਾਰ ਕਰ ਲਿਆ। ਬਾਅਦ ਵਿੱਚ ਇਹਨਾਂ ਸਾਰਿਆਂ ਨੂੰ ਧਰਮਪੁਰੀ ਪੁਲਿਸ ਹਵਾਲੇ ਕਰ ਦਿੱਤਾ।

ਇੰਦੌਰ ਦੇ ਥਾਣਾ ਚੰਦਨਨਗਰ ਵਿੱਚ ਰਹਿਣ ਵਾਲਾ 21 ਸਾਲ ਦਾ ਸਲਮਾਨ ਅਬਦੁਲ ਲਤੀਫ਼ ਸ਼ੇਖ ਦਾ ਮੁੰਡਾ ਸੀ। ਉਸ ਦੇ ਘਰ ਦੇ ਸਾਹਮਣੇ ਰਾਊਫ਼ ਦਾ ਘਰ ਸੀ, ਜੋ ਬਿਲਡਿੰਗਾਂ ਦੀ ਮੁਰੰਮਤ ਦਾ ਠੇਕਾ ਲੈਂਦਾ ਸੀ। ਸਲਮਾਨ ਪੜ੍ਹ ਲਿਖ ਕੇ ਕਮਾਉਣ ਲਾਇਕ ਹੋਇਟਾ ਤਾਂ ਅਬਦੁਲ ਲਤੀਫ਼ ਸ਼ੇਖ ਦੇ ਕਹਿਣ ਤੇ ਰਾਊਫ਼ ਖਾਨ ਨੇ ਉਸਨੂੰ ਵੀ ਕੰਮ ਤੇ ਲਗਾ ਲਿਆ।

ਸਲਮਾਨ ਰਾਊਫ਼ ਦਾ ਪੜੌਸੀ ਸੀ, ਇਯ ਕਰਕੇ ਉਸ ਦਾ ਰਾਊਫ਼ ਦੇ ਘਰ ਪਹਿਲਾਂ ਵੀ ਆਉਣਾ-ਜਾਣਾ ਸੀ ਪਰ ਜਦੋਂ ਉਹ ਉਸ ਦੇ ਕੋਲ ਕੰਮ ਕਰਨ ਲੱਗਿਆ ਤਾਂ ਆਵਾਜਾਈ ਹੋਰ ਵੱਧ ਗਈ, ਜਿਸ ਕਾਰਨ ਰਾਊਫ਼ ਦੀ ਪਤਨੀ ਸ਼ਬਨਮ ਨਾਲ ਉਸਦੀ ਜ਼ਿਆਦਾ ਹੀ ਬਣਨ ਲੱਗੀ। ਉਹਨਾਂ ਦਾ ਰਿਸ਼ਤਾ ਵੀ ਕੁਝ ਅਜਿਹਾ ਸੀ। ਸਲਮਾਨ ਸ਼ਬਨਮ ਨੂੰ ਭਾਬੀ ਕਹਿੰਦਾ ਸੀ, ਇਸ ਕਰਕੇ ਖੁੱਲ੍ਹ ਕੇ ਹਾਸਾ ਮਜ਼ਾਕ ਕਰਦਾ ਸੀ।

ਰਾਊਫ਼ ਖਾਨ ਦਾ ਕੰਮ ਚੰਗਾ ਸੀ, ਉਸਦਾ ਸਾਰਾ ਦਿਨ ਭੱਜ ਦੌੜ ਵਿੱਚ ਬੀਤਦਾ। ਕਿਉਂਕਿ ਸਲਮਾਨ ਪੜੌਸੀ ਸੀ, ਇਸ ਕਰਕੇ ਘਰ ਦੇ ਕੰਮਾਂ ਲਈ ਉਹ ਜ਼ਿਆਦਾਤਰ ਉਸੇ ਨੂੰ ਭੇਜਦਾ। ਘਰ ਦੇ ਕੰਮਾਂ ਨਾਲ ਸਲਮਾਨ ਸ਼ਬਦਮ ਦੇ ਛੋਟੇ-ਮੋਟੇ ਨਿੱਜੀ ਕੰਮ ਵੀ ਕਰ ਦਿੰਦਾ। ਸ਼ਬਨਮ ਖ਼ੂਬਸੂਰਤ ਵੀ ਸੀ ਅਤੇ ਉਮਰ ਵਿੱਚ ਰਾਊਫ਼ ਤੋਂ ਛੋਟੀ ਸੀ। ਸਲਮਾਨ ਉਸ ਦਾ ਹਮਸਫ਼ਰ ਸੀ। ਉਹ ਸ਼ਬਨਮ ਨਾਲ ਅਜਿਹਾ ਮਜ਼ਾਕ ਕਰਦਾ ਕਿ ਉਹ ਸ਼ਰਮ ਨਾਲ ਲਾਲ ਹੋ ਜਾਂਦੀ। ਔਰਤਾਂ ਨੂੰ ਮਰਦਾਂ ਦੀਆਂ ਨਜ਼ਰਾਂ ਪਛਾਣਦਿਆਂ ਦੇਰ ਨਹੀਂ ਲੱਗਦੀ। ਸ਼ਬਨਮ ਨੇ ਵੀ ਸਲਮਾਨ ਦੀਆਂ ਨਜ਼ਰਾਂ ਤੋਂ ਉਸ ਦਾ ਇਰਾਦਾ ਭਾਂਪ ਲਿਆ।

ਪਹਿਲਾਂ ਤਾਂ ਸ਼ਬਨਮਾ ਨੇ ਉਸ ਤੋਂ ਨਜ਼ਰਾਂ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਖੁਦ ਘੱਟ ਉਮਰ ਦੇ ਆਸ਼ਕ ਦੀ ਦੀਵਾਨਗੀ ਨੇ ਉਸਨੂੰ ਬਚਣ ਨਾ ਦਿੱਤਾ। ਉਸ ਦੀ ਦੀਵਾਨਗੀ ਉਸਨੂੰ ਚੰਗੀ ਲੱਗਣ ਲੱਗੀ ਤਾਂ ਉਹ ਉਸ ਦੇ ਸਾਹਮਣੇ ਆਪਣੇ ਲੁਕੇ ਅੰਗਾਂ ਨੂੰ ਇਸ ਤਰ੍ਹਾਂ ਦਿਖਾਉਣ ਲੱਗੀ, ਜਿਵੇਂ ਸਲਮਾਨ ਜੋਦੇਖ ਰਿਹਾ ਹੈ, ਉਸ ਤੋਂ ਉਹ ਅਣਜਾਣ ਹੈ।

ਸਲਮਾਨ ਨੇ ਜੋ ਕੁਝ ਹੁਣ ਤੱਕ ਨਹੀਂ ਦੇਖਿਆ ਸੀ, ਸ਼ਬਨਮ ਨੇ ਉਹ ਸਭ ਦਿਖਾ ਦਿੱਤਾ। ਸਲਮਾਨ ਦੀ ਚਾਹਤ ਦੀ ਅੱਗ ਵਿੱਚ ਸ਼ਬਨਮ ਕੁਝ ਜ਼ਿਆਦਾ ਹੀ ਪਿਘਲਣ ਲੱਗੀ ਅਤੇ ਹੌਲੀ-ਹੌਲੀ ਖੁਦ ਹੀ ਉਸ ਦੀ ਹੁੰਦੀ ਚਲੀ ਗਈ। ਉਸੇ ਵਿੱਚਕਾਰ ਰਾਊਫ਼ ਖਾਨ ਵਿਧਾਨ ਸਭਾ ਦੀ ਚੋਣ ਲੜ ਰਿਹਾ ਸੀ। ਇਯ ਕਰਕੇ ਉਹ ਚੋਣ ਵਿੱਚ ਇੰਨੇ ਬਿਜ਼ੀ ਹੋ ਗਿਆ ਕਿ ਉਸਨੂੰ ਕੰਮ ਅਤੇ ਪਤਨੀ ਦਾ ਖਿਆਲ ਨਾ ਰਿਹਾ।

ਉਸਨੇ ਸਾਰੇ ਕਰਮਚਾਰੀਆਂ ਨੂੰ ਪ੍ਰਚਾਰ ਵਿੱਚ ਲਗਾ ਦਿੱਤਾ। ਇਸ ਕਰਕੇ ਉਸ ਨੇ ਸਲਮਾਨ ਨੂੰ ਘਰ ਦੇ ਕੰਮਾਂ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਇਸ ਵਿੱਚਕਾਰ ਉਸ ਨੇ ਸਲਮਾਨ ਨੂੰ ਘਰ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਸਲਮਾਨ ਹੁਣ ਦਿਨ ਰਾਤ ਸ਼ਬਨਮ ਕੋਲ ਸੀ। ਇੱਕ ਦਿਨ ਸਲਮਾਨ ਨੇ ਸ਼ਬਨਮ ਨੂੰ ਬਾਹਾਂ ਵਿੱਚ ਲੈ ਲਿਆ ਤਾਂ ਸ਼ਬਨਮ ਨੇ ਉਸਦੀ ਦਲੇਰੀ ਦੀ ਸ਼ਲਾਘਾ ਕੀਤੀ। ਇਸ ਤੋਂ ਬਾਅਦ ਦੋਵਾਂ ਦੇ ਨਜਾਇਜ਼ ਸਬੰਧ ਆਰੰਭ ਹੋ ਗਏ। ਸਲਮਾਨ ਨੂੰ ਹੁਣ ਸ਼ਬਨਮ ਤੋਂ ਜੁਦਾਈ ਬਿਲਕੁਲ ਬਰਦਾਸ਼ਤ ਨਹੀਂ ਹੁੰਦੀ ਸੀ। ਉਹ ਚਾਹੁੰਦਾ ਸੀ ਕਿ ਸ਼ਬਨਮ ਹਮੇਸ਼ਾ ਉਸ ਦੀਆਂ ਅੱਖਾਂ ਦੇ ਸਾਹਮਣੇ ਰਹੇ। ਪਰ ਇਹ ਸੰਭਵ ਨਹੀਂ ਸੀ। ਫ਼ਿਰ ਵੀ ਉਹ ਹਰ ਪਲ ਉਸੇ ਦੀਆਂ ਯਾਦਾਂ ਵਿੱਚ ਗੁਆਚਿਆ ਰਹਿੰਦਾ ਅਤੇ ਉਸ ਨੂੰ ਮਿਲਣ ਦਾ ਮੌਕਾ ਲੱਭਦਾ ਰਹਿੰਦਾ। ਅਕਸਰ ਉਹ ਦੁਪਹਿਰੇ ਕੰਮ ਛੱਡ ਕੇ ਸ਼ਬਨਮ ਨੂੰ ਮਿਲਣ ਪਹੁੰਚ ਜਾਂਦਾ।

ਸਲਮਾਨ ਦੇ ਇਸ ਤਰ੍ਹਾਂ ਕੰਮ ਛੱਡ ਕੇ ਆਉਣ ਤੇ ਰਾਊਫ਼ ਨੂੰ ਸ਼ੱਕ ਹੋਇਆ ਤਾਂ ਉਸਨੇ ਕਰਮਚਾਰੀਆਂ ਤੋਂ ਉਸ ਬਾਰੇ ਪਤਾ ਕੀਤਾ। ਪਤਾ ਲੱਗਿਆ ਕਿ ਸਲਮਾਨ ਉਸਦੀ ਪਤਨੀ ਨਾਲ ਫ਼ੋਨ ਤੇ ਘੰਟਿਆਂ ਬੱਧੀ ਗੱਲਾਂ ਕਰਦਾ ਹੈ। ਅਕਸਰ ਦੁਪਹਿਰ ਨੂੰ ਉਸਨੂੰ ਮਿਲਣ ਵੀ ਜਾਂਦਾ ਹੈ। ਰਾਊਫ਼ ਨੇ ਨਜ਼ਰ ਰੱਖਣੀ ਆਰੰਭ ਕਰ ਦਿੱਤੀ। ਆਖਿਰ ਇੱਕ ਦਿਨ ਉਸ ਨੇ ਸਲਮਾਨ ਨੂੰ ਪਤਨੀ ਨਾਲ ਫ਼ੋਨ ਤੇ ਗੱਲਾਂ ਕਰਦੇ ਪਕੜ ਲਿਆ ਤਾਂ ਉਸਨੇ ਸਲਮਾਨ ਦੀ ਕੁੱਟਮਾਰ ਕਰਕੇ ਕੰਮ ਤੋਂ ਕੱਢ ਦਿੱਤਾ।

ਸਲਮਾਨ ਨੂੰ ਇਸ ਨਾਲ ਕੋਈ ਫ਼ਰਕ ਨਾ ਪਿਆ। ਉਹ ਰਾਊਫ਼ ਦੇ ਘਰ ਦੇ ਠੀਕ ਸਾਹਮਣੇ ਰਹਿੰਦਾ ਸੀ। ਮੌਕਾ ਕੱਢ ਕੇ ਉਹ ਸ਼ਬਨਮ ਨੂੰ ਮਿਲ ਹੀ ਲੈਂਦਾ ਸੀ ਫ਼ੋਨ ਤੇ ਉਹਨਾਂ ਦੀਆਂ ਗੱਲਾਂ ਹੁੰਦੀਆਂ ਰਹਿੰਦੀਆਂ। ਜਦੋਂ ਰਾਊਫ਼ ਨੂੰ ਪਤਾ ਲੱਗਿਆ ਕਿ ਹੁਣ ਵੀ ਸਲਮਾਨ ਅਤੇ ਸ਼ਬਨਮ ਮਿਲਦੇ ਹਨ ਤਾਂ ਉਸਨੂੰ ਡਰ ਲੱਗਣ ਲੱਗਿਆ ਕਿ ਕਿਤੇ ਸਲਮਾਨ ਉਸਦੀ ਪਤਨੀ ਨੂੰ ਭਜਾ ਕੇ ਨਾ ਲੈ ਜਾਵੇ। ਇਸ ਕਰਕੇ ਉਸਨੇ ਸਲਮਾਨ ਨੂੰ ਰਸਤੇ ਤੋਂ ਹਟਾਉਣ ਦਾ ਫ਼ੈਸਲਾ ਕੀਤਾ। ਰਾਊਫ਼ ਨੇ ਸਲਮਾਨ ਨੂੰ ਇੰਦੌਰ ਤੋਂ ਕਰੀਬ 150 ਕਿਲੋਮੀਟਰ ਦੂਰ ਲਿਜਾ ਕੇ ਧਾਰ ਜ਼ਿਲ੍ਹੇ ਦੇ ਧਰਮਪੁੀ ਇਲਾਕੇ ਦੇ ਜੰਗਲ ਵਿੱਚ ਹੱਤਿਆ ਕਰਨ ਦੀ ਯੋਜਨਾ ਬਣਾਈ ਤਾਂ ਜੋ ਪੁਲਿਸ ਉਸਦੀ ਲਾਸ਼ ਨਾ ਲੱਭ ਸਕੇ। ਆਪਣੀ ਯੋਜਨਾ ਵਿੱਚ ਉਸ ਨੇ ਆਪਣੇ ਡਰਾਈਵਰ ਸੱਦਾਮ, ਭਤੀਜੇ ਗੋਲੂ ਉਰਫ਼ ਜ਼ਫ਼ਰ ਅਤੇ ਜਾਵੇਦ ਨੂੰ ਸ਼ਾਮਲ ਕੀਤਾ। ਯੋਜਨਾ ਤਾਂ ਬਣ ਗਈ ਪਰ ਹੁਣ ਸਲਮਾਨ ਨੂੰ ਧਰਮਪੁਰੀ ਦੇ ਜੰਗਲ ਤੱਕ ਕਿਵੇਂ ਲਿਜਾਇਆ ਜਾਵੇ, ਇਸ ਤੇ ਵਿੱਚਾਰ ਕੀਤਾ ਗਿਆ। ਉਹ ਆਸਾਨੀ ਨਾਲ ਜਾਣ ਵਾਲਾ ਨਹੀਂ ਸੀ। ਆਖਿਰ ਸਕੀਮ ਬਣਾਈ ਅਤੇ ਇਸ ਕੰਮ ਲਈ ਡਰਾਈਵਰ ਸੱਦਾਮ ਨੂੰ ਤਿਆਰ ਕੀਤਾ। ਉਸ ਨੇ ਸੱਦਾਮ ਨੂੰ ਕਿਹਾ ਕਿ ਉਹ ਸਲਮਾਨ ਨੂੰ ਸ਼ਬਨਮ ਨੂੰ ਮਿਲਾਉਣ ਦੇ ਬਹਾਨੇ ਧਰਮਪੁਰੀ ਦੇ ਜੰਗਲ ਤੱਕ ਲੈ ਜਾਵੇ।

ਯੋਜਨਾ ਮੁਤਾਬਕ 8 ਜਨਵਰੀ 2017 ਨੂੰ ਸੱਦਾਮ ਸਲਮਾਨ ਨੂੰ ਮਿਲਿਆ। ਸੱਦਾਮ ਨੇ ਉਸ ਨੂੰ ਸ਼ਬਨਮ ਨੂੰ ਮਿਲਾਉਣ ਲਈ ਕਿਹਾ ਤਾਂ ਉਹ ਫ਼ੌਰਨ ਤਿਆਰ ਹੋ ਗਿਆ। ਕਿਉਂਕਿ ਪਿਛਲੇ ਇੱਕ ਹਫ਼ਤੇ ਤੋਂ ਉਹ ਸ਼ਬਨਮ ਨੂੰ ਨਹੀਂ ਮਿਲਿਆ ਸੀ। ਸੱਦਾਮ ਸਲਮਾਨ ਨੂੰ ਆਪਣੇ ਨਾਲ ਲੈ ਕੇ ਚੱਲਿਆ ਤਾਂ ਕਈ ਲੋਕਾਂ ਨੇ ਉਸ ਨੂੰ ਸਲਮਾਨ ਦੇ ਨਾਲ ਦੇਖ ਲਿਆ। ਧਰਮਪੁਰੀ ਦੇ ਜੰਗਲ ਵਿੱਚ ਪਹੁੰਚ ਕੇ ਸਲਮਾਨ ਨੇ ਸ਼ਬਨਮ ਦੀ ਬਜਾਏ ਗੋਲੂ, ਜਾਵੇਦ ਅਤੇ ਰਾਊਫ਼ ਖਾਨ ਨੂੰ ਦੇਖਿਆ ਤਾਂ ਸਮਝ ਗਿਆ ਕਿ ਉਸ ਨਾਲ ਧੋਖਾ ਹੋਇਆ ਹੈ।

ਉਹ ਕੁਝ ਕਹਿੰਦਾ ਜਾਂ ਭੱਜਦਾ, ਉਸ ਤੋਂ ਪਹਿਲਾਂ ਸਾਰਿਆਂ ਨੇ ਉਸਨੂੰ ਪਕੜ ਲਿਆ ਅਤੇ ਉਸਦੀ ਕੁੱਟਮਾਰ ਆਰੰਭ ਕਰ ਦਿੱਤੀ। ਕੁੱਟਮਾਰ ਕਰਨ ਤੋਂ ਬਾਅਦ ਉਸਦੇ ਗਲੇ ਵਿੱਚ ਰੱਸੀ ਪਾ ਕੇ ਕਸ ਦਿੱਤੀ ਤਾਂ ਉਸਦੀ ਮੌਤ ਹੋ ਗਈ। ਇਸ ਤੋਂ ਬਾਅਦ ਪਛਾਣ ਲੁਕੋਣ ਦੇ ਲਈ ਉਸਦਾ ਚਿਹਰਾ ਇੱਟ ਨਾਲ ਕੁਚਲ ਦਿੱਤਾ। ਉਸ ਦੇ ਕੱਪੜੇ ਉਤਾਰ ਕੇ ਗੁਪਤ ਅੰਗ ਕੱਟ ਦਿੱਤਾ ਤਾਂ ਜੋ ਉਸ ਦੇ ਧਰਮ ਦਾ ਪਤਾ ਨਾ ਲੱਗੇ। ਗਲੇ ਵਿੱਚ ਤੁਲਸੀ ਦੀ ਮਾਲਾ ਪਾ ਕੇ ਉਸ ਦੀ ਪੈਂਟ ਦੀ ਜੇਬ ਵਿੱਚ ਇੱਕ ਲੜਕੇ ਅਤੇ ਲੜਕੀ ਦੀ ਤਸਵੀਰ ਪਾ ਦਿੱਤੀ।

ਉਹਨਾਂ ਨੇ ਪੁਲਿਸ ਨੂੰ ਗੁੰਮਰਾਹ ਕਰਨ ਲਈ ਕੀਤਾ ਬਹੁਤ ਕੁਝ ਪਰ ਅਪਰਾਧ ਲੁਕ ਨਾ ਸਕਿਆ। ਸਲਮਾਨ ਦੀ ਹੱਤਿਆ ਕਰਨ ਤੋਂ ਬਾਅਦ ਰਾਊਫ਼ ਨੇ ਗੋਲੂ ਅਤੇ ਸੱਦਾਮ ਨੂੰ ਰਾਤ ਨੂੰ ਇੰਦੌਰ ਭੇਜ ਦਿੱਤਾ, ਜਦਕਿ ਖੁਦ ਜਾਵੇਦ ਦੇ ਨਾਲ ਆਪਣੀ ਭੈਣ ਕੋਲ ਧਰਮਪੁਰੀ ਰੁਕ ਗਿਆ ਤਾਂ ਜੋ ਕਿਸੇ ਨੂੰ ਸ਼ੱਕਾ ਨਾ ਹੋਵੇ। ਉਹ ਅਗਲੇ ਦਿਨ ਇੰਦੌਰ ਆ ਗਿਆ ਅਤੇ ਆਪਣੇ ਕੰਮ ਵਿੱਚ ਲੱਗ ਗਿਆ।

# ਸਾਉਣ ਘਟਾ ਚੜ੍ਹ ਆਈਆਂ....



ਆਸਮਾਨ ਵਿੱਚ ਕਾਲੀਆਂ ਘਟਾਵਾਂ, ਮੌਸਮ ਦੀ ਰੰਗੀਨਤਾ ਵਿੱਚ ਗੜੂੰਚ ਹੋਏ ਮੋਰਾਂ ਦੀਆਂ ਕਲੋਲਾਂ, ਮੀਂਹ ਦੀਆਂ ਵਾਛੜਾਂ ਦੇ ਨਾਲ ਨਾਲ ਪੇਂਡੂ ਘਰਾਂ ਵਿੱਚੋਂ ਖੀਰ ਪੂੜਿਆਂ ਦੀ ਆਉਂਦੀ ਸੁਗੰਧ। ਇਹ ਸਭ ਨਜ਼ਾਰੇ ਸਾਉਣ ਮਹੀਨੇ ਦੀ ਖ਼ੂਬਸੂਰਤ ਆਮਦ ਦੀ ਨਿਸ਼ਾਨੀ ਹਨ। ਦੇਸੀ ਮਹੀਨਿਆਂ ਵਿੱਚੋਂ ਸਾਉਣ ਮਹੀਨੇ ਨੂੰ ਅਜਿਹਾ ਮਾਣ ਤੇ ਵਡਿਆਈ ਨਸੀਬ ਹੋਈ ਹੈ ਜੋ ਕਿਸੇ ਹੋਰ ਮਹੀਨੇ ਦੇ ਹਿੱਸੇ ਘੱਟ ਹੀ ਆਈ ਹੈ। ਜਦੋਂ ਤੀਖਣ ਗਰਮੀ ਤੋਂ ਬਾਅਦ ਮੌਸਮ ਸੁਹਾਵਣਾ ਹੋ ਜਾਵੇ ਤਾਂ ਚਾਰ ਚੁਫੇਰੇ ਹਰਿਆਵਲ ਦਸਤਕ ਦੇਣ ਲੱਗ ਜਾਵੇ ਅਤੇ ਸਾਉਣ ਦੀਆਂ ਠੰਢੀਆਂ ਰੁਮਕਦੀਆਂ ਪੌਣਾਂ ਜੋਸ਼ੀਲੀਆਂ ਜੁਆਨੀਆਂ 'ਤੇ ਆਪਣਾ ਜਾਦੂ ਬਿਖੇਰ ਦੇਵੇ ਤਾਂ ਫਿਰ ਗਿੱਧਿਆਂ ਦਾ ਪਿੜ ਮਘਣਾ ਵੀ ਸੁਭਾਵਿਕ ਹੈ:

ਸਾਉਣ ਮਹੀਨੇ ਘਾਹ ਹੋ ਚੱਲਿਆ,
ਰੱਜਣ ਮੱਝੀਆਂ ਗਾਈਂ।
ਗਿੱਧਿਆ ਪਿੰਡ ਵੜ ਵੇ,
ਲਾਂਭ ਲਾਂਭ ਨਾ ਜਾਈਂ।

ਸਾਉਣ ਮਹੀਨੇ ਦੇ ਖ਼ੂਬਸੂਰਤ ਅਤੇ ਸੁਹਾਵਣੇ ਮੌਸਮ ਵਿੱਚ ਆਥਣ ਵੇਲੇ ਜੋਬਨਮੱਤੀਆਂ ਪੇਂਡੂ ਮੁਟਿਆਰਾਂ ਪਿੰਡੋਂ ਬਾਹਰ ਪਿੱਪਲਾਂ, ਬੋਹੜਾਂ ਦੀ ਸੰਘਣੀ ਛਾਵੇਂ ਤੀਆਂ ਦਾ ਅਖਾੜਾ ਭਖਾਉਂਦੀਆਂ ਹਨ ਅਤੇ ਆਪਣੇ ਦਿਲ ਦੀਆਂ ਸੱਧਰਾਂ ਨੂੰ ਮਿਸ਼ਰੀ ਵਰਗੇ ਮਿੱਠੇ ਬੋਲਾਂ ਰਾਹੀਂ ਅਤੇ ਜੁਆਨੀ ਦੇ ਜੋਸ਼ ਨੂੰ ਅੱਡੀਆਂ ਦੀ ਧਮਕ ਰਾਹੀਂ ਗਿੱਧਿਆਂ ਦੇ ਪਿੜ ਵਿੱਚ ਪ੍ਰਗਟ ਕਰਦੀਆਂ ਹਨ। ਤੀਆਂ ਦੇ ਇਨ੍ਹਾਂ ਦਿਲਕਸ਼ ਦਿਨਾਂ ਵਿੱਚ ਪੀਂਘਾਂ ਦੇ ਖ਼ੂਬਸੂਰਤ ਹੁਲਾਰਿਆਂ ਨਾਲ ਵਾਤਾਵਰਨ ਹੋਰ ਨਸ਼ਿਆਇਆ ਹੋਇਆ ਪ੍ਰਤੀਤ ਹੁੰਦਾ ਹੈ। ਪੇਂਡੂ ਮੁਟਿਆਰਾਂ ਇੱਕ ਦੂਜੀ ਨਾਲੋਂ ਵਧਕੇ ਪੀਂਘ ਦੇ ਆਸਮਾਨ ਛੋਂਹਦੇ ਹੁਲਾਰਿਆਂ ਨਾਲ ਬੱਦਲਾਂ ਦਾ ਰੁੱਗ ਭਰਦੀਆਂ ਜਾਪਦੀਆਂ ਹਨ।

ਪੰਜਾਬ ਦੀਆਂ ਪੁਰਾਤਨ ਰੀਤਾਂ ਅਨੁਸਾਰ ਸਾਉਣ ਦੇ ਮਹੀਨੇ ਤੀਆਂ ਦੇ ਤਿਉਹਾਰ ਤੋਂ ਕੁਝ ਦਿਨ ਪਹਿਲਾਂ ਵਿਆਹੁਲੀਆਂ ਕੁੜੀਆਂ ਨੂੰ ਉਨ੍ਹਾਂ ਦੇ ਵੀਰ ਜਾਂ ਮਾਪੇ ਸਹੁਰੇ ਘਰੋਂ ਲੈਣ ਜਾਂਦੇ ਹਨ। ਇਸ ਮੌਕੇ ਵਿਆਹੁਲੀਆਂ ਕੁੜੀਆਂ ਖ਼ੁਸ਼ੀ ਵਿੱਚ ਫੁੱਲੀਆਂ ਨਹੀਂ ਸਮਾਉਂਦੀਆਂ। ਜਿਹੜੇ ਪਰਿਵਾਰ ਕਿਸੇ ਵਜ੍ਹਾ ਨਾਲ ਤੀਆਂ ਦੇ ਮੌਕੇ ਕੁੜੀਆਂ ਨੂੰ ਪੇਕੇ ਘਰ ਨਾ ਲਿਆ ਸਕਣ ਤਾਂ ਉਨ੍ਹਾਂ ਕੁੜੀਆਂ ਨੂੰ ਪੇਕੇ ਪਰਿਵਾਰ ਵੱਲੋਂ 'ਸੰਧਾਰੇ' ਦੇ ਰੂਪ ਵਿੱਚ ਕੱਪੜਾ ਲੀੜਾ, ਖਾਣ ਲਈ ਗੁਲਗੁਲੇ, ਮੱਠੀਆਂ, ਸੇਵੀਆਂ ਜਾਂ ਫਿਰ ਬਿਸਕੁਟ ਵਗੈਰਾ ਭੇਜਣ ਦਾ ਰਿਵਾਜ ਹੈ।

ਪੇਂਡੂ ਮੁਟਿਆਰਾਂ ਤੀਆਂ ਦੀਆਂ ਤਿਆਰੀਆਂ ਵਜੋਂ ਤੀਆਂ ਦੀ ਤਿੱਥ ਤੋਂ ਇੱਕ ਦਿਨ ਪਹਿਲਾਂ ਦੂਜ ਦੀ ਰਾਤ ਨੂੰ ਹੱਥਾਂ 'ਤੇ ਮਹਿੰਦੀ ਲਗਾਉਣ ਦੀ ਰਸਮ ਕਰਦੀਆਂ ਹਨ ਕਿਉਂਕਿ ਤੀਆਂ ਦਾ ਤਿਉਹਾਰ ਮੁਟਿਆਰਾਂ ਦੇ ਹਾਰ ਸ਼ਿੰਗਾਰ ਦਾ ਵੀ ਅਹਿਮ ਪ੍ਰਤੀਕ ਮੰਨਿਆ ਗਿਆ ਹੈ। ਮੁਟਿਆਰਾਂ ਮਹਿੰਦੀ ਦੇ ਨਾਲੋ ਨਾਲ ਗੀਤ ਗਾਉਂਦੀਆਂ ਹਨ:

ਮਹਿੰਦੀ ਮਹਿੰਦੀ ਸਭ ਜਗ ਕਹਿੰਦਾ,
ਮੈਂ ਵੀ ਆਖ ਦਿਆਂ ਮਹਿੰਦੀ।
ਬਾਗਾਂ ਦੇ ਵਿੱਚ ਸਸਤੀ ਵਿਕਦੀ,
ਹੱਟੀਆਂ ਦੇ ਵਿੱਚ ਮਹਿੰਗੀ।
ਘੋਟ ਘੋਟ ਕੇ ਲਾ ਲਈ ਹੱਥਾਂ ਨੂੰ,
ਫੋਲਕ ਬਣ ਬਣ ਲਹਿੰਦੀ।
ਮਹਿੰਦੀ ਸ਼ਗਨਾਂ ਦੀ,
ਧੋਤਿਆਂ ਕਦੇ ਨਾ ਲਹਿੰਦੀ।

ਤੀਆਂ ਦੇ ਇਸ ਰਮਣੀਕ ਉਤਸਵ ਮੌਕੇ ਜੋਬਨਮੱਤੀਆਂ ਮੁਟਿਆਰਾਂ ਆਪਣੀਆਂ ਬਾਹਵਾਂ ਵਿੱਚ ਰੰਗ ਬਿਰੰਗੀਆਂ ਚੂੜੀਆਂ ਚੜ੍ਹਾਉਂਦੀਆਂ ਹਨ। ਆਥਣ ਵੇਲੇ ਪਿੰਡੋਂ ਬਾਹਰ ਸੰਘਣੇ ਦਰੱਖਤਾਂ ਦੇ ਹੇਠਾਂ ਗਿੱਧੇ ਦਾ ਪਿੜ ਮਘਦਾ ਹੈ। ਗਿੱਧੇ ਦੇ ਪਿੜ ਵਿੱਚ ਸਾਉਣ ਮਹੀਨੇ ਦੀ ਸਿਫ਼ਤ ਸਲਾਘਾ ਨਾਲ ਗਿੱਧੇ ਦੀ ਸ਼ੁਰੂਆਤ ਹੁੰਦੀ ਹੈ:

ਛਮ ਛਮ ਛਮ ਛਮ ਪੈਣ ਫੁਹਾਰਾਂ,
ਬਿਜਲੀ ਦੇ ਰੰਗ ਨਿਆਰੇ।
ਆਓ ਕੁੜੀਓ ਗਿੱਧਾ ਪਾਈਏ,
ਸਾਨੂੰ ਸਾਉਣ ਸੈਨਤਾਂ ਮਾਰੇ।
ਫੇਰ ਕਦੋਂ ਨੱਚਣੀਆਂ,
ਜਦੋਂ ਤੀਆਂ ਦੇ ਲੰਘੇ ਦਿਹਾੜੇ।

ਸਾਉਣ ਮਹੀਨੇ ਦੀਆਂ ਕਾਲੀਆਂ ਘਟਾਵਾਂ ਵਿੱਚ ਮਦਹੋਸ਼ ਹੋਈਆਂ ਪੇਂਡੂ ਮੁਟਿਆਰਾਂ ਦੇ ਮੂੰਹੋਂ ਗੀਤ ਨਿਕਲਦਾ ਹੈ:

ਸਾਉਣ ਦਾ ਮਹੀਨਾ ਦਿਨ ਵੇ ਤੀਆਂ ਦੇ,
ਸਭੇ ਸਹੇਲੀਆਂ ਆਈਆਂ।
ਭਿੱਜ ਗਈ ਰੂਹ ਮਿੱਤਰਾ,
ਸਾਉਣ ਘਟਾ ਚੜ੍ਹ ਆਈਆਂ।

ਸਾਉਣ ਮਹੀਨੇ ਦੇ ਇਸ ਖ਼ੂਬਸੂਰਤ ਦ੍ਰਿਸ਼ ਚਿਤਰਨ ਨੂੰ ਵਰਣਨ ਕਰਦਾ ਹੋਰ ਗੀਤ ਫ਼ਿਜ਼ਾਵਾਂ ਚ:

ਆਇਆ ਸਾਵਣ ਦਿਲ ਪਰਚਾਵਣ,
ਝੜੀ ਲੱਗ ਗਈ ਭਾਰੀ।
ਝੂਟੇ ਲੈਂਦੀ ਮਰੀਆ ਭਿੱਜ ਗਈ,
ਨਾਲੇ ਰਾਮ ਪਿਆਰੀ।

ਤੀਆਂ ਦੇ ਤਿਉਹਾਰ ਦੇ ਆਖ਼ਰੀ ਦਿਨ ਤੀਆਂ ਵਿਦਾ ਕਰਨ ਦੀ ਰਸਮ ਕੀਤੀ ਜਾਂਦੀ ਹੈ। ਇਸ ਦਿਨ ਮੁਟਿਆਰਾਂ ਦੇ ਕਈ ਦਿਨਾਂ ਦੇ ਸੰਗਮ ਤੋਂ ਬਾਅਦ ਉਨ੍ਹਾਂ ਦਾ ਵਿਛੜਣ ਨੂੰ ਦਿਲ ਨਹੀਂ ਕਰਦਾ। ਤੀਆਂ ਵਿਦਾ ਕਰਨ ਦੀ ਰਸਮ ਮੌਕੇ ਵਿਆਹ ਵਾਂਗ ਦੋ ਮੁਟਿਆਰਾਂ ਨੂੰ ਲਾੜੀ ਤੇ ਲਾੜਾ ਬਣਾਕੇ ਉਨ੍ਹਾਂ ਦੇ ਸਿਰ ਤੋਂ ਪੈਸਿਆਂ ਵਾਂਗ ਠੀਕਰੀਆਂ ਸੁੱਟੀਆਂ ਜਾਂਦੀਆਂ ਹਨ। ਇਨ੍ਹਾਂ ਠੀਕਰੀਆਂ ਨੂੰ ਧੱਕੇ ਧੁੰਮੇ ਨਾਲ ਚੁੱਗਣ ਨੂੰ ਤੀਆਂ ਲੁੱਟਣਾ ਕਿਹਾ ਜਾਂਦਾ ਹੈ। ਤੀਆਂ ਵਿਦਾਇਗੀ ਦੇ ਇਸ ਦਿਨ ਮੁਟਿਆਰਾਂ ਵੱਲੋਂ ਗਿੱਧਾ ਪਾਉਣ ਦੇ ਨਾਲ ਨਾਲ ਹੋਰ ਚੋਹਲ ਤਮਾਸ਼ੇ ਵੀ ਕੀਤੇ ਜਾਂਦੇ ਹਨ। ਮੁਟਿਆਰਾਂ ਗਿੱਧੇ ਦੇ ਪਿੜ ਤੋਂ ਲੈ ਕੇ ਆਪਣੇ ਘਰਾਂ ਤਕ ਨੱਚ ਨੱਚ ਕੇ ਧਮਾਲਾਂ ਪਾਉਂਦੀਆਂ ਅਤੇ ਗੀਤ ਗਾਉਂਦੀਆਂ ਹਨ:

ਖੜ੍ਹੀ ਕੁੜੀਏ, ਖੜੋਤੀ ਕੁੜੀਏ,
ਚੁੱਕ ਲਿਆ ਲਜਕ ਤੋਂ ਪਾਈਏ।
ਮਾਪਿਓ ਵੇ ਥੋਡੇ ਰਾਜ ਦੇ ਉੱਤੋਂ,
ਅਸੀਂ ਖੇਡ ਕੇ ਘਰਾਂ ਨੂੰ ਆਈਏ।

ਇੱਕ ਵਾਰ ਫੇਰ ਸਾਉਣ ਮਹੀਨੇ ਦੀ ਸਿਫ਼ਤ ਅਤੇ ਭਾਦੋਂ ਨੂੰ ਵਿਛੋੜਿਆਂ ਦਾ ਮਹੀਨਾ ਗਰਦਾਨ ਕੇ ਮੁਟਿਆਰਾਂ ਵਿਦਾਇਗੀ ਦੇ ਅੰਤਿਮ ਗੀਤ ਦੇ ਉਦਾਸ ਬੋਲਾਂ ਨਾਲ ਆਪਣੇ ਘਰਾਂ ਵੱਲ ਵਹੀਰਾਂ ਘੱਤ ਦਿੰਦੀਆਂ ਹਨ:

ਸਾਉਣ ਵੀਰ ਕੱਠੀਆਂ ਕਰੇ,
ਭਾਦੋਂ ਚੰਦਰੀ ਵਿਛੋੜੇ ਪਾਵੇ।

ਆਧੁਨਿਕਤਾ ਅਤੇ ਸਮੇਂ ਦੀ ਤੇਜ਼ ਰਫ਼ਤਾਰ ਕਾਰਨ ਸਾਉਣ ਮਹੀਨੇ ਦੇ ਇਸ ਰਮਣੀਕ ਤਿਉਹਾਰ ਦੀ ਖਿੱਚ ਪਹਿਲਾਂ ਵਾਲੀ ਨਹੀਂ ਰਹੀ। ਲੋਕਾਂ ਵਿੱਚ ਕਾਹਲ ਤੇ ਸੁਖਾਲ ਦੀ ਪ੍ਰਵਿਰਤੀ ਕਾਰਨ ਅੱਜ ਪੰਜਾਬ ਦੇ ਪਿੰਡਾਂ ਦੇ ਸੰਘਣੇ ਪਿੱਪਲ ਤੇ ਬੋਹੜ ਤੀਆਂ ਦੇ ਤਿਉਹਾਰ ਮੌਕੇ ਪੀਂਘ ਦੇ ਹੁਲਾਰਿਆਂ, ਪੰਜਾਬਣਾਂ ਦੇ ਸੰਦਲੀ ਬੋਲਾਂ ਅਤੇ ਗਿੱਧੇ ਦੇ ਪਿੜ ਵਿੱਚ ਜੋਸ਼ੀਲੀਆਂ ਅੱਡੀਆਂ ਦੀ ਧਮਕ ਨੂੰ ਤਰਸਦੇ ਪ੍ਰਤੀਤ ਹੋ ਰਹੇ ਹਨ। ਅੱਜ ਵੀ ਪੰਜਾਬੀ ਸੱਭਿਆਚਾਰ ਅਤੇ ਵਿਰਾਸਤ ਨੂੰ ਧੁਰ ਅੰਦਰ ਤਕ ਪਿਆਰ ਕਰਨ ਵਾਲੇ ਪੰਜਾਬ ਦੇ ਕੁਝ ਪਿੰਡਾਂ ਵਿੱਚ ਤੀਆਂ ਦੇ ਮੌਕੇ ਗਿੱਧੇ ਦਾ ਪਿੜ ਮਘਾਕੇ ਅਮੀਰ ਵਿਰਾਸਤ ਨੂੰ ਜਿਊਂਦਾ ਰੱਖਣ ਦਾ ਸਾਰਥੀ ਉਪਰਾਲਾ ਕੀਤਾ ਜਾ ਰਿਹਾ ਹੈ। ਪੰਜਾਬ ਦੀਆਂ ਸੱਭਿਆਚਾਰਕ ਸੰਸਥਾਵਾਂ ਤੇ ਪੰਜਾਬੀ ਸੱਭਿਆਚਾਰ ਦੇ ਸਪੂਤਾਂ ਨੂੰ ਚਾਹੀਦਾ ਹੈ ਕਿ ਉਹ ਸਾਉਣ ਮਹੀਨੇ ਦੀ ਰੰਗੀਨਤਾ ਨੂੰ ਕਾਇਮ ਅਤੇ ਜਿਊਂਦਾ ਰੱਖਣ ਲਈ ਪਿੰਡਾਂ ਅਤੇ ਸ਼ਹਿਰਾਂ ਵਿੱਚ ਤੀਆਂ ਦੇ ਪਿੜ ਮਘਾਉਣ ਲਈ ਉਸਾਰੂ ਉਪਰਾਲੇ ਵਿੱਢਣ। ਕਿਤੇ ਅਸੀਂ 'ਪੱਛਮੀ' ਸੱਭਿਆਚਾਰ ਦੀ ਵਗ ਰਹੀ ਹਨੇਰੀ ਵਿੱਚ ਗੁਆਚ ਹੀ ਨਾ ਜਾਈਏ ਅਤੇ ਸਾਉਣ ਦੀਆਂ ਤੀਆਂ ਦੇ ਦ੍ਰਿਸ਼ ਪਿੱਪਲਾਂ, ਬੋਹੜਾਂ ਦੀ ਥਾਂ ਸਿਰਫ਼ ਸਟੇਜਾਂ ਤਕ ਹੀ ਨਾ ਸੀਮਤ ਹੋ ਜਾਣ।

## ਯੁੱਧ 'ਨਸ਼ਿਆਂ ਵਿਰੁੱਧ' ਸੌਂਹੁ ਚੁੱਕ ਸਮਾਗਮ ਵਿੱਚ ਵਾਰਡ ਨੰਬਰ 23 ਦੇ ਸੈਂਕੜੇ ਲੋਕਾਂ ਨੇ ਸ਼ਿਰਕਤ ਕਰਕੇ ਨਸ਼ਾ ਮੁਕਤੀ ਵੱਲ ਵਧਾਇਆ ਕਦਮ

# ਰੰਗਲਾ ਪੰਜਾਬ ਬਣਾਉਣ ਲਈ ਨਸ਼ਿਆਂ ਦੀ ਸਮੱਸਿਆ ਦਾ ਜੜ੍ਹੋਂ ਖ਼ਾਤਮਾ ਲਾਜ਼ਮੀ : ਡਾ. ਬਲਬੀਰ ਸਿੰਘ



**ਪਟਿਆਲਾ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨਸ਼ਿਆਂ ਵਿਰੁੱਧ ਚੱਲ ਰਹੀ ਰਾਜ ਪੱਧਰੀ ਮੁਹਿੰਮ ਹੇਠ ਪਟਿਆਲਾ ਦੇ ਵਾਰਡ ਨੰਬਰ 23 ਵਿੱਚ ਨਸ਼ਿਆਂ ਵਿਰੁੱਧ ਸੌਂਹੁ ਚੁੱਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਸੈਂਕੜੇ ਦੀ ਗਿਣਤੀ ਵਿੱਚ ਨੌਜਵਾਨ, ਔਰਤਾਂ, ਬਜ਼ੁਰਗ ਅਤੇ ਸਮਾਜਸੇਵੀ ਸ਼ਾਮਿਲ ਹੋਏ। ਸਮਾਗਮ ਦੀ ਅਗਵਾਈ ਵਾਰਡ ਦੇ ਕੌਂਸਲਰ ਰੁਪਾਲੀ ਗਰਗ ਨੇ ਕੀਤੀ ਅਤੇ ਇਸ ਮੌਕੇ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਮੁੱਖ ਮਹਿਮਾਨ ਵਜੋਂ ਪੁੱਜੇ, ਜਿਨ੍ਹਾਂ ਨੇ ਨਸ਼ਿਆਂ ਨੂੰ ਖਤਮ ਕਰਨ ਵਾਸਤੇ ਲੋਕਾਂ ਨੂੰ ਜਾਗਰੂਕ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਨਵਾਂ ਪੰਜਾਬ ਤਦ ਹੀ ਬਣੇਗਾ ਜਦੋਂ ਅਸੀਂ ਨਸ਼ਿਆਂ ਤੋਂ ਆਜ਼ਾਦ ਹੋਵਾਂਗੇ। ਇਸ ਮੌਕੇ ਕੌਂਸਲਰ ਅਤੇ ਡਾ ਬਲਬੀਰ ਦੇ ਦਫਤਰ ਇੰਚਾਰਜ ਜਸਵੀਰ ਗਾਂਧੀ ਵੀ ਵਿਸ਼ੇਸ਼ ਤੌਰ ਤੇ ਮੌਜੂਦ ਰਹੇ.

ਸਮਾਗਮ ਵਿੱਚ ਹਾਜ਼ਰ ਲੋਕਾਂ ਨੇ ਹੱਥ ਚੁੱਕ ਕੇ ਨਸ਼ਿਆਂ ਤੋਂ ਦੂਰ ਰਹਿਣ ਅਤੇ ਆਪਣੇ ਪਰਿਵਾਰ, ਮੁਹੱਲੇ ਅਤੇ ਇਲਾਕੇ ਨੂੰ ਵੀ ਨਸ਼ਾ ਮੁਕਤ ਬਣਾਉਣ ਦੀ ਸੌਂਹੁ ਲਈ। ਵਾਰਡ ਕੌਂਸਲਰਾਂ ਅਤੇ ਸਥਾਨਕ ਆਗੂਆਂ ਨੇ ਵੀ ਭਾਗ ਲੈਂਦੇ ਹੋਏ ਆਪਣੀ ਜ਼ਿੰਮੇਵਾਰੀ ਨੂੰ ਨਿਭਾਉਣ ਦਾ ਵਾਅਦਾ ਕੀਤਾ।

ਡਾ. ਬਲਬੀਰ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ "ਨਸ਼ਿਆਂ ਨਾਲ ਲੜਾਈ ਸਿਰਫ ਸਰਕਾਰ ਜਾਂ ਪੁਲਿਸ ਦੀ ਨਹੀਂ, ਸਗੋਂ ਸਾਰੇ ਸਮਾਜ ਦੀ ਹੈ। ਜਦੋਂ ਤੱਕ ਹਰ ਇੱਕ ਨਾਗਰਿਕ ਇਸ ਮੁਹਿੰਮ ਵਿੱਚ ਭਾਗ ਨਹੀਂ ਲੈਂਦਾ, ਤਦ ਤੱਕ ਨਤੀਜੇ ਨਹੀਂ ਆ ਸਕਦੇ। ਅਸੀਂ ਨਵਾਂ ਪੰਜਾਬ, ਰੰਗਲਾ ਪੰਜਾਬ ਬਣਾਉਣਾ ਹੈ, ਤਾਂ ਪਹਿਲਾਂ ਨਸ਼ਿਆਂ ਨੂੰ ਜੜ ਤੋਂ ਖਤਮ ਕਰਨਾ ਪਵੇਗਾ।

ਉਨ੍ਹਾਂ ਨੇ ਦੱਸਿਆ ਕਿ ਸਰਕਾਰ ਵੱਲੋਂ ਪਿੰਡ ਪੱਧਰ ਤੋਂ ਲੈ ਕੇ ਸ਼ਹਿਰੀ ਇਲਾਕਿਆਂ ਤੱਕ ਨਸ਼ਾ ਵਿਰੋਧੀ ਕੈਂਪੇਨ ਚਲਾਈ ਜਾ ਰਹੀ ਹੈ। ਅਸੀਂ ਸਿਰਫ਼ ਵਾਰਡਾਂ ਤੋਂ ਨਹੀਂ, ਬਲਕਿ ਸਾਰੇ ਪੰਜਾਬ ਤੋਂ ਨਸ਼ਿਆਂ ਦੀ ਜੜ ਕੱਢਣ ਲਈ ਕਮਰਕਸ ਲਈ ਹੈ। ਜੇਕਰ ਲੋਕਾਂ ਦਾ ਸਹਿਯੋਗ ਮਿਲੇ ਤਾਂ ਨਤੀਜੇ ਹੋਰ ਤੇਜ਼ੀ ਨਾਲ ਆਉਣਗੇ ।ਉਨ੍ਹਾਂ ਕਿਹਾ ਕਿ ਨਸ਼ਿਆਂ ਨਾਲ ਜੰਗ ਜਿੱਤਣ ਲਈ ਹਰੇਕ ਵਿਅਕਤੀ ਨੂੰ ਆਪਣਾ ਭੂਮਿਕਾ ਨਿਭਾਉਣੀ ਪਵੇਗੀ। ਰੰਗਲਾ ਪੰਜਾਬ ਤਦ ਹੀ ਸੰਭਵ ਹੈ ਜਦੋਂ ਅਸੀਂ ਇਕੱਠੇ ਹੋ ਕੇ ਨਸ਼ਿਆਂ ਨੂੰ ਹਰਾਵਾਂਗੇ।

ਸਮਾਗਮ ਦੌਰਾਨ ਕਈ ਨੌਜਵਾਨਾਂ ਨੇ ਖੁੱਲ ਕੇ ਅੱਗੇ ਆਉਂਦੇ ਹੋਏ ਕਿਹਾ ਕਿ ਉਹ ਆਪਣੇ ਵਾਰਡ, ਸਕੂਲ ਅਤੇ ਕਾਲਜ ਵਿਚ ਨਸ਼ਾ ਮੁਕਤੀ ਸੂਚਨਾ ਮੁਹਿੰਮ ਚਲਾਉਣਗੇ। ਮਹਿਲਾਵਾਂ ਨੇ ਵੀ ਇਸ ਮੁਹਿੰਮ ਨੂੰ ਘਰ-ਘਰ ਤੱਕ ਪਹੁੰਚਾਉਣ ਦਾ ਵਾਅਦਾ ਕੀਤਾ। ਸਮਾਗਮ ਦੌਰਾਨ ਪ੍ਰਦੀਪ ਗਰਗ, ਰਾਜਕੁਮਾਰ, ਹਰੀ ਨਰਾਇਣ ਮਹਿਮਪੁਰੀ, ਜਗਦੀਪ ਸਿੰਘ ਢੀਂਡਸਾ, ਜਸਵਿੰਦਰ ਸਿੰਘ, ਗੁਰਦੀਪ ਕੌਰ, ਕਵਿਤਾ, ਐਮ.ਐਲ.ਮਿੱਤਲ, ਵਰਿੰਦਰ ਕੌਸ਼ਲ, ਰਾਕੇਸ਼ ਸ਼ਰਮਾ, ਤ੍ਰਿਲੋਕ, ਗੁਰਚਰਨ ਸਿੰਘ, ਸੁਹਾਨਾ ਪਰਵੀਨ, ਅਮਰੀਕ ਕੌਰ, ਡੀ.ਪੀ. ਸਿੰਘ, ਸ਼ਾਮ ਲਾਲ ਤੋਂ ਇਲਾਵਾ ਇਲਾਕੇ ਦੇ ਸੈਂਕੜੇ ਲੋਕ ਮੌਜੂਦ ਸਨ।

## ਸਕੂਲਾਂ ਦੇ ਵਿਦਿਆਰਥੀਆਂ ਨੂੰ ਰੋਜ਼ਗਾਰ ਦੇ ਪੈਦਾ ਹੋ ਰਹੇ ਨਵੇਂ ਮੌਕਿਆਂ ਤੋਂ ਕੀਤਾ ਜਾਵੇ ਜਾਗਰੂਕ : ਡਾ. ਪ੍ਰੀਤੀ ਯਾਦਵ

**➢ ਸਰਕਾਰੀ ਸਕੂਲਾਂ ਦੇ 250 ਮਾਰਗ ਦਰਸ਼ਕ ਅਧਿਆਪਕਾਂ ਨਾਲ ਕਿੱਤਾ ਮਾਹਰਾਂ ਨੇ ਪਾਈ ਸਾਂਝ ➢ ਰੋਜ਼ਗਾਰ ਬਿਊਰੋ ਨੇ ਚੌਥੀ ਕਾਊਂਸਲਿੰਗ ਆਫ਼ ਕਾਊਂਸਲਰਜ ਮੀਟ ਕਰਵਾਈ**

**ਪਟਿਆਲਾ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਰੋਜ਼ਗਾਰ ਦੇ ਪੈਦਾ ਹੋ ਰਹੇ ਨਵੇਂ ਮੌਕਿਆਂ ਤੋਂ ਜਾਗਰੂਕ ਕਰਨ ਲਈ ਸਕੂਲਾਂ ਦੇ ਕਰੀਅਰ ਕਾਊਂਸਲਰ ਅਧਿਆਪਕ ਅਹਿਮ ਭੂਮਿਕਾ ਨਿਭਾਅ ਸਕਦੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਸਰਕਾਰੀ ਸਕੂਲਾਂ ਦੇ 250 ਕਰੀਅਰ ਕਾਊਂਸਲਰ (ਮਾਰਗ ਦਰਸ਼ਕ) ਅਧਿਆਪਕਾਂ ਦੀ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਕਰਵਾਈ ਚੌਥੀ ਕਾਊਂਸਲਿੰਗ ਆਫ਼ ਕਾਊਂਸਲਰਜ਼ ਮੀਟ ਮੌਕੇ ਕੀਤਾ।

ਡਾ. ਪ੍ਰੀਤੀ ਯਾਦਵ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਵਿਸ਼ਵੀਕਰਨ ਦੇ ਇਸ ਦੌਰ ਵਿੱਚ ਰੋਜ਼ਗਾਰ ਨਵੀਂ ਖੋਜਾਂ ਹੋ ਰਹੀਆਂ ਤੇ ਰੋਜ਼ਗਾਰ ਦੇ ਨਵੇਂ ਤੋਂ ਨਵੇਂ ਮੌਕੇ ਬਣ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਵਿਦਿਆਰਥੀਆਂ ਨੂੰ ਸਮੇਂ ਦਾ



ਹਾਣੀ ਬਣਾ ਕੇ ਰੱਖਿਆ ਜਾਵੇ ਤੇ ਉਨ੍ਹਾਂ ਨੂੰ ਵਿਸ਼ਵ ਪੱਧਰ 'ਤੇ ਹੋ ਰਹੀਆਂ ਨਵੀਂ ਤਬਦੀਲੀ ਸਬੰਧੀ ਜਾਗਰੂਕ ਕੀਤਾ ਜਾਵੇ ਤੇ ਵਿਦਿਆਰਥੀਆਂ ਦਾ ਸਹੀ ਮਾਰਗ ਦਰਸ਼ਨ ਕਰਕੇ ਉਨ੍ਹਾਂ ਨੂੰ ਰੋਜ਼ਗਾਰ ਦੇ ਬਿਹਤਰ ਮੌਕੇ ਪ੍ਰਦਾਨ ਕੀਤੇ ਜਾ ਸਕਦੇ ਹਨ।

ਅੱਜ ਦੀ ਇਸ ਕਾਊਂਸਲਰ ਮੀਟ 'ਚ ਵੱਖ ਵੱਖ ਕਿੱਤਾ ਮਾਹਿਰਾਂ ਨੇ ਆਪਣੇ ਵਿਚਾਰ ਕਾਊਂਸਲਰਾਂ ਨਾਲ ਸਾਂਝੇ ਕੀਤੇ। ਇਸ ਲੜੀ ਵਿਚ ਡਾ. ਦਮਨਜੀਤ ਸੰਧੂ ਨੇ ਚਾਈਲਡ ਸਾਈਕਾਲੋਜੀ ਬਾਰੇ ਭਰਪੂਰ ਜਾਣਕਾਰੀ ਮੁਹੱਈਆ ਕਰਵਾਈ, ਡਾ. ਕੋਮਲ ਰਾਣਾ ਨੇ ਐਮ.ਬੀ.ਏ ਅਤੇ ਕਾਮਰਸ ਬਾਰੇ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ, ਸੀ-ਪਾਈਟ ਟਰੇਨਿੰਗ ਅਫਸਰ ਯਾਦਵਿੰਦਰ ਸਿੰਘ ਨੇ ਨੇਵੀ, ਏਅਰ ਫੋਰਸ ਅਤੇ ਪੰਜਾਬ ਪੁਲਿਸ ਵਿਚ ਨੌਜਵਾਨਾਂ ਦੀ ਭਰਤੀ ਲਈ ਸਰੀਰਕ ਮਾਪਦੰਡਾਂ ਬਾਰੇ ਜਾਣਕਾਰੀ ਦਿੱਤੀ।

ਕਰੀਅਰ ਕਾਊਂਸਲਰ ਮਾਨਿਕ ਰਾਜ ਸਿੰਗਲਾ ਨੇ ਬੈਂਕਿੰਗ, ਫਾਈਨਾਂਸ ਅਤੇ ਇੰਸ਼ੋਰੈਂਸ ਬਾਰੇ ਤੇ ਡਾ. ਅੰਜੂ ਬਾਲਾ ਨੇ ਕੰਪਿਊਟਰ ਅਤੇ ਏ.ਆਈ ਬਾਰੇ ਜਾਣਕਾਰੀ ਦਿੱਤੀ। ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਪਟਿਆਲਾ ਦੇ ਡਿਪਟੀ ਡਾਇਰੈਕਟਰ ਮੇਜਰ ਹਰਪ੍ਰੀਤ ਸਿੰਘ ਮਾਨਸ਼ਾਹੀਆ ਨੇ ਡਿਪਟੀ ਕਮਿਸ਼ਨਰ, ਕਿੱਤਾ ਮਾਹਿਰਾਂ ਤੇ ਕਾਊਂਸਲਰਾਂ ਦਾ ਧੰਨਵਾਦ ਕੀਤਾ।

## ਐਸ.ਸੀ.ਬੀ.ਸੀ. ਅਤੇ ਰਿਟਾਇਰਡ ਵਰਕਰਜ਼ ਭਾਈਚਾਰਾ ਯੂਨੀਅਨ ਵੱਲੋਂ ਪੀ.ਆਰ.ਟੀ.ਸੀ. ਦੇ ਮੁੱਖ ਦਫਤਰ ਸਾਹਮਣੇ ਰੋਸ ਮੁਜ਼ਾਹਰਾ



**ਪਟਿਆਲਾ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਵਿਖੇ ਪੀ.ਆਰ.ਟੀ.ਸੀ. ਦੇ ਮੁੱਖ ਦਫਤਰ ਦੇ ਸਾਹਮਣੇ ਏਟਕ, ਇੰਟਕ, ਕਰਮਚਾਰੀ ਦਲ, ਐਸ.ਸੀ.ਬੀ.ਸੀ. ਅਤੇ ਰਿਟਾਇਰਡ ਵਰਕਰਜ਼ ਭਾਈਚਾਰਾ ਯੂਨੀਅਨ ਏਟਕ ਤੇ ਆਧਾਰਤ ਕੰਮ ਕਰਦੀ ਸਾਂਝੀ ਐਕਸ਼ਨ ਕਮੇਟੀ ਵਲੋਂ ਰੋਸ ਭਰਪੂਰ ਵਿਸ਼ਾਲ ਮੁਜਾਹਰਾ ਕੀਤਾ ਗਿਆ। ਕਿਉਂਕਿ ਪੀ.ਆਰ.ਟੀ.ਸੀ. ਵਲੋਂ ਆਪਣੇ ਰੈਗੂਲਰ ਮੁਲਾਜਮਾਂ ਨੂੰ ਹੁਣ ਤੱਕ ਜੂਨ ਮਹੀਨੇ ਦੀ ਤਨਖਾਹ ਵਰਕਰਾਂ ਦੇ ਖਾਤਿਆਂ ਵਿੱਚ ਨਹੀਂ ਪਾਈ ਗਈ। ਇਹ ਆਰਥਕ ਜੁਲਮ ਪੰਜਾਬ ਦੀ ਆਮ ਆਦਮੀ ਦੇ ਨਾਂ ਤੇ ਬਣੀ ਸਰਕਾਰ ਵਲੋਂ ਕੀਤਾ ਜਾ ਰਿਹਾ ਹੈ। ਜਿਸਦਾ ਹੀ ਸਿੱਟਾ ਹੈ ਕਿ ਵਰਕਰਾਂ ਨੂੰ ਤਨਖਾਹ ਮਹੀਨਾ–ਮਹੀਨਾ ਲੇਟ ਮਿਲ ਰਹੀ ਹੈ। ਬਾਕੀ ਨਾ ਪੇ ਕਮਿਸ਼ਨ ਦਾ ਬਕਾਇਆ ਦਿੱਤਾ ਜਾ ਰਿਹਾ ਹੈ ਨਾ ਹੀ ਮੈਡੀਕਲ ਬਿੱਲਾਂ ਦੇ ਪੈਸੇ ਮਿਲਦੇ ਹਨ ਨਾ ਹੀ ਅਨੇਕਾ ਤਰ੍ਹਾਂ ਦੇ ਬਕਾਏ ਦਿੱਤੇ ਜਾ ਰਹੇ ਹਨ। ਨਾ ਹੀ ਐਲ.ਟੀ.ਸੀ. ਦਿੱਤੀ ਜਾ ਰਹੀ ਹੈ। ਨਾ ਹੀ ਡੀ.ਏ. ਦੀਆਂ ਕਿਸ਼ਤਾਂ ਦਾ ਏਰੀਅਰ ਦਿੱਤਾ ਜਾ ਰਿਹਾ ਹੈ। ਸੇਵਾ ਮੁਕਤ ਕਰਮਚਾਰੀਆਂ ਦੇ ਸੇਵਾ ਮੁਕਤੀ ਉਪਰੰਤ ਮਿਲਣ ਵਾਲੀਆਂ ਅਦਾਇਗੀਆਂ ਨਹੀਂ ਕੀਤੀਆਂ ਜਾ ਰਹੀਆਂ। ਪ੍ਰਾਈਵੇਟ ਬਸ ਲਾਬੀ ਦੇ ਦਬਾਅ ਥੱਲੇ ਸਰਕਾਰੀ ਖੇਤਰ ਦੀ ਟਰਾਂਸਪੋਰਟ ਵਿੱਚ ਬੱਸਾਂ ਪਾਉਣ ਨਹੀਂ ਦਿੱਤੀਆਂ ਜਾ ਰਹੀਆਂ। ਪੰਜਾਬ ਸਰਕਾਰ ਵੱਲੋਂ ਸੋਧੇ ਹੋਏ ਟੀ.ਏ. ਰੇਟ ਲਾਗੂ ਨਹੀਂ ਕੀਤੇ ਜਾ ਰਹੇ। ਇਸੇ ਤਰ੍ਹਾਂ ਹੋਰ ਬਹੁਤ ਸਾਰੀਆਂ ਕਾਨੂੰਨੀ ਤੌਰ ਤੇ ਮੰਨੀਆਂ ਪਰਮੰਨੀਆਂ ਮੰਗਾਂ ਲਾਗੂ ਨਹੀਂ ਕੀਤੀਆਂ ਜਾ ਰਹੀਆਂ। ਵਰਕਰਾਂ ਦੀਆਂ ਤਰੱਕੀਆਂ ਨੂੰ ਲਟਕਾਕੇ ਰੱਖਿਆ ਹੋਇਆ ਹੈ।

ਵਰਕਰਾਂ ਦੇ ਅਥਾਹ ਗੁੱਸੇ ਦਾ ਸਪਸ਼ਟ ਤੌਰ ਤੇ ਝਲਕਦੇ ਰੋਸ ਮੁਜਾਹਰੇ ਨੂੰ ਸਰਵ ਸ੍ਰੀ ਨਿਰਮਲ ਸਿੰਘ ਧਾਲੀਵਾਲ ਕਨਵੀਨਰ ਅਤੇ ਮੈਂਬਰਾਨ ਬਲਦੇਵ ਰਾਜ ਬੱਤਾ, ਹਰਪ੍ਰੀਤ ਸਿੰਘ ਖਟੜਾ, ਗੁਰਜੰਟ ਸਿੰਘ, ਮੁਹੰਮਦ ਖਲੀਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਤਨਖਾਹ ਸਮੇਂ ਸਿਰ ਨਾ ਮਿਲਣ ਦੀ ਸਿੱਧੀ ਜਿੰਮੇਵਾਰੀ ਅਦਾਰੇ ਦੇ ਚੇਅਰਮੈਨ ਸ੍ਰੀ ਰਣਯੋਧ ਸਿੰਘ ਹਡਾਣਾ ਦੇ ਸਿਰ ਆਉਂਦੀ ਹੈ। ਜਿਹੜੇ ਕਿ ਬਣਦੇ 700 ਕਰੋੜ ਵਿਚੋਂ ਤਨਖਾਹ ਲਈ ਪੈਸੇ ਨਹੀਂ ਹਾਸਲ ਕਰਵਾ ਸਕਦੇ। ਸਰਕਾਰ ਦੇ ਪੰਜ ਛੇ ਸਿਆਸੀ ਨੁਮਾਇੰਦੇ ਪੀ.ਆਰ.ਟੀ.ਸੀ. ਦੇ ਬੋਰਡ ਆਫ ਡਾਇਰੈਕਟਰਜ਼ ਵਿੱਚ ਨਿਯੁਕਤ ਕੀਤੇ ਹੋਏ ਹਨ। ਪਰ ਉਹਨਾਂ ਸਭਨਾ ਦੀ ਕਾਰਗੁਜਾਰੀ ਅਦਾਰੇ ਪ੍ਰਤੀ ਸਿਰਫ ਦੇ ਬਰਾਬਰ ਹੈ।

ਮੁੱਖ ਆਗੂਆਂ ਤੋਂ ਇਲਾਵਾ ਜਿਹਨਾ ਹੋਰ ਆਗੂਆਂ ਨੇ ਮੁਜਾਹਰਾਕਾਰੀਆਂ ਨੂੰ ਸੰਬੋਧਨ ਕੀਤਾ ਉਹਨਾਂ ਵਿੱਚ ਸਰਵ ਸ੍ਰੀ ਗੰਡਾ ਸਿੰਘ, ਦਲਜੀਤ ਸਿੰਘ, ਉਤਮ ਸਿੰਘ ਬਾਗੜੀ ਅਤੇ ਨਸੀਬ ਚੰਦ ਸ਼ਾਮਲ ਸਨ। ਸਟੇਜ਼ ਸਕੱਤਰ ਦੇ ਤੌਰ ਤੇ ਸੁਖਦੇਵ ਰਾਮ ਸੁੱਖੀ ਨੇ ਮੰਚ ਸੰਚਾਲਨ ਕੀਤਾ। ਐਕਸ਼ਨ ਕਮੇਟੀ ਨੇ ਐਲਾਨ ਕੀਤਾ ਕਿ ਇੱਕ ਦੋ ਦਿਨ ਉਡੀਕ ਕਰਨ ਉਪਰੰਤ ਅਗਲੇ ਸਖਤ ਐਕਸ਼ਨ ਦਾ ਐਲਾਨ ਕੀਤਾ ਜਾਵੇਗਾ।

## ਨਸ਼ਾ ਮੁਕਤੀ ਯਾਤਰਾ ਨਾਲ ਪੰਜਾਬ ਦੇ ਲੋਕ ਨਸ਼ਿਆਂ ਵਿਰੁੱਧ ਹੋਏ ਲਾਮਬੰਦ : ਡਾ ਬਲਬੀਰ ਸਿੰਘ

**ਪਟਿਆਲਾ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ: ਬਲਬੀਰ ਸਿੰਘ ਨੇ ਵਾਰਡ ਨੰ: 14, 16 ,21, 23 , 24 , 25 ,26, 27, 28 ਅਤੇ 29 ਵਿਖੇ ਯੁੱਧ ਨਸ਼ਿਆਂ ਵਿਰੁੱਧ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਸਥਾਨਕ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਸਬੰਧੀ ਜਾਗਰੁਕ ਕਰਨਾ ਅਤੇ ਨਸ਼ਾ ਮੁਕਤ ਪੰਜਾਬ ਦੀ ਸਥਾਪਨਾ ਲਈ ਸਮਾਜਿਕ ਸਹਿਯੋਗ ਨੂੰ ਉਤਸ਼ਾਹਿਤ ਕਰਨਾ ਹੈ। ਉਹਨਾਂ ਨਸ਼ਾ ਮੁਕਤੀ ਯਾਤਰਾ ਦੌਰਾਨ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ ਲੋਕਾਂ ਦੇ ਇਕੱਠ ਨੂੰ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿਚੋਂ ਨਸ਼ਾ ਖ਼ਤਮ ਕਰਨ ਲਈ ਜਿੱਥੇ ਨਸ਼ਾ ਤਸਕਰਾਂ ਖਿਲਾਫ਼ ਵੱਡੀ ਕਾਰਵਾਈ ਕੀਤੀ ਜਾ ਰਹੀ ਹੈ ਉੱਥੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਰੱਧ ਕਰਨ ਲਈ ਵਿਸ਼ੇਸ਼ ਜਾਗੁਰਤਾ ਮੁਹਿੰਮ ਵੀ ਚਲਾਈ ਜਾ ਰਹੀ ਹੈ ।

ਡਾ: ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਨਸ਼ਿਆਂ ਦੇ ਖਾਤਮੇ ਲਈ ਦ੍ਰਿੜ ਸੰਕਲਪ ਹੈ । ਉਹਨਾਂ ਇਲਾਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਨਸ਼ਾ ਵਿਕਣ ਅਤੇ ਵਰਤਣ ਵਾਲਿਆਂ ਦਾ ਸਮਾਜਿਕ ਬਾਈਕਾਟ ਕੀਤਾ ਜਾਵੇ ਅਤੇ ਨਸ਼ੇ ਦੀ ਦਲਦਲ ਵਿੱਚ ਫ਼ਸੇ ਵਿਅਕਤੀਆਂ ਨੂੰ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਇਲਾਜ ਲਈ ਪ੍ਰੇਰਿਤ ਕੀਤਾ ਜਾਵੇ, ਜਿੱਥੇ ਮੁਫ਼ਤ ਅਤੇ ਢੁਕਵਾਂ ਇਲਾਜ ਮੁਹੱਈਆ ਕਰਵਾਇਆ ਜਾਂਦਾ ਹੈ ।ਓਹਨਾ ਕਿਹਾ ਕਿ ਸਰਕਾਰ ਵੱਲੋਂ ਨਸ਼ਾ ਛੱਡ ਚੁੱਕੇ ਨੌਜਵਾਨਾਂ ਨੂੰ ਰੋਜ਼ਗਾਰ ਵੀ ਦਿੱਤਾ ਜਾ ਰਿਹਾ ਹੈ। ਡਾ ਬਲਬੀਰ ਸਿੰਘ ਨੇ ਇਲਾਕਾ ਵਾਸੀਆਂ ਨੂੰ ਨਸ਼ਿਆਂ ਖਿਲਾਫ਼ ਪੰਜਾਬ ਸਰਕਾਰ ਦੀ ਇਸ ਜੰਗ ' ਚ ਸਰਕਾਰ ਤੇ ਪ੍ਰਸ਼ਾਸ਼ਨ ਦਾ ਸਾਥ ਦੇਣ ਲਈ ਪ੍ਰੇਰਿਤ ਕੀਤਾ ।ਉਹਨਾਂ ਇਸ ਮੌਕੇ ਜਾਗਰੂਕਤਾ ਸਭਾਵਾਂ ਵਿੱਚ ਹਾਜ਼ਰ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਨਸ਼ਾ ਮੁਕਤੀ ਮੁਹਿੰਮ ਵਿੱਚ ਆਪਣਾ ਯੋਗਦਾਨ ਪਾਉਣ ਦਾ ਪ੍ਰਣ ਵੀ ਦਿਵਾਇਆ।

## ਡੀ.ਸੀ. ਵੱਲੋਂ ਲੋਕਾਂ ਨੂੰ ਮਾਲ ਤੇ ਟਰਾਂਸਪੋਰਟ ਵਿਭਾਗਾਂ ਦੀਆਂ ਸੇਵਾਵਾਂ ਘਰ ਬੈਠੇ ਹੀ ਪ੍ਰਾਪਤ ਕਰਨ ਜਾਂ ਸੇਵਾ ਕੇਂਦਰਾਂ ਤੋਂ ਲੈਣ ਦੀ ਅਪੀਲ

**➢ ਮਾਲ ਤੇ ਟਰਾਂਸਪੋਰਟ ਵਿਭਾਗਾਂ ਦੀਆਂ ਸੇਵਾਵਾਂ ਡੋਰ ਸਟੈਪ ਡਲਿਵਰੀ ਤੇ ਸੇਵਾ ਕੇਂਦਰਾਂ ਤੋਂ ਪ੍ਰਦਾਨ ਕਰਨ ਦਾ ਜਾਇਜ਼ਾ ਲਿਆ➢ ਲੋਕ 1076 ਨੰਬਰ 'ਤੇ ਕਾਲ ਕਰਕੇ 26 ਵਿਭਾਗਾਂ ਦੀਆਂ 440 ਸੇਵਾਵਾਂ ਘਰ ਬੈਠੇ ਪ੍ਰਾਪਤ ਕਰਨ**



**ਪਟਿਆਲਾ, 30 ਜੁਲਾਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਪਟਿਆਲਾ ਨਿਵਾਸੀਆਂ ਨੂੰ ਮਾਲ ਵਿਭਾਗ ਅਤੇ ਟਰਾਂਸਪੋਰਟ ਵਿਭਾਗ ਨਾਲ ਸਬੰਧਤ ਸੇਵਾਵਾਂ ਆਪਣੇ ਘਰਾ ਬੈਠੇ ਹੀ ਡੋਰ ਸਟੈਪ ਡਲਿਵਰੀ ਰਾਹੀਂ ਜਾਂ ਸੇਵਾ ਕੇਂਦਰਾਂ ਤੋਂ ਲੈਣ ਦੀ ਅਪੀਲ ਕੀਤੀ ਹੈ। ਡਿਪਟੀ ਕਮਿਸ਼ਨਰ ਨੇ ਖੇਤਰੀ ਟਰਾਂਸਪੋਰਟ ਅਫ਼ਸਰ ਬਬਨਦੀਪ ਸਿੰਘ ਵਾਲੀਆ, ਜ਼ਿਲ੍ਹਾ ਮਾਲ ਅਫ਼ਸਰ, ਜ਼ਿਲ੍ਹਾ ਸਿਸਟਮ ਮੈਨੇਜਰ ਸੁਖਮੰਦਰ ਸਿੰਘ, ਜ਼ਿਲ੍ਹਾ ਆਈ.ਟੀ ਮੈਨੇਜਰ ਰੋਬਿਨ ਸਿੰਘ ਅਤੇ ਡੀ.ਐਮ ਸੇਵਾ ਕੇਂਦਰ ਗੁਰਪ੍ਰੀਤ ਸਿੰਘ ਤੋਂ ਇਹ ਸੇਵਾਵਾਂ ਲੋਕਾਂ ਨੂੰ ਸੁਖਾਲੇ ਢੰਗ ਨਾਲ ਪ੍ਰਦਾਨ ਕਰਨ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਦੀ ਅਗਵਾਈ ਹੇਠ ਇਸ ਨਿਵੇਕਲੀ ਪਹਿਲਕਦਮੀ ਦਾ ਲਾਭ ਲੋਕਾਂ ਨੂੰ ਦੇਣ ਲਈ ਕੋਈ ਢਿੱਲ ਮੱਠ ਨਾ ਵਰਤੀ ਜਾਵੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੇਵਾ ਕੇਂਦਰਾਂ ਵਿੱਚ ਦਿੱਤੀਆਂ ਜਾ ਰਹੀਆਂ 440 ਸੇਵਾਵਾਂ ਡੋਰ ਸਟੈਪ ਸਰਵਿਸ ਡਲਿਵਰੀ ਰਾਹੀਂ ਵੀ ਲੋਕਾਂ ਨੂੰ ਘਰਾਂ ਵਿੱਚ ਹੀ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਆਨ ਲਾਈਨ ਫ਼ਰਦ ਤੋਂ ਲੈ ਕੇ ਡਰਾਈਵਿੰਗ ਲਾਇਸੈਂਸ ਤੱਕ ਦੀ ਸਹੂਲਤ ਲੋਕਾਂ ਨੂੰ ਉਨ੍ਹਾਂ ਦੀਆਂ ਬਰੂੰਹਾਂ 'ਤੇ ਪ੍ਰਦਾਨ ਕੀਤੀ ਜਾ ਰਹੀ ਹੈ। ਇਸ ਲਈ ਪਟਿਆਲਾ ਵਾਸੀ 1076 ਨੰਬਰ 'ਤੇ ਕਾਲ ਕਰਕੇ 26 ਵਿਭਾਗਾਂ ਦੀਆਂ 440 ਪ੍ਰਕਾਰ ਦੀਆਂ ਸੇਵਾਵਾਂ ਘਰ ਬੈਠੇ ਪ੍ਰਾਪਤ ਕਰ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਮਾਲ ਵਿਭਾਗ ਦੀਆਂ ਸੇਵਾਵਾਂ ਜਿਸ ਵਿੱਚ ਫਰਦ ਲੈਣੀ, ਵਿਰਾਸਤ ਇੰਤਕਾਲ ਜਾਂ ਰਜਿਸਟਰੀ ਇੰਤਕਾਲ, ਜਮ੍ਹਾਬੰਦੀ 'ਚ ਦਰੁਸਤੀ ਜਾਂ ਰਪਟ ਦਰਜ, ਸਕ੍ਰਿਪਸ਼ਨ ਬੇਨਤੀ (ਖੇਵਟ ਵਿੱਚ ਕਿਸੇ ਤਬਦੀਲੀ ਬਾਰੇ ਫੋਨ 'ਤੇ ਮੈਸੇਜ ਰਾਹੀਂ ਜਾਣੂ ਹੋਣ ਲਈ), ਡਿਜੀਟਲ ਫ਼ਰਦ ਜਮ੍ਹਾਬੰਦੀ ਲੈਣ ਲਈ ਲੋਕਾਂ ਨੂੰ ਤਹਿਸੀਲ ਦਫ਼ਤਰ ਜਾਂ ਪਟਵਾਰੀ ਕੋਲ ਜਾਣ ਦੀ ਲੋੜ ਨਹੀਂ ਰਹੀ। ਇਹ ਸਾਰੀਆਂ 34 ਸੇਵਾਵਾਂ ਪਟਿਆਲਾ ਵਾਸੀ ਜ਼ਿਲ੍ਹੇ ਦੇ 42 ਨੇੜਲੇ ਸੇਵਾ ਕੇਂਦਰ 'ਚ ਜਾ ਫੇਰ ਘਰ ਬੈਠੇ 1076 ਰਾਹੀ ਆਸਾਨੀ ਨਾਲ ਉਪਲਬਧ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਤੀਜੀ ਧਿਰ ਦੀ ਲੁੱਟ ਖਸੁੱਟ ਤੋਂ ਬਚਣ ਲਈ ਸਿੱਧਾ ਸੇਵਾ ਕੇਂਦਰਾਂ ਨਾਲ ਹੀ ਸੰਪਰਕ ਕਰਨ।

ਇਸੇ ਤਰ੍ਹਾਂ ਹੀ ਟਰਾਂਸਪੋਰਟ ਵਿਭਾਗ ਦੀਆਂ 30 ਸੇਵਾਵਾਂ ਹੁਣ ਸਿੱਧੇ ਤੌਰ 'ਤੇ ਘਰ ਬੈਠੇ 1076 ਨੰਬਰ ਰਾਹੀਂ ਜਾਂ ਫੇਰ ਸੇਵਾ ਕੇਂਦਰਾਂ ਰਾਹੀਂ ਉਪਲਬਧ ਕਰਵਾ ਦਿੱਤੀਆਂ, ਜਿਸ ਨਾਲ ਲੋਕਾਂ ਦਾ ਕੀਮਤੀ ਸਮਾਂ ਬਚੇਗਾ ਅਤੇ ਕੰਮ ਵੀ ਪੂਰੀ ਪਾਰਦਰਸ਼ਤਾ ਨਾਲ ਹੋਣਗੇ।ਇਨ੍ਹਾਂ 'ਚ ਵਾਹਨ ਪੋਰਟਲ ਰਾਹੀਂ ਵਹੀਕਲ ਆਰਸੀ ਵਿੱਚ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਵਿੱਚ ਤਬਦੀਲੀ ਅਤੇ ਹਾਇਰ-ਪ੍ਰਚੇਜ ਐਗਰੀਮੈਂਟ ਦੀ ਟਰਮੀਨੇਸ਼ਨ ਸਮੇਤ ਸਾਰਥੀ ਪੋਰਟਲ ਰਾਹੀਂ ਇੰਟਰਨੈਸ਼ਨਲ ਡਰਾਇਵਿੰਗ ਪਰਮਿਟ ਲੈਣ ਲਈ ਵੀ ਹੁਣ ਸੇਵਾ ਕੇਂਦਰਾਂ ਵਿੱਚ ਪਹੁੰਚ ਕੀਤੀ ਜਾ ਸਕਦੀ ਹੈ।

ਇਸ ਮੌਕੇ ਬਬਨਦੀਪ ਸਿੰਘ ਵਾਲੀਆ ਨੇ ਦੱਸਿਆ ਕਿ ਲੋਕ ਡਰਾਈਵਿੰਗ ਲਾਇਸੰਸ ਨਾਲ ਸਬੰਧਿਤ ਸੇਵਾਵਾਂ ਲਰਨਰ ਲਾਇਸੰਸ ਲਈ ਅਰਜ਼ੀ, ਲਰਨਰ ਲਾਇਸੰਸ ਵਿੱਚ ਪਤਾ ਬਦਲਣਾ, ਲਰਨਰ ਲਾਇਸੰਸ ਵਿੱਚ ਨਾਂ ਬਦਲਣਾ, ਲਰਨਰ ਲਾਇਸੰਸ ਦੀ ਨਕਲ ਜਾਰੀ, ਡਰਾਈਵਿੰਗ ਲਾਇਸੰਸ ਦੀ ਨਕਲ ਜਾਰੀ, ਡਰਾਈਵਿੰਗ ਲਾਇਸੰਸ ਨਵਿਆਉਣਾ (ਟੈਸਟ ਦੀ ਲੋੜ ਨਹੀਂ), ਡਰਾਈਵਿੰਗ ਲਾਇਸੰਸ ਦੀ ਬਦਲੀ, ਡਰਾਈਵਿੰਗ ਲਾਇਸੰਸ ਵਿੱਚ ਪਤਾ ਬਦਲਣਾ, ਡਰਾਈਵਿੰਗ ਲਾਇਸੰਸ ਵਿੱਚ ਨਾਂ ਬਦਲਣਾ, ਡਰਾਈਵਿੰਗ ਲਾਇਸੰਸ ਵਿੱਚ ਜਨਮ ਮਿਤੀ ਬਦਲਣਾ, ਲਾਇਸੰਸ ਦੀ ਡਿਟੇਲ ਪ੍ਰਾਪਤੀ, ਲਾਇਸੰਸ ਵਿੱਚ ਵਾਹਨ ਸ਼੍ਰੇਣੀ ਛੱਡਣੀ, ਡਰਾਈਵਰ ਲਈ ਪਬਲਿਕ ਸਰਵਿਸ ਵਾਹਨ ਬੈਜ, ਕੰਡਕਟਰ ਲਾਇਸੰਸ ਨਵਿਆਉਣਾ, ਲਰਨਰ ਲਾਇਸੰਸ ਦੀ ਮਿਆਦ ਵਧਾਉਣਾ ਦੀਆਂ ਸੇਵਾਵਾਂ ਸੇਵਾ ਕੇਂਦਰਾਂ ਤੋਂ ਲੈ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਆਰ.ਸੀ ਨਾਲ ਸਬੰਧਿਤ ਸੇਵਾਵਾਂ ਜਿਸ ਵਿੱਚ ਰਜਿਸਟ੍ਰੇਸ਼ਨ ਸਰਟੀਫਿਕੇਟ ਦੀ ਨਕਲ ਲਈ ਅਰਜ਼ੀ, ਆਰ.ਸੀ ਲਈ ਐਨ.ਓ.ਸੀ. ਦੀ ਅਰਜ਼ੀ, ਆਰ.ਸੀ. ਵਿੱਚ ਪਤਾ ਬਦਲਣਾ, ਫ਼ੀਸ ਦੇ ਕੇ ਆਰ.ਸੀ. ਡੀਟੇਲ ਵੇਖਣਾ, ਵਾਹਨ ਦੀ ਟਰਾਂਸਫ਼ਰ ਆਫ਼ ਆਨਰਸ਼ਿਪ (ਨਾਨ ਟਰਾਂਸਪੋਰਟ), ਮਾਲਕੀ ਤਬਦੀਲੀ ਮਾਮਲੇ ਵਿੱਚ ਲਾਈਫ਼ ਟਾਈਮ ਟੈਕਸ ਦੀ ਅਦਾਇਗੀ, ਹਾਇਰ ਪਰਚੇਜ ਐਗਰੀਮੈਂਟ ਦੀ ਐਂਡੋਰਸਮੈਂਟ, ਮੋਬਾਈਲ ਨੰਬਰ ਅੱਪਡੇਟ ਕਰਵਾਉਣਾ, ਫਿਟਨੈੱਸ ਸਰਟੀਫਿਕੇਟ ਦੀ ਨਕਲ, ਕਮਰਸ਼ੀਅਲ ਵਾਹਨਾਂ ਲਈ ਫਿਟਨੈੱਸ ਸਰਟੀਫਿਕੇਟ ਆਦਿ ਸੇਵਾਵਾਂ ਉਪਲਬਧ ਹਨ।

## ਡੇਂਗੂ ਦੀ ਰੋਕਥਾਮ ਲਈ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਧਾਰਮਿਕ ਤੇ ਇਤਿਹਾਸਕ ਸਥਾਨਾਂ ਦੀ ਕੀਤੀ ਗਈ ਜਾਂਚ



**ਪਟਿਆਲਾ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਮੰਤਰੀ ਡਾ੍ਹ ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਸਿਵਲ ਸਰਜਨ ਪਟਿਆਲਾ ਡਾ੍ਹ ਜਗਪਾਲਇੰਦਰ ਸਿੰਘ ਦੀ ਅਗਵਾਈ ਵਿੱਚ ਡੇਂਗੂ ਵਿਰੋਧੀ ਡਰਾਈ ਡੇਅ ਅਭਿਆਨ ਚਲਾਇਆ ਗਿਆ।

ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਪਟਿਆਲਾ ਜਿਲ੍ਹੇ ਦੇ ਧਾਰਮਿਕ ਅਤੇ ਇਤਿਹਾਸਕ ਸਥਾਨਾਂ ਦੇ ਨਾਲ ਨਾਲ ਕਮਿਊਨਿਟੀ ਸੈਂਟਰਾਂ ਦੀ ਜਾਂਚ ਕੀਤੀ ਗਈ। ਇਸ ਦੌਰਾਨ ਕਾਲੀ ਮਾਤਾ ਮੰਦਰ, ਗੁੱਗਾ ਮਾੜੀ, ਦਰਗਾਹ ਮਾਲਰੋਡ, ਗੁਰਦੁਆਰਾ ਦੁੱਖਨਿਵਾਰਣ ਸਾਹਿਬ ਦੀ ਪਾਰਕਿੰਗ ਤੇ ਲੰਗਰ ਕਾਂਪਲੈਕਸ, ਗੁਰਦੁਆਰਾ ਸਿੰਘ ਸਭਾ ਸਾਹਿਬ, ਮੋਤੀ ਪੈਲੇਸ (ਰੈਜ਼ੀਡੈਂਸ ਕੈਪਟਨ ਅਮਰਿੰਦਰ ਸਿੰਘ), ਐਨਆਈਐਸ, ਪੋਲੋ ਗ੍ਰਾਊਂਡ, ਪਾਸੀ ਰੋਡ ਐਨਵਾਇਰਮੈਂਟ ਪਾਰਕ, ਬਾਰਾਂਦਰੀ ਚਰਚ, ਗੁਰਦੁਆਰਾ ਮੋਤੀ ਬਾਗ ਸਾਹਿਬ, ਸ਼ੀਸ਼ ਮਹਿਲ, ਕਿਲ੍ਹਾ ਮੁਬਾਰਕ, ਬਹਾਵਲਪੁਰ ਕਮਿਊਨਿਟੀ ਹਾਲ ਵਿਖੇ ਡੇਂਗੂ ਦੀ ਰੋਕਥਾਮ ਤੋਂ ਜਾਗਰੂਕਤਾ ਫੈਲਾਉਣ ਸਬੰਧੀ ਗਤੀਵਿਧੀਆਂ ਕੀਤੀਆਂ ਗਈਆਂ ।ਇਸ ਅਭਿਆਨ ਵਿੱਚ ਟੀਮਾਂ ਦਾ ਨਿਰੀਖਣ ਸਿਵਲ ਸਰਜਨ ਸਮੇਤ ਜਿਲ੍ਹਾ ਪ੍ਰੋਗਰਾਮ ਅਫਸਰਾਂ ਅਤੇ ਸੀਨੀਅਰ ਮੈਡੀਕਲ ਅਫਸਰਾਂ ਵੱਲੋਂ ਕੀਤਾ ਗਿਆ।

ਡੇਂਗੂ ਦੇ ਹਾਟ-ਸਪਾਟ ਇਲਾਕਿਆਂ ਦੀ ਨਿਸ਼ਾਨਦੇਹੀ ਕਰਕੇ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਤੁਰੰਤ ਲਾਰਵਾ ਖਤਮ ਕਰਵਾਇਆ ਗਿਆ ।ਇਸ ਮੌਕੇ ਆਮ ਜਨਤਾ ਨੂੰ ਡੇਂਗੂ ਅਤੇ ਮਲੇਰੀਆ ਤੋਂ ਬਚਾਅ ਅਤੇ ਲੱਛਣਾਂ ਸਬੰਧੀ ਜਾਣਕਾਰੀ ਮੁਹੱਈਆ ਕਰਵਾਈ ਗਈ ਅਤੇ ਪਾਣੀ ਦੇ ਖੜ੍ਹੇ ਸਰੋਤਾਂ ਦੀ ਚੈਕਿੰਗ ਕੀਤੀ ਗਈ। ਜਿਨ੍ਹਾਂ ਘਰਾਂ ਅਤੇ ਥਾਵਾਂ ਵਿੱਚ ਡੇਂਗੂ ਦਾ ਲਾਰਵਾ ਮਿਲਿਆ ਉਸ ਨੂੰ ਮੌਕੇ ਉੱਤੇ ਹੀ ਨਸ਼ਟ ਕੀਤਾ ਗਿਆ। ਲੋਕਾਂ ਨੂੰ ਮੱਛਰਾਂ ਦੀ ਪੈਦਾਇਸ਼ ਰੋਕਣ ਲਈ ਆਪਣੇ ਘਰਾਂ ਦੀਆਂ ਛੱਤਾਂ ਜਾਂ ਵਿਹੜੇ ਵਿੱਚ ਪਏ ਕਬਾੜ ਆਦਿ ਸਮਾਨ ਵਿੱਚ ਪਾਣੀ ਜਮ ?ਹਾਂ ਨਾ ਹੋਣ ਦੇਣ ਬਾਰੇ ਸਮਝਾਇਆ ਗਿਆ ।

ਇਸ ਮੌਕੇ ਸਿਵਲ ਸਰਜਨ ਡਾ੍ਹਜਗਪਾਲਇੰਦਰ ਸਿੰਘ ਨੇ ਕਿਹਾ ਕਿ ਸਿਹਤ ਵਿਭਾਗ ਡੇਂਗੂ ਦੇ ਪਸਾਰ ਨੂੰ ਰੋਕਣ ਲਈ ਪੂਰੀ ਤਰ੍ਹਾਂ ਚੌਕਸ ਹੈ। ਇਸ ਮੁਹਿੰਮ ਦਾ ਮੰਤਵ ਇਸ ਭਿਆਨਕ ਬਿਮਾਰੀ ਤੋ ਲੋਕਾਂ ਦੀਆਂ ਕੀਮਤੀ ਜਾਨਾਂ ਬਚਾਉਣਾ ਹੈ। ਉਹਨਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਅਪਣੇ ਆਲੇ ਦੁਆਲੇ ਦੀ ਸਫਾਈ ਰੱਖੀ ਜਾਵੇ ਅਤੇ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ ,ਪਾਣੀ ਦੀ ਨਿਕਾਸੀ ਕੀਤੀ ਜਾਵੇ।

ਜਿਲ੍ਹਾ ਐਪੀਡੇਮੋਲੋਜਿਸਟ ਡਾ੍ਹ ਸੁਮੀਤ ਸਿੰਘ ਨੇ ਦੱਸਿਆ ਕਿ ਡੇਂਗੂ ਵਿਰੋਧੀ ਚਲਾਏ ਡਰਾਈ ਡੇਅ ਅਭਿਆਨ ਅਧੀਨ ਸਟਾਫ ਦੀਆਂ ਟੀਮਾਂ, ਨਰਸਿੰਗ ਸਟਾਫ, ਬ੍ਰੀਡਿੰਗ ਚੈਕਰ ਅਤੇ ਆਸ਼ਾ ਵਰਕਰਾਂ ਦੇ ਸਹਿਯੋਗ ਨਾਲ ਜਿਲ੍ਹੇ ਭਰ ਦੇ 45554 ਘਰਾਂ ਵਿਚ ਪਹੰਚ ਕੇ ਡੇਂਗੂ ਲਾਰਵੇ ਦੀ ਚੈਕਿੰਗ ਕੀਤੀ ਗਈ ਅਤੇ 538 ਥਾਂਵਾ ਤੇ ਮਿਲੇ ਲਾਰਵੇ ਨੂੰ ਟੀਮਾਂ ਵੱਲੋਂ ਮੌਕੇ ਤੇ ਹੀ ਨਸ਼ਟ ਕਰਵਾ ਦਿੱਤਾ ਗਿਆ।

ਉਹਨਾਂ ਇਹ ਵੀ ਦੱਸਿਆ ਕਿ ਹੁਣ ਤੱਕ ਸਿਹਤ ਟੀਮਾਂ ਵੱਲੋਂ ਡਰਾਈ ਡੇਅ ਮੁਹਿੰਮ ਤਹਿਤ 375374 ਤੋਂ ਵੱਧ ਘਰਾਂ ਦਾ ਸਰਵੇ ਕੀਤਾ ਜਾ ਚੁੱਕਾ ਹੈ, ਜਿਹਨਾਂ ਵਿੱਚ 1561 ਥਾਂਵਾ ਤੇ ਮਿਲੇ ਲਾਰਵੇ ਨੂੰ ਟੀਮਾਂ ਵੱਲੋਂ ਮੌਕੇ ਤੇ ਹੀ ਨਸ਼ਟ ਕਰਵਾ ਦਿੱਤਾ ਗਿਆ ਹੈ ਅਤੇ ਸਬੰਧਿਤ ਪਰਿਵਾਰਾਂ ਨੂੰ ਅਗਾਂਹ ਲਈ ਬਚਾਅ ਸਬੰਧੀ ਜਾਗਰੂਕ ਕੀਤਾ ਗਿਆ।

## ਪਟਿਆਲਾ ਚੈਂਬਰ ਆਫ ਇੰਡਸਟਰੀਜ਼ ਵੱਲੋਂ ਜੀਐਸਟੀ ਤੇ ਵਪਾਰਕ ਮੁੱਦਿਆਂ 'ਤੇ ਵਿਸ਼ੇਸ਼ ਮੀਟਿੰਗ




**ਪਟਿਆਲਾ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਚੈਂਬਰ ਆਫ ਇੰਡਸਟ ?ਰੀਜ਼ ਦੇ ਪ੍ਰਧਾਨ ਸ਼੍ਰੀ ਜੇ.ਐਸ. ਸੰਧੂ ਅਤੇ ਸਕੱਤਰ ਸ਼੍ਰੀ ਹਰਮਿੰਦਰ ਸਿੰਘ ਦੀ ਅਗਵਾਈ ਹੇਠ ਚੈਂਬਰ ਹਾਲ, ਪਟਿਆਲਾ ਵਿੱਚ ਇੱਕ ਮਹੱਤਵਪੂਰਨ ਮੀਟਿੰਗ ਹੋਈ ਜਿਸ ਵਿੱਚ ਜੀਐਸਟੀ ਅਤੇ ਵਪਾਰਕ ਚੁਣੌਤੀਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ।

ਇਸ ਮੌਕੇ ਦੇ ਮੁੱਖ ਮਹਿਮਾਨ ਸ਼੍ਰੀ ਅਨਿਲ ਠਾਕੁਰ, ਚੇਅਰਮੈਨ, ਪੰਜਾਬ ਸਟੇਟ ਟਰੇਡਰਜ਼ ਕਮਿਸ਼ਨ (ਆਬਕਾਰੀ ਅਤੇ ਕਰ ਵਿਭਾਗ) ਨੇ ਉਦਯੋਗਕਾਰਾਂ ਦੀਆਂ ਸਮੱਸਿਆਵਾਂ ਧਿਆਨ ਨਾਲ ਸੁਣੀਆਂ ਅਤੇ ਜਲਦੀ ਹੱਲ ਕਰਵਾਉਣ ਦਾ ਭਰੋਸਾ ਦਿਵਾਇਆ।

ਇਸ ਮੌਕੇ ਉਤੇ ਸ਼੍ਰੀ ਵਿਕੀ ਘਨੌਰ, ਵਾਈਸ ਚੇਅਰਮੈਨ, ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ, ਅਤੇ ਸ਼੍ਰੀ ਇਸਲਾਮ ਅਲੀ, ਮੈਂਬਰ, ਘੱਟ ਗਿਣਤੀਆਂ ਕਮਿਸ਼ਨ ਪੰਜਾਬ ਸਰਕਾਰ, ਵੀ ਮੌਜੂਦ ਰਹੇ। ਜੀਐਸਟੀ ਵਿਭਾਗ ਤੋਂ ਸ਼੍ਰੀ ਕਵਨਵੀਰ ਸਿੰਘ, ਸਟੇਟ ਟੈਕਸ ਅਫਸਰ, ਨੇ ਵੀ ਮੀਟਿੰਗ ਵਿੱਚ ਹਾਜ਼ਰੀ ਲਾਈ ਅਤੇ ਅਹੁਦੇਕਾਰੀ ਨਜ਼ਰੀਏ ਤੋਂ ਜਾਣਕਾਰੀ ਸਾਂਝੀ ਕੀਤੀ।

ਚੈਂਬਰ ਦੇ ਕਈ ਮੈਂਬਰਾਂ ਸਮੇਤ ਬਹੁਤ ਸਾਰੇ ਉਦਯੋਗਪਤੀਆਂ ਨੇ ਭਾਗ ਲਿਆ, ਜਿਨ੍ਹਾਂ ਵਿੱਚ ਰਾਹੁਲ ਤਾਇਲ, ਭਾਨੂ ਪ੍ਰਤਾਪ ਸਿੰਗਲਾ, ਅਸ਼ਵਨੀ ਗਰਗ, ਐੱਸ.ਡੀ. ਭਰਤ,ਨਵਦੀਪ ਗੁਪਤਾ, ਸੁਭਾਸ਼ ਗੁਪਤਾ, ਮਨਦੀਪ ਰਾਮਪਾਲ, ਅਰੁਣ ਕੁਮਾਰ, ਜਗਦੀਪ ਸਿੰਘ, ਬਾਵਾ ਸਿੰਘ, ਰੋਹਿਤ ਬਾਂਸਲ, ਪ੍ਰਦੀਪ ਗੁਪਤਾ ਸ਼ਾਮਿਲ ਸਨ।

ਸ਼੍ਰੀ ਹਰਿੰਦਰ ਲਾਂਬਾ, ਸੀਨੀਅਰ ਮੈਂਬਰ ਨੇ ਸਭ ਮਹਿਮਾਨਾਂ ਅਤੇ ਅਧਿਕਾਰੀਆਂ ਦਾ ਧੰਨਵਾਦ ਕੀਤਾ ਅਤੇ ਅਗਲੇ ਸਮੇਂ ਵਿੱਚ ਵੀ ਉਦਯੋਗਕਾਰੀ ਭਾਈਚਾਰੇ ਲਈ ਐਸੇ ਮਿਲਣ-ਜੁਲਣ ਦੇ ਮੌਕੇ ਬਣਾਈ ਰੱਖਣ ਦੀ ਗੱਲ ਕਹੀ।

## ਜਹਾਂਗੀਰ ਦੀ ਪੰਚਾਇਤ ਵੱਲੋਂ ਨਸ਼ਿਆਂ ਖ਼ਿਲਾਫ਼ ਮਤਾ ਪਾਸ

**ਪਟਿਆਲਾ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਪੰਚ ਬੀਬੀ ਰੁਪਿੰਦਰ ਕੌਰ ਤੇ ਸਮੂਹ ਗ੍ਰਾਮ ਪੰਚਾਇਤ ਜਹਾਂਗੀਰ ਦੀ ਅਗਵਾਈ ਹੇਠ ਕਿਸਾਨ ਜਥੇਬੰਦੀਆਂ ਅਤੇ ਪਿੰਡ ਵਾਸੀਆਂ ਨੇ 'ਜਹਾਂਗੀਰ' ਨੂੰ ਨਸ਼ਾ ਮੁਕਤ ਕਰਨ ਦਾ ਅਹਿਦ ਲੈਂਦਿਆਂ ਨਸ਼ਾ ਵੇਚਣ ਵਾਲਿਆਂ ਨੂੰ ਆਪਣੇ ਕਾਰੋਬਾਰ ਬੰਦ ਕਰਨ ਲਈ ਤਾੜਨਾ ਕੀਤੀ ਹੈ।

ਪਿੰਡ ਜਹਾਂਗੀਰ ਦੇ ਦਰਵਾਜੇ ਪਿੰਡ ਦੇ ਪੰਚਾਇਤੀ ਨੁਮਾਇੰਦਿਆਂ, ਕਿਸਾਨ ਜਥੇਬੰਦੀਆਂ ਦੇ ਚੋਣਵੇਂ ਆਗੂਆਂ ਅਤੇ ਸਮੂਹ ਪਿੰਡ ਵਾਸੀਆਂ ਨੇ ਇਕੱਤਰਤਾ ਕਰਕੇ ਫੈਸਲਾ ਕੀਤਾ ਕਿ ਪਿੰਡ ਵਿੱਚ ਨਸ਼ੇ ਵੇਚਣ ਵਾਲੇ ਦੀ ਸੂਚਨਾ ਸਿੱਧੀ ਪੁਲੀਸ ਨੂੰ ਦਿੱਤੀ ਜਾਵੇਗੀ ਅਤੇ ਪਿੰਡ ਵਿੱਚ ਨਸ਼ੇ ਦੀ ਵਿਕਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉੱਦਮੀ ਨੌਜਵਾਨ ਮਨਪ੍ਰੀਤ ਸਿੰਘ ਨੇ ਪੰਚਾਇਤ ਦੇ ਫ਼ੈਸਲੇ ਬਾਰੇ ਦੱਸਿਆ ਕਿ ਪਿੰਡ ਵਿੱਚ ਨਸ਼ੇ ਵੇਚਣ ਵਾਲਿਆਂ ਦੀ ਕੋਈ ਵੀ ਪਿੰਡ ਵਾਸੀ ਜ਼ਮਾਨਤ ਨਹੀਂ ਦੇਵੇਗਾ ਸਗੋਂ ਨਸ਼ੇ ਦੇ ਸੌਦਾਗਰਾਂ ਬਾਰੇ ਪੁਲੀਸ ਨੂੰ ਸੂਚਨਾ ਦਿੱਤੀ ਜਾਵੇਗੀ।

ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ ਅਤੇ ਬੀਕੇਯੂ ਏਕਤਾ ਉਗਰਾਹਾਂ ਦੇ ਮਨਜੀਤ ਸਿੰਘ ਜਹਾਂਗੀਰ ਨੇ ਪੰਚਾਇਤ ਦੇ ਫੈਸਲੇ ਦਾ ਸਮਰਥਨ ਕਰਦਿਆਂ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਵਿੱਚ ਸਮੂਹ ਪਿੰਡ ਵਾਸੀਆਂ ਨੂੰ ਆਪਣਾ ਬਣਦਾ ਯੋਗਦਾਨ ਪਾਉਣ ਲਈ ਅੱਗੇ ਆਉਣ ਦਾ ਸੱਦਾ ਦਿੱਤਾ।

## ਉਮੰਗ ਵੇਲਫੇਅਰ ਫਾਊਂਡੇਸ਼ਨ ਰਜਿ. ਵੱਲੋਂ ਚੇਅਰਮੈਨ ਰਣਜੋਧ ਸਿੰਘ ਹਡਾਣਾ ਨਾਲ ਮਿਲ ਕੇ ਪੌਦਾਰੋਪਣ ਮੁਹਿੰਮ ਦੀ ਕੀਤੀ ਗਈ ਸ਼ੁਰੂਆਤ



**ਪਟਿਆਲਾ, 30 ਜੁਲਾਈ**
**-ਨਿਊਜ਼ਲਾਈਨ ਐਕਸਪ੍ਰੈਸ-**

ਉਮੰਗ ਵੇਲਫੇਅਰ ਫਾਊਂਡੇਸ਼ਨ ਵੱਲੋਂ ਪਰਿਵਰਣ ਨੂੰ ਧਿਆਨ ਵਿਚ ਰੱਖਦਿਆਂ ਪੌਦਾਰੋਪਣ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੁਹਿੰਮ ਹੇਠ ਫਾਊਂਡੇਸ਼ਨ ਦੇ ਮੈਂਬਰਾਂ ਨੇ ਚੇਅਰਮੈਨ ਪੀ ਆਰ ਟੀ ਸੀ ਅਤੇ ਸਟੇਟ ਸੈਕਟਰੀ ਪੰਜਾਬ ਰਣਜੋਧ ਸਿੰਘ ਹਡਾਣਾ ਨਾਲ ਅੱਜ ਪਟਿਆਲਾ ਦੀ ਰਜਬਾਹਾ ਰੋਡ ਨੇੜੇ ਵੱਖ ਵੱਖ ਥਾਵਾਂ ਤੇ ਵੱਡੇ ਪੱਧਰ 'ਤੇ ਪੌਦੇ ਫ਼ਲਦਾਰ ਅਤੇ ਫੁੱਲਦਾਰ ਬੂਟੇ ਲਗਾਉਣ ਦੀ ਸ਼ੁਰੂਆਤ ਕੀਤੀ।

ਇਸ ਮੌਕੇ ਚੇਅਰਮੈਨ ਹਡਾਣਾ ਨੇ ਲੋਕਾਂ ਨੂੰ ਰੁੱਖਾਂ ਦੀ ਮਹੱਤਤਾ ਬਾਰੇ ਜਾਣੂ ਕਰਦਿਆਂ ਕਿਹਾ ਕਿ ਕੁਦਰਤ ਵਲੋਂ ਮਿਲਦੀ ਆਕਸੀਜਨ ਦਾ ਮੁੱਖ ਸਰੋਤ ਰੁੱਖ ਹੀ ਹਨ, ਇਸ ਲਈ ਸਾਨੂੰ ਆਪਣੇ ਜੀਵਨ ਵਿਚ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਉਨ੍ਹਾਂ ਨੇ ਕਿਹਾ ਕਿ ਜਿਵੇਂ-ਜਿਵੇਂ ਆਧੁਨਿਕਤਾ ਵਧ ਰਹੀ ਹੈ, ਤਿਵੇਂ-ਤਿਵੇਂ ਅਸੀਂ ਕੁਦਰਤ ਤੋਂ ਦੂਰ ਹੋ ਰਹੇ ਹਾਂ, ਜਿਸ ਕਾਰਨ ਆਕਸੀਜਨ ਦੀ ਘਾਟ, ਗਰਮੀ ਵਿਚ ਵਾਧਾ ਅਤੇ ਵਾਤਾਵਰਣ ਪ੍ਰਦੂਸ਼ਣ ਵਧ ਰਿਹਾ ਹੈ।

ਉਮੰਗ ਫਾਊਂਡੇਸ਼ਨ ਦੇ ਪ੍ਰਧਾਨ ਅਰਵਿੰਦਰ ਸਿੰਘ ਅਤੇ ਮੈਂਬਰਾਂ ਨੇ ਹਫਤਾਵਾਰੀ ਪੌਦਾਰੋਪਣ ਮੁਹਿੰਮ ਦੀ ਸ਼ੁਰੂਆਤ ਕਰਨ ਮਗਰੋਂ ਲੋਕਾਂ ਨੂੰ ਰੁੱਖ ਲਗਾਉਣ ਲਈ ਅਪੀਲ ਕਰਦਿਆਂ ਕਿਹਾ ਕਿ ਇਹ ਮੁਹਿੰਮ ਵਾਤਾਵਰਣ ਸੰਭਾਲ ਲਈ ਜਾਗਰੂਕ ਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤੀ ਗਈ ਹੈ, ਜਿਸ ਵਿਚ ਹਰੇਕ ਹਫਤੇ ਨਵੇਂ ਇਲਾਕੇ ਵਿਚ ਰੁੱਖ ਲਗਾਏ ਜਾਂਦੇ ਹਨ।

ਇਸ ਮੌਕੇ ਫਾਊਂਡੇਸ਼ਨ ਦੇ ਪ੍ਰਧਾਨ ਅਰਵਿੰਦਰ ਸਿੰਘ, ਵਾਈਸ ਪ੍ਰਧਾਨ ਵਿਮਲ ਸ਼ਰਮਾ, ਜਰਨਲ ਸੈਕਟਰੀ ਰਾਜਿੰਦਰ ਸਿੰਘ ਸੂਦਨ, ਜੁਆਇੰਟ ਸਕੱਤਰ ਪਰਮਜੀਤ ਸਿੰਘ, ਭਾਵਨਾ ਅਚਾਰਿਆ, ਰਾਜਿੰਦਰ ਕੁਮਾਰ ਖੰਨਾ ਤੇ ਹੋਰ ਮੈਂਬਰਾਂ ਵੀ ਵਿਸ਼ੇਸ਼ ਤੌਰ ਤੇ ਮੌਜੂਦ ਰਹੇ.

ਸ. ਹਡਾਣਾ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਇਹ ਰੁੱਖ ਸਿਰਫ਼ ਅੱਜ ਲਈ ਨਹੀਂ, ਭਵਿੱਖ ਲਈ ਵੀ ਇੱਕ ਖ਼ਜ਼ਾਨਾ ਹਨ। ਜਿਵੇਂ ਅਸੀਂ ਆਪਣੇ ਬੱਚਿਆਂ ਲਈ ਧਨ-ਦੌਲਤ ਛੱਡਣ ਦੀ ਸੋਚਦੇ ਹਾਂ, ਓਸੇ ਤਰ੍ਹਾਂ ਸਾਫ ਹਵਾ, ਹਰਾ-ਭਰਾ ਵਾਤਾਵਰਣ ਵੀ ਇਕ ਵੱਡੀ ਦੇਣ ਹੋ ਸਕਦੀ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਘੱਟੋ-ਘੱਟ ਹਰੇਕ ਵਿਅਕਤੀ ਆਪਣੇ ਜੀਵਨ ਵਿਚ ਇਕ ਰੁੱਖ ਜ਼ਰੂਰ ਲਗਾਏ ਅਤੇ ਉਸ ਦੀ ਦੇਖਭਾਲ ਆਪਣੀ ਸੰਤਾਨ ਵਾਂਗ ਕਰੇ।

## ਜ਼ਿਲ੍ਹੇ ਦੀਆਂ ਵੱਖ ਵੱਖ ਥਾਵਾਂ ਵਿਚ ਲਗਾਏ ਜਾਣਗੇ 15 ਆਯੁਸ਼ ਕੈਂਪ: ਡਿਪਟੀ ਕਮਿਸ਼ਨਰ

**ਅੰਮ੍ਰਿਤਸਰ 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਯੁਰਵੇਦਿਕ ਵਿਭਾਗ ਜਿਲ੍ਹਾ ਅੰਮ੍ਰਿਤਸਰ ਵੱਲੋਂ ਜਿਲ੍ਹਾ ਅੰਮ੍ਰਿਤਸਰ ਵਿਖੇ ਵੱਖ-ਵੱਖ ਸਥਾਨਾਂ ਤੇ 30 ਜੁਲਾਈ 2025 ਤੋ 28 ਅਗਸਤ 2025 ਤੱਕ 15 ਆਯੁਸ਼ ਕੈਂਪਾਂ (ਮੈਡੀਕਲ) ਦਾ ਆਯੋਜਨ ਕੀਤਾ ਜਾ ਰਿਹਾ ਹੈ।

ਇਨ੍ਹਾਂ ਕੈਂਪਾਂ ਵਿੱਚ ਆਏ ਹੋਏ ਮਰੀਜਾਂ ਨੂੰ ਆਯੁਰਵੇਦਿਕ ਅਤੇ ਹੋਮਿਓਪੈਥਿਕ ਦਵਾਈਆਂ ਮੁਫਤ ਦਿੱਤੀਆਂ ਜਾਣਗੀਆਂ ਅਤੇ ਹਰ ਇੱਕ ਆਯੁਸ਼ ਕੈਂਪ ਵਿੱਚ ਆਯੁਰਵੇਦਿਕ ਔਸ਼ਧ ਪ੍ਰਦਰਸ਼ਨੀ ਲਗਾਈ ਜਾਵੇਗੀ, ਜਿਸ ਵਿੱਚ ਲੋਕਾਂ/ ਮਰੀਜਾਂ ਨੂੰ ਉਨ੍ਹਾਂ ਦੇ ਚੋਗਿਰਦੇ ਵਿੱਚ ਉੱਗਣ ਵਾਲੇ ਆਯੁਰਵੇਦਿਕ ਔਸ਼ਧ ਬੂਟੀਆਂ ਦੇ ਪ੍ਰਤੀ ਜਾਗਰੁਕ ਕੀਤਾ ਜਾਵੇਗਾ ਅਤੇ ਇਨ੍ਹਾਂ ਦੇ ਲਾਭ ਦੱਸੇ ਜਾਣਗੇ ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਸ਼ ?ਰੀਮਤੀ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਹਰ ਇੱਕ ਆਯੁਸ਼ ਕੈਂਪ ਵਿੱਚ ਯੋਗ ਕੈਂਪ ਵੀ ਲਗਾਇਆ ਜਾਏਗਾ ਅਤੇ ਆਏ ਹੋਏ ਲੋਕਾਂ ਨੂੰ ਯੋਗ ਦੇ ਲਾਭ ਅਤੇ ਆਪਣੀ ਜਿੰਦਗੀ ਵਿੱਚ ਯੋਗ ਅਪਨਾਉਣ ਲਈ ਪ੍ਰੇਰਿਤ ਕੀਤਾ ਜਾਵੇਗਾ ।ਉਨ੍ਹਾਂ ਦੱਸਿਆ ਕਿ ਇੰਨ੍ਹਾਂ ਆਯੁਸ਼ ਕੈਂਪਾਂ ਵਿੱਚ ਆਏ ਹੋਏ ਮਰੀਜਾਂ/ ਲੋਕਾਂ ਨੂੰ ਆਯੁਰਵੇਦ ਦੀ ਸਹਾਇਤਾ ਨਾਲ ਚੰਗਾ ਖਾਣ-ਪੀਣ, ਦਿਨਚਰਯਾ ਅਤੇ ਰਹਿਣ ਸਹਿਣ ਬਾਰੇ ਜਾਣਕਾਰੀ ਦਿੱਤੀ ਜਾਏਗੀ ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾਂ ਵਾਸੀਆਂ ਨੂੰ ਲੱਗ ਰਹੇ ਆਯੁਸ਼ (ਮੈਡੀਕਲ) ਕੈਂਪਾਂ ਦਾ ਲਾਹਾ ਲੈਣ ਦੀ ਅਪੀਲ ਕਰਦਿਆਂ ਕਿਹਾ ਕਿ ਉਹ ਇੰਨ੍ਹਾਂ ਕੈਂਪਾਂ ਵਿਚ ਜ਼ਰੂਰ ਜਾਣ ਅਤੇ ਆਪਣੀ ਮੈਡੀਕਲ ਜਾਂਚ ਕਰਵਾਉਣ।



ਇਸ ਸਬੰਧੀ ਹੋਰ ਵਧੇਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਆਯੁਰਵੈਦਿਕ ਅਧਿਕਾਰੀ ਡਾ: ਦਿਨੇਸ਼ ਕੁਮਾਰ ਨੇ ਦੱਸਿਆ ਕਿ 30 ਜੁਲਾਈ 2025 ਨੂੰ ਬਲਾਕ ਹਰਸ਼ਾ ਛੀਨਾ ਦੇ ਆਯੁਸ਼ਮੈਨ ਆਰੋਗਿਆ ਕੇਂਦਰ ਮਾਛੀਨੰਗਲ, 2 ਅਗਸਤ 2025 ਨੂੰ ਬਲਾਕ ਅਟਾਰੀ ਦੇ ਆਯੂਸ਼ਮੈਨ ਆਰੋਗਿਆ ਕੇਂਦਰ ਸਾਂਘਣਾ, 5 ਅਗਸਤ ਨੂੰ ਬਲਾਕ ਜੰਡਿਆਲਾ ਗੁਰੂ ਦੇ ਪੀ.ਐਚ.ਸੀ ਜੰਡਿਆਲਾ ਗੁਰੂ ਦੀ ਹੋਮਿਊਪੈਥਿਕ ਡਿਸਪੈਸਰੀ, 6 ਅਗਸਤ ਨੂੰ ਬਲਾਕ ਮਜੀਠਾ ਦੀ ਸਰਕਾਰੀ ਆਯੁਰਵੈਦਿਕ ਡਿਸਪੈਂਸਰੀ ਭੰਗਾਲੀ ਕਲ੍ਹਾ, 12 ਅਗਸਤ ਨੂੰ ਬਲਾਕ ਰਈਆ ਦੀ ਸਰਕਾਰੀ ਆਯੁਰਵੈਦਿਕ ਡਿਸਪੈਂਸਰੀ ਜਲਾਲ ਉਸਮਾਨ, 13 ਅਗਸਤ ਬਲਾਕ ਤਰਸਿੱਕਾ ਦੀ ਸਰਕਾਰੀ ਆਯੁਰਵੈਦਿਕ ਡਿਸਪੈਸਰੀ ਧੂਲਕਾ, 14 ਅਗਸਤ ਨੂੰ ਬਲਾਕ ਵੇਰਕਾ ਦੇ ਆਯੂਸ਼ਮਾਨ ਆਰੋਗਿਆ ਕੇਂਦਰ ਗੁਰੂ ਨਾਨਕ ਦੇਵ ਯੂਨੀਵਰਸਿਟੀ,18 ਅਗਸਤ ਨੂੰ ਬਲਾਕ ਵੇਰਕਾ ਦੇ ਆਯੂਸ਼ਮਾਨ ਆਰੋਗਿਆ ਕੇਂਦਰ ਵੇਰਕਾ,19 ਅਗਸਤ ਨੂੰ ਬਲਾਕ ਹਰਸ਼ਾ ਛੀਨਾ ਦੇ ਆਯੂਸ਼ਮਾਨ ਆਰੋਗਿਆ ਕੇਂਦਰ ਉਘਰ ਔਲਖ, 20 ਅਗਸਤ ਨੂੰ ਬਲਾਕ ਜੰਡਿਆਲਾ ਗੁਰੂ ਦੇ ਆਯੂਸ਼ਮਾਨ ਆਰੋਗਿਆ ਕੇਂਦਰ ਛਾਪਾਰਾਮ ਸਿੰਘ, 22 ਅਗਸਤ ਨੂੰ ਬਲਾਕ ਤਰਸਿੱਕਾ ਦੇ ਆਯੂਸ਼ਮਾਨ ਆਰੋਗਿਆ ਕੇਂਦਰ ਟਾਹਲੀ ਸਾਹਿਬ, 23 ਅਗਸਤ ਨੂੰ ਬਲਾਕ ਮਜੀਠਾ ਦੀ ਸਰਕਾਰੀ ਆਯੂਰਵੈਦਿਕ ਡਿਸਪੈਸਰੀ ਜੇਠੂਵਾਲ, 25 ਅਗਸਤ ਨੂੰ ਬਲਾਕ ਵੇਰਕਾ ਦੀ ਆਯੂਸ਼ਮਾਨ ਆਰੋਗਿਆ ਕੇਦਰ ਸਿਵਲ ਹਸਪਤਾਲ, 27 ਅਗਸਤ ਨੂੰ ਬਲਾਕ ਰਈਆ ਦੇ ਆਯੂਸ਼ਮਾਨ ਆਰੋਗਿਆ ਕੇਦਰ ਫੇਰੂਮਾਨ ਅਤੇ 28 ਅਗਸਤ ਨੂੰ ਬਲਾਕ ਵੇਰਕਾ ਦੇ ਆਯੂਸ਼ਮਾਨ ਆਰੋਗਿਆ ਕੇਂਦਰ ਛੇਹਰਟਾ ਵਿਖੇ ਇਹ ਕੈਂਪ ਲਗਾਏ ਜਾਣਗੇ। ਜਿਸਦਾ ਵੇਰਵਾ ਵਿਭਾਗ ਦੀ ਵੈਬਸਾਈਟ ਤੇ https://amritsar.nic.in ਇਵੇਂਟ ਕਾਲਮ ਤੇ ਜਾ ਕੇ ਦੇਖਿਆ ਜਾ ਸਕਦਾ ਹੈ । ਆਯੁਰਵੇਦ ਦੀ ਸਹਾਇਤਾ ਨਾਲ ਨਸ਼ਿਆਂ ਤੋਂ ਬਚਾਅ ਅਤੇ ਉਪਚਾਰ ਬਾਰੇ ਵੀ ਵਿਸਤ੍ਰਿਤ ਚਰਚਾ ਕੀਤੀ ਜਾਵੇਗੀ ।

## ਸੰਪਾਦਕੀ

### ਵਿਦਿਅਕ ਖੇਤਰ ਨੂੰ ਦਰਪੇਸ਼ ਚੁਣੌਤੀਆਂ

ਦੇਸ਼ ਵਿਚ ਵਿਦਿਅਕ ਖੇਤਰ ਦਾ ਮੁੱਢਲਾ ਪੜਾਅ ਕਿਸੇ ਵੀ ਖਿੱਤੇ ਦੇ ਲੋਕਾਂ ਦਾ ਵਰਤਮਾਨ ਅਤੇ ਭਵਿੱਖ ਤੈਅ ਕਰਦਾ ਹੈ। ਪੰਜਾਬ ਵਿੱਚ 12894 ਪਿੰਡ ਹਨ ਜਿਨ੍ਹਾਂ ਵਿੱਚ 27404 ਸਕੂਲ (ਸਰਕਾਰੀ, ਪ੍ਰਾਈਵੇਟ ਤੇ ਏਡਿਡ) ਕੰਮ ਕਰ ਰਹੇ ਹਨ। ਪੰਜਾਬ ਦੀ ਪੜ੍ਹਾਈ ਦੀ ਦਰ ਭਾਵੇਂ ਮੁਲਕ ਦੀ ਦਰ ਤੋਂ ਉਪਰ ਹੈ ਪਰ ਅਜੇ ਵੀ ਇਸ ਦੀ ਪੇਂਡੂ ਖੇਤਰ ਵਿਚਲੀ ਪੜ੍ਹਾਈ ਦੀ ਦਰ 78 ਪ੍ਰਤੀਸ਼ਤ ਹੈ। ਸੂਬੇ ਦੀ ਵਿਦਿਅਕ ਸਥਿਤੀ ਸਬੰਧੀ ਸਮੇਂ-ਸਮੇਂ ਪ੍ਰਕਾਸ਼ਤ ਰਿਪੋਰਟਾਂ ਘੋਖਣ ਅਤੇ ਸਮਝਣ ਦੀ ਜ਼ਰੂਰਤ ਹੈ ਤਾਂ ਕਿ ਉੱਭਰ ਰਹੀਆਂ ਚੁਣੌਤੀਆਂ ਦੇ ਹੱਲ ਲਈ ਹੰਭਲਾ ਮਾਰਿਆ ਜਾ ਸਕੇ। ਸੂਬੇ ਦੇ 20 ਜ਼ਿ੍ਲ੍ਹਿਆਂ ਦੇ 600 ਪਿੰਡਾਂ, 11967 ਘਰਾਂ ਅਤੇ 3 ਤੋਂ 16 ਸਾਲ ਦੇ 20226 ਬੱਚਿਆਂ ਦੇ ਸਰਵੇਖਣ 'ਤੇ ਆਧਾਰਿਤ 'ਸਿੱਖਿਆ ਦੀ ਸਾਲਾਨਾ ਸਥਿਤੀ ਬਾਰੇ ਰਿਪੋਰਟ' (ਐਨੂਅਲ ਸਟੇਟਸ ਆਫ ਐਜੂਕੇਸ਼ਨ ਰਿਪੋਰਟ-ਅਸਰ-2024) ਅਨੁਸਾਰ, ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਤੀਜੀ ਜਮਾਤ ਦੇ ਕਰੀਬ 30 ਫੀਸਦ ਬੱਚੇ ਆਪਣੀ ਮਾਤ ਭਾਸ਼ਾ ਪੰਜਾਬੀ ਵਿੱਚ ਸਾਧਾਰਨ ਪੈਰਾ ਵੀ ਨਹੀਂ ਪੜ੍ਹ ਸਕਦੇ। ਇਹੀ ਨਹੀਂ, ਪ੍ਰਾਈਵੇਟ ਸਕੂਲਾਂ ਦੇ 40 ਫੀਸਦ ਬੱਚੇ ਵੀ ਪੰਜਾਬੀ ਵਿੱਚ ਪੈਰਾ ਵੀ ਨਹੀਂ ਪੜ੍ਹ ਸਕਦੇ। ਸਰਕਾਰੀ ਸਕੂਲਾਂ ਦੇ ਬੱਚਿਆਂ ਨੇ ਪੜ੍ਹਨ ਸਮਰੱਥਾ ਅਤੇ ਗਣਿਤ ਦੀਆਂ ਸਮੱਸਿਆਵਾਂ ਹੱਲ ਕਰਨ ਦੇ ਮਾਪਦੰਡਾਂ 'ਤੇ ਪ੍ਰਾਈਵੇਟ ਸਕੂਲਾਂ ਦੇ ਬੱਚਿਆਂ ਨਾਲੋਂ ਵਧੀਆ ਕਾਰਗੁਜ਼ਾਰੀ ਦਿਖਾਈ ਹੈ। ਹੈਰਾਨੀ ਵਾਲੀ ਗੱਲ ਹੈ ਕਿ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ ਤੀਜੀ ਜਮਾਤ ਦੇ 15 ਫੀਸਦ ਤੋਂ ਵੱਧ ਬੱਚੇ ਗੁਰਮੁਖੀ ਲਿਪੀ ਵਿੱਚ ਸਿਰਫ਼ ਅੱਖਰ ਪੜ੍ਹ ਸਕਦੇ ਹਨ, ਸ਼ਬਦ ਨਹੀਂ ਇਸ ਤੋਂ ਉਪਰ ਨਹੀਂ ਅਤੇ ਇਨ੍ਹਾਂ 'ਚੋਂ 4.6 ਫੀਸਦ ਵਿਦਿਆਰਥੀ ਤਾਂ ਪੰਜਾਬੀ ਦੇ ਅੱਖਰ ਵੀ ਨਹੀਂ ਪਛਾਣ ਸਕਦੇ। ਪੇਂਡੂ ਪੰਜਾਬ ਵਿੱਚ ਬੱਚਿਆਂ ਦੇ ਸਿੱਖਣ ਦੇ ਪੱਧਰ ਸਬੰਧੀ ਹੋਏ ਸਰਵੇਖਣ ਵਿੱਚ ਇਹ ਵੀ ਪਤਾ ਲੱਗਿਆ ਕਿ ਤੀਜੀ ਜਮਾਤ ਦੇ 28 ਫੀਸਦ ਬੱਚੇ ਪਹਿਲੀ ਜਮਾਤ ਪੱਧਰ ਦੇ ਛੋਟੇ ਪੈਰੇ ਪੜ੍ਹ ਸਕਦੇ ਹਨ; ਦੂਜੀ ਜਮਾਤ ਦੀਆਂ ਕਿਤਾਬਾਂ ਦੇ ਵੱਡੇ ਪੈਰੇ ਨਹੀਂ ਪੜ੍ਹ ਸਕਦੇ। ਇਸ ਸਰਵੇਖਣ ਦੌਰਾਨ 2022 ਦੇ ਸਰਵੇਖਣ ਨਾਲੋਂ ਗਣਿਤ ਦੀਆਂ ਸਮੱਸਿਆਵਾਂ ਹੱਲ ਕਰਨ ਦੇ ਮਾਮਲੇ ਵਿੱਚ ਤਾਂ ਬੱਚਿਆਂ ਵਿੱਚ ਕਾਫੀ ਸੁਧਾਰ ਦੇਖਿਆ ਗਿਆ ਪਰ ਪੜ੍ਹਨ ਸਮਰੱਥਾ ਅਜੇ ਵੀ ਚਿੰਤਾ ਦਾ ਵਿਸ਼ਾ ਹੈ। ਪੜ੍ਹਨ ਸਮਰੱਥਾ ਦੇ ਮਾਮਲੇ ਵਿੱਚ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਵਿੱਚ 3.4 ਫੀਸਦ ਦਾ ਸੁਧਾਰ ਹੈ; ਪ੍ਰਾਈਵੇਟ ਸਕੂਲਾਂ ਵਿੱਚ ਮਨਫੀ 0.9 ਫੀਸਦ ਦਾ ਨਿਘਾਰ ਸਾਹਮਣੇ ਆਇਆ ਹੈ। ਗਣਿਤ ਦੇ ਮਾਮਲੇ ਵਿੱਚ ਘੱਟੋ-ਘੱਟ 51 ਫੀਸਦ ਬੱਚੇ ਘਟਾਓ ਦਾ ਸਵਾਲ ਤਾਂ ਕਰ ਹੀ ਲੈਂਦੇ ਹਨ। 2022 ਤੋਂ ਬਾਅਦ 2024 ਵਿੱਚ ਹੋਏ ਸਰਵੇਖਣ 'ਚ ਸਰਕਾਰੀ ਸਕੂਲਾਂ ਦੇ ਤੀਜੀ ਜਮਾਤ ਦੇ ਬੱਚਿਆਂ ਦੀ ਪੜ੍ਹਨ ਸਮਰੱਥਾ ਵਿੱਚ ਸੁਧਾਰ ਹੋਇਆ ਹੈ ਜੋ ਦੂਜੀ ਜਮਾਤ ਦੀਆਂ ਕਿਤਾਬਾਂ ਪੜ੍ਹ ਸਕਦੇ ਹਨ। ਇਹ ਹੈ ਸਾਡੀ ਮੁੱਢਲੀ ਵਿਦਿਆ ਦੀ ਸਥਿਤੀ ਜਿਸ ਨੇ ਸਾਡਾ ਭਵਿੱਖ ਤੈਅ ਕਰਨਾ ਹੈ। ਅਧਿਆਪਕ ਯੂਨੀਅਨ ਮੁਤਾਬਿਕ ਇਸ ਸਾਲ (2025) 1571 ਵਿਦਿਆਰਥੀ 10ਵੀਂ ਅਤੇ 3800 ਵਿਦਿਆਰਥੀ 12ਵੀਂ ਜਮਾਤ ਵਿੱਚ ਪੰਜਾਬੀ ਦੇ ਵਿਸ਼ੇ ਵਿੱਚ ਫੇਲ੍ਹ ਹੋਏ ਹਨ। ਜੇ ਕਿਸੇ ਸੂਬੇ ਦੀ ਨਵੀਂ ਪੁਸ਼ਤ ਦੀ ਇਹ ਹਾਲਤ ਹੈ ਤਾਂ ਉਹ ਆਪਣੇ ਸਭਿਆਚਾਰ ਜਿਸ ਵਿੱਚ ਬੋਲੀ ਤੇ ਭਾਸ਼ਾ ਦਾ ਅਹਿਮ ਰੋਲ ਹੁੰਦਾ ਹੈ, ਨੂੰ ਕਿਵੇਂ ਸੰਭਾਲ ਸਕੇਗੀ? ਜਿੱਥੋਂ ਤੱਕ ਗਣਿਤ ਦਾ ਸਵਾਲ ਹੈ, ਬਹੁਤ ਘੱਟ ਸਮੇਂ ਵਿੱਚ ਬਹੁਤ ਤੇਜ਼ੀ ਨਾਲ ਵਿਕਾਸ ਕੀਤੇ ਜਾਪਾਨ ਅਤੇ ਇਜ਼ਰਾਈਲ ਵਰਗੇ ਮੁਲਕਾਂ ਵਿੱਚ ਬੱਚਿਆਂ ਨੂੰ ਇਸ ਵਿਸ਼ੇ ਵਿੱਚ ਮੁਹਾਰਤ ਹਾਸਲ ਕਰਵਾਈ ਜਾਂਦੀ ਹੈ। ਜਨਵਰੀ (2025) ਦੇ ਪਹਿਲੇ ਹਫ਼ਤੇ ਕੇਂਦਰੀ ਸਿੱਖਿਆ ਮੰਤਰਾਲੇ ਨੇ ਏਕੀਕ੍ਰਿਤ ਜ਼ਿਲ੍ਹਾ ਸੂਚਨਾ ਪ੍ਰਣਾਲੀ (ਯੂ-ਡਾਇਸ) ਦੀ ਬੁਨਿਆਦੀ ਢਾਂਚੇ ਬਾਰੇ 2023-24 ਦੀ ਰਿਪੋਰਟ ਜਾਰੀ ਕੀਤੀ। ਇਸ ਅਨੁਸਾਰ, ਪੰਜਾਬ ਦੇ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਵਿੱਚ ਕ੍ਰਮਵਾਰ 28,23,000 ਅਤੇ 29,02,000 ਵਿਦਿਆਰਥੀ ਪੜ੍ਹਦੇ ਹਨ। ਰਿਪੋਰਟ ਦੇ ਅੰਕੜੇ ਦੱਸਦੇ ਹਨ ਕਿ ਮੌਜੂਦਾ ਸਰਕਾਰ ਦੇ ਦੂਜੇ ਸਾਲ ਵਿੱਚ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੀ ਗਿਣਤੀ ਪਿਛਲੇ ਸਾਲ ਦੇ ਮੁਕਾਬਲੇ 81,000 (2.8%) ਘਟੀ ਹੈ; ਪ੍ਰਾਈਵੇਟ ਸਕੂਲਾਂ ਵਿੱਚ 1,58,000 (+5.6%) ਨਵੇਂ ਦਾਖਲੇ ਹੋਏ ਹਨ। ਇਉਂ ਪ੍ਰਾਈਵੇਟ ਸੈਕਟਰ ਵਿਦਿਅਕ ਖੇਤਰ ਵਿੱਚ ਦਿਨ-ਬਦਿਨ ਪਕੜ ਮਜ਼ਬੂਤ ਕਰ ਰਿਹਾ ਹੈ। ਇਸ ਰਿਪੋਰਟ ਅਨੁਸਾਰ ਪ੍ਰਾਈਵੇਟ ਸਕੂਲਾਂ ਦਾ ਅਧਿਆਪਕ-ਵਿਦਿਆਰਥੀ ਅਨੁਪਾਤ ਸਰਕਾਰੀ ਸਕੂਲਾਂ ਦੇ ਮੁਕਾਬਲੇ ਬਿਹਤਰ ਹੈ। ਸੂਬੇ ਦੇ 19242 ਸਰਕਾਰੀ ਸਕੂਲਾਂ ਵਿੱਚ ਜਿੱਥੇ 1,26,000 ਅਧਿਆਪਕ ਹਨ, ਉੱਥੇ 7704 ਪ੍ਰਾਈਵੇਟ ਸਕੂਲਾਂ ਵਿੱਚ 1,42,000 ਅਧਿਆਪਕ ਹਨ। ਪੰਜਾਬ ਦੇ ਅਧਿਆਪਕਾਂ ਦੀ ਮੁੱਖ ਜਥੇਬੰਦੀ ਡੈਮੋਕ੍ਰੈਟਿਕ ਟੀਚਰਜ਼ ਫਰੰਟ (ਡੀਟੀਐੱਫ) ਨੇ ਵੀ ਪੰਜਾਬ ਦੇ 1927 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦਾ ਸਰਵੇਖਣ ਕੀਤਾ ਹੈ। ਡੀਟੀਐੱਫ ਅਨੁਸਾਰ, ਸੂਬੇ ਦੇ 856 ਸਕੂਲਾਂ, ਭਾਵ 44%, ਵਿੱਚ ਪ੍ਰਿੰਸੀਪਲਾਂ ਦੀਆਂ ਅਸਾਮੀਆਂ ਖਾਲੀ ਹਨ। ਪੰਜਾਬ ਦੇ 228 ਸਿੱਖਿਆ ਬਲਾਕਾਂ ਵਿੱਚੋਂ 77 ਬਲਾਕਾਂ ਵਿੱਚ ਸਕੂਲ ਪ੍ਰਿੰਸੀਪਲਾਂ ਦੀਆਂ 50% ਤੋਂ ਵਧੇਰੇ ਅਸਾਮੀਆਂ ਖਾਲੀ ਹਨ; 9 ਬਲਾਕਾਂ ਵਿੱਚ ਇੱਕ ਵੀ ਪ੍ਰਿੰਸੀਪਲ ਨਹੀਂ ਅਤੇ 13 ਬਲਾਕਾਂ ਵਿੱਚ ਕੇਵਲ ਇੱਕ-ਇੱਕ ਪ੍ਰਿੰਸੀਪਲ ਹੈ। ਸਰਕਾਰੀ ਸਕੂਲਾਂ ਵਿੱਚ ਮੁੱਖ ਅਧਿਆਪਕਾਂ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ ਦੀਆਂ 40% ਤੋਂ ਵਧੇਰੇ ਅਸਾਮੀਆਂ ਖਾਲੀ ਹਨ। ਈਟੀਟੀ, ਮਾਸਟਰ, ਲੈਕਚਰਾਰ ਅਤੇ ਨਾਨ-ਟੀਚਿੰਗ ਅਸਾਮੀਆਂ ਵੱਡੀ ਗਿਣਤੀ ਵਿੱਚ ਖਾਲੀ ਹਨ। ਅਜਿਹੇ ਜਿਹੇ ਮਾਹੌਲ ਵਿੱਚ ਜਿੱਥੇ ਅਧਿਆਪਕ ਅਤੇ ਪ੍ਰਿੰਸੀਪਲ ਨਹੀਂ ਹਨ, ਉਥੇ ਅਸੀਂ ਵਿਦਿਆਰਥੀਆਂ ਨੂੰ ਕਿਹੜੀ ਸਿੱਖਿਆ ਦੇਣ ਦੀ ਗੱਲ ਕਰਦੇ ਹਾਂ ? ਅਤੇ ਕਿਵੇਂ ? ਇਸ ਸਮੇਂ ਦੌਰਾਨ 10,000 ਦੇ ਕਰੀਬ ਨਵੇਂ ਅਧਿਆਪਕ ਜ਼ਰੂਰ ਭਰਤੀ ਕੀਤੇ ਪਰ ਸੇਵਾ ਮੁਕਤੀ ਦੇ ਨਾਲ-ਨਾਲ ਬਹੁਤ ਸਾਰੀਆਂ ਅਸਾਮੀਆਂ ਪਹਿਲਾਂ ਹੀ ਖਾਲੀ ਹਨ। ਕੇਂਦਰੀ ਸਿੱਖਿਆ ਮੰਤਰਾਲੇ ਦੀ ਇੱਕ ਰਿਪੋਰਟ ਅਨੁਸਾਰ, ਸੂਬੇ 'ਚ ਸਰਕਾਰੀ ਸਕੂਲ ਹੋਰ ਖੁੱਲ੍ਹਣ ਦੀ ਥਾਂ ਬੰਦ ਹੋਏ ਹਨ; ਪ੍ਰਾਈਵੇਟ ਸਕੂਲਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ। ਰਿਪੋਰਟ ਮੁਤਾਬਿਕ ਪਿਛਲੇ 10 ਸਾਲਾ ਵਿੱਚ ਪੰਜਾਬ 'ਚ ਸਾਲਾਨਾ ਔਸਤਨ 153 ਸਰਕਾਰੀ ਸਕੂਲ ਬੰਦ ਹੋ ਰਹੇ ਹਨ ਜਾਂ ਦੂਜੇ ਸਕੂਲਾਂ ਵਿੱਚ ਰਲਾ (ਮਰਜ) ਦਿੱਤੇ ਗਏ। ਕਰੋਨਾ ਮਹਾਮਾਰੀ ਦੌਰਾਨ ਪ੍ਰਾਈਵੇਟ ਸਕੂਲ ਵੀ ਭਾਵੇਂ ਬੰਦ ਹੋਏ ਪਰ ਕੇਂਦਰੀ ਸਿੱਖਿਆ ਮੰਤਰਾਲੇ ਦੇ ਵੇਰਵੇ ਅਨੁਸਾਰ ਪੰਜਾਬ 'ਚ 2014-15 ਤੋਂ 2023-24 ਤੱਕ 1530 ਸਰਕਾਰੀ ਸਕੂਲ ਬੰਦ/ਮਰਜ ਹੋਏ ਹਨ ਪਰ ਇਨ੍ਹਾਂ 10 ਸਾਲਾਂ ਦੇ ਦੌਰਾਨ 309 ਪ੍ਰਾਈਵੇਟ ਸਕੂਲਾਂ ਦਾ ਹੋਰ ਵਾਧਾ ਹੋਇਆ ਹੈ। ਸਾਫ ਹੈ ਕਿ ਸਰਕਾਰੀ ਸੈਕਟਰ ਸੁੰਗੜ ਰਿਹਾ ਹੈ। ਕੀ ਇਹ ਸਰਕਾਰ ਦੀ ਅਣਗਹਿਲੀ, ਗ਼ੈਰ-ਜਿ਼ੰਮੇਵਾਰਾਨਾ ਪਹੁੰਚ ਕਰ ਕੇ ਤਾਂ ਨਹੀਂ ਹੋ ਰਿਹਾ ? ਕੀ ਸਰਕਾਰ ਨੂੰ ਆਪਣੇ ਹੀ ਸਰਕਾਰੀ ਸਕੂਲਾਂ ਦੀ ਅਣਦੇਖੀ ਕਰਨੀ ਚਾਹੀਦੀ ਹੈ ? ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਦਾ ਸਮਾਜਿਕ ਪਾੜਾ ਸਾਫ ਦਿਖਾਈ ਦਿੰਦਾ ਹੈ। ਜੋ ਲੋਕ ਘਰੋਂ ਚੰਗੇ ਹਨ, ਉਹ ਪ੍ਰਾਈਵੇਟ ਸਕੂਲਾਂ ਨੂੰ ਤਰਜੀਹ ਦਿੰਦੇ ਹਨ। ਸਮਾਜ ਦੀਆਂ ਹੇਠਲੀਆਂ ਸਮਾਜਿਕ ਪਰਤਾਂ ਜਿਨ੍ਹਾਂ ਨੂੰ ਆਪਣੇ ਜੀਵਨ ਨਿਰਬਾਹ ਲਈ ਦਿਨ ਰਾਤ ਜੂਝਣਾ ਪੈਂਦਾ ਹੈ, ਉਨ੍ਹਾਂ ਦੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹਨ। ਸਰਕਾਰੀ ਸਕੂਲਾਂ ਵੱਲ ਅਣਗਹਿਲੀ ਦਾ ਮਤਲਬ ਹੇਠਲੀਆਂ ਸਮਾਜਿਕ ਪਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਨਾਲ ਅਣਗਹਿਲੀ ਹੈ। ਦਰਅਸਲ, ਸਰਕਾਰ ਅਜਿਹਾ ਕਰ ਕੇ ਉਪਰਲੀਆਂ ਪਰਤਾਂ ਦੇ ਹਿੱਤ ਪੂਰਦੀ ਹੈ। ਸ਼ਾਇਦ ਇਸੇ ਕਰ ਕੇ ਪਿਛਲੇ ਸਮਿਆਂ ਵਿੱਚ ਦਰਮਿਆਨੀ ਜਮਾਤ ਦਾ ਪਸਾਰਾ ਵਧਿਆ ਹੈ ਅਤੇ ਇਹ ਵਸੋਂ ਪੱਖੋਂ ਵੀ ਸਭ ਤੋਂ ਵੱਡੇ ਤਬਕੇ ਦੇ ਰੂਪ ਵਿੱਚ ਸਾਹਮਣੇ ਆਈ ਹੈ। ਭਾਰਤ ਵਰਗੇ ਜਮਹੂਰੀ ਨਿਜ਼ਾਮ ਵਿੱਚ ਜਮਹੂਰੀਅਤ, ਗਿਣਤੀ ਦੇ ਆਧਾਰ 'ਤੇ ਕੰਮ ਕਰਦੀ ਹੈ। ਇਹੀ ਗਿਣਤੀਆਂ-ਮਿਣਤੀਆਂ ਸਾਡੀ ਸਿਆਸੀ ਪ੍ਰਣਾਲੀ ਵਿੱਚ ਸੱਤਾ ਦਾ ਸੁਖ ਮਾਨਣ ਦਾ ਆਧਾਰ ਬਣਦੀਆਂ ਹਨ। ਇਉਂ ਆਰਥਿਕ ਲਾਹੇ ਦੇ ਨਾਲ-ਨਾਲ ਇਸ ਨਜ਼ਰੀਏ ਤੋਂ ਵੀ ਵਿਦਿਅਕ ਖੇਤਰ ਵਿਚਲੇ ਤਵਾਜ਼ਨ ਨੂੰ ਦੇਖਣ ਦੀ ਜ਼ਰੂਰਤ ਹੈ। ਨਵੀਂ ਪੀੜ੍ਹੀ ਦਾ ਸ਼ੁਰੂਆਤੀ ਦੌਰ ਵਿੱਚ ਵਿਦਿਆ ਪੂਰੀ ਨਾ ਕਰ ਸਕਣਾ ਵੀ ਅਹਿਮ ਸਮੱਸਿਆ ਦੇ ਰੂਪ ਵਿੱਚ ਸਾਡੇ ਸਨਮੁੱਖ ਹੈ। ਪੰਜਾਬ ਵਿੱਚ 2021-22 ਵਿੱਚ ਸੈਕੰਡਰੀ ਪੱਧਰ 'ਤੇ ਅੱਧ ਵਿਚਾਲੇ ਸਕੂਲ ਛੱਡਣ ਵਾਲੇ ਬੱਚਿਆਂ ਦੀ ਦਰ 17.2% ਸੀ ਜੋ ਔਸਤ 12.6% ਤੋਂ ਕਾਫੀ ਵੱਧ ਸੀ। ਇੱਕ ਅਖ਼ਬਾਰ ਦੇ ਅੰਕੜਿਆਂ ਅਨੁਸਾਰ ਪੰਜਾਬ ਵਿੱਚ 2019-20 ਵਿੱਚ ਇਹ ਦਰ ਕੇਵਲ 1.6% ਸੀ ਪਰ 2021-22 ਵਿੱਚ ਇਹ ਦਰ 17.2% ਤੱਕ ਪਹੁੰਚ ਗਈ। ਇਹ ਵਾਧਾ ਲਗਭਗ 15 ਗੁਣਾ ਹੈ। ਇਨ੍ਹਾਂ ਬੱਚਿਆਂ ਵਿੱਚੋਂ ਬਹੁਤਿਆਂ ਦਾ ਵਿਦਿਆ ਛੱਡਣ ਦਾ ਅਸਲ ਕਾਰਨ ਗਰੀਬੀ, ਸਕੂਲਾਂ ਵਿਚ ਅਧਿਆਪਕਾਂ ਦੀ ਘਾਟ, ਦੋਸ਼ਪੂਰਨ ਸਿੱਖਿਆ ਨੀਤੀਆਂ, ਵੱਧ ਫੀਸਾਂ, ਮਹਿੰਗੀਆਂ ਕਿਤਾਬਾਂ, ਚੰਗੇ ਨਤੀਜੇ ਦਿਖਾਉਣ ਲਈ ਫਾਰਮੂਲੇ, ਪ੍ਰਾਇਮਰੀ ਤੇ ਮਿਡਲ ਪੱਧਰ ਦੀ ਸਿੱਖਿਆ ▼ਚ ਖਾਮੀਆਂ, ਮਿਆਰੀ ਸਿੱਖਿਆ ਦੀ ਘਾਟ, ਬੇਰੁਜ਼ਗਾਰੀ ਆਦਿ ਹਨ। ਮਿੱਡ-ਡੇਅ ਮੀਲ ਦੀ ਸਹੂਲਤ ਪੰਜਾਬ ਦੇ 97.4 ਫੀਸਦ ਸਕੂਲਾਂ ਵਿੱਚ ਦਿੱਤੀ ਜਾ ਰਹੀ ਹੈ ਅਤੇ ਸੂਬੇ ਦੇ 81.2 ਫੀਸਦ ਸਕੂਲਾਂ ਵਿਚ ਪਖਾਨਿਆਂ ਦੀ ਸਹੂਲਤ ਹੈ। ਬਹੁਤ ਸਾਰੇ ਸਰਕਾਰੀ ਸਕੂਲਾਂ ਦੀਆਂ ਇਮਾਰਤਾਂ ਪੁਰਾਣੀਆਂ ਹੋਣ ਕਰ ਕੇ ਮੁਰੰਮਤ ਮੰਗ ਰਹੀਆਂ ਹਨ। ਜਿੱਥੇ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਦੀਆਂ ਜ਼ਰੂਰਤਾਂ ਪੂਰਾ ਕਰਨ ਦੀ ਲੋੜ ਹੈ, ਉੱਥੇ ਨਵੇਂ ਯੁੱਗ ਵਿੱਚ ਪ੍ਰਵੇਸ਼ ਕਰ ਰਹੀ ਵਿਦਿਅਕ ਪ੍ਰਣਾਲੀ ਨੂੰ ਆਧੁਨਿਕ ਕਰਨ ਦੀ ਵੀ ਜ਼ਰੂਰਤ ਹੈ ਪਰ ਪੰਜਾਬ ਦੇ 31.7 ਫੀਸਦ ਸਕੂਲਾਂ 'ਚ ਵਿਦਿਆਰਥੀਆਂ ਕੋਲ ਕੰਪਿਊਟਰ ਦੀ ਸਹੂਲਤ ਨਹੀਂ ਅਤੇ 2.8 ਫੀਸਦ ਸਕੂਲਾਂ ਵਿੱਚ ਲਾਇਬ੍ਰੇਰੀਆਂ ਦੀ ਸਹੂਲਤ ਨਹੀਂ ਹੈ।

# ਸਵ:ਮਾਤਾ ਸੁਖਜੀਤ ਕੌਰ ਭਾਂਖਰ ਦੀ ਅੰਤਿਮ ਅਰਦਾਸ ਮੌਕੇ ਕਲੱਬ ਨੇ ਲਾਇਆ ਖ਼ੂਨਦਾਨ ਕੈਂਪ



**ਸਨੌਰ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜਾਗਦੇ ਰਹੋ ਯੂਥ ਕਲੱਬ ਪਿੰਡ ਬਿਸਨਗੜ੍ਹ ਸੰਬੰਧਿਤ ਨਹਿਰੂ ਯੁਵਾ ਕੇਂਦਰ ਪਟਿਆਲਾ (ਭਾਰਤ ਸਰਕਾਰ) ਨੇ ਸਵ:ਮਾਤਾ ਸੁਖਜੀਤ ਕੌਰ ਭਾਂਖਰ ਦੀ ਅੰਤਿਮ ਅਰਦਾਸ ਮੌਕੇ ਖ਼ੂਨਦਾਨ ਕੈਂਪ ਗੁ:ਸਾਹਿਬ ਪਿੰਡ ਭਾਂਖਰ ਵਿਖੇ,ਲਗਾਇਆ ਗਿਆ।ਜਿਸ ਦਾ ਰਸਮੀਂ ਉਦਘਾਟਨ ਲਖਵਿੰਦਰ ਸਿੰਘ ਅਤੇ ਬੂਟਾ ਸਿੰਘ ਨੇ ਖ਼ੂਨਦਾਨ ਕਰਕੇ ਕੀਤਾ।ਇਸ ਖ਼ੂਨਦਾਨ ਕੈਂਪ ਵਿੱਚ ਵਿਸ਼ਾਲ,ਅਮਨਦੀਪ ਸਿੰਘ,ਗੁਰਮੁੱਖ ਸਿੰਘ,ਤੇ ਲਵਪ੍ਰੀਤ ਸਿੰਘ ਸਮੇਤ 15 ਖ਼ੂਨਦਾਨੀਆਂ ਨੇ ਖ਼ੂਨਦਾਨ ਕੀਤਾ।

ਇਸ ਮੌਕੇ ਐੱਮ. ਐੱਲ. ਏ. ਹਰਮੀਤ ਸਿੰਘ ਪਠਾਨਮਾਜਰਾ ਦੇ ਸਪੁੱਤਰ ਹਰਜਸਨ ਸਿੰਘ ਪਠਾਨਮਾਜਰਾ ਅਤੇ ਇੰਦਰਜੀਤ ਸਿੰਘ ਸੰਧੂ ਵਾਈਸ ਚੇਅਰਮੈਨ ਪੰਜਾਬ ਸਟੇਟ ਕੰਟੇਨਰ ਵੇਅਰ ਹਾਊਸਿੰਗ ਕਾਰਪੋਰੇਸ਼ਨ ਲਿਮਟਿਡ ਨੇ ਸਾਂਝੇ ਤੌਰ ਤੇ ਕਿਹਾ ਕਿ ਮਾਤਾ ਸੁਖਜੀਤ ਕੌਰ ਦੀ ਅੰਤਿਮ ਅਰਦਾਸ ਮੌਕੇ ਖ਼ੂਨਦਾਨ ਕੈਂਪ ਲਗਾਉਣਾ ਅਤੇ ਲੋੜਵੰਦ ਮਰੀਜਾਂ ਦੀ ਮੱਦਦ ਕਰਨਾ ਪੁੰਨ ਦਾ ਕਾਰਜ ਹੈ ਖ਼ੂਨਦਾਨ ਮਹਾਂਦਾਨ ਹੈ,ਜੋ ਕਿ ਹਰੇਕ ਤੰਦਰੁਸਤ ਇਨਸਾਨ ਨੂੰ ਹਰ ਤਿੰਨ ਮਹੀਨੇ ਬਾਅਦ ਦਾਨ ਕਰਨਾ ਚਾਹੀਦਾ ਹੈ ਖ਼ੂਨ ਮਨੁੱਖੀ ਸਰੀਰ ਅੰਦਰ ਕੁਦਰਤੀ ਰੂਪ ਵਿੱਚ ਤਿਆਰ ਹੁੰਦਾ ਹੈ,ਇਸ ਨੂੰ ਕਦੇ ਵੀ ਬਨਾਉਟੀ ਢੰਗ ਨਾਲ ਤਿਆਰ ਨਹੀਂ ਕੀਤਾ ਜਾ ਸਕਦਾ,ਪਤੀ ਗੁਰਮੇਲ ਸਿੰਘ ਗੋਲਾ ਵੱਲੋਂ ਸਮੂਹ ਖ਼ੂਨਦਾਨੀਆਂ ਨੂੰ ਬੂਟੇ,ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਅਵਤਾਰ ਸਿੰਘ ਰਾਏ ਸਪੁੱਤਰ,ਦਵਿੰਦਰ ਸਿੰਘ ਸਪੁੱਤਰ,ਮਹਾਰਾਣੀ ਪ੍ਰਨੀਤ ਕੌਰ, ਹਰਜਸਨ ਸਿੰਘ ਪਠਾਨਮਾਜਰਾ, ਇੰਦਰਜੀਤ ਸਿੰਘ ਸੰਧੂ,ਹਰਿੰਦਰਪਾਲ ਸਿੰਘ ਚੰਦੂਮਾਜਰਾ,ਜਗਜੀਤ ਸਿੰਘ ਕੋਹਲੀ, ਲਲਿਤ ਸਰਮਾ,ਜਥੇਦਾਰ ਦਵਿੰਦਰ ਸਿੰਘ ਭਾਂਖਰ,ਕਲੱਬ ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ,ਸਰਪੰਚ ਸਤਵਿੰਦਰ ਸਿੰਘ ਸੈਲੀ,ਅਮਰਜੀਤ ਸਿੰਘ ਭਾਂਖਰ ਅਤੇ ਸੁਖਵਿੰਦਰ ਸਿੰਘ ਬਰਨਾਲਾ ਹਾਜ਼ਰ ਸੀ।

# ਖੇਡਾਂ ਬੱਚਿਆਂ ਦੇ ਸਰਬਪੱਖੀ ਵਿਕਾਸ ਵਿੱਚ ਅਹਿਮ ਯੋਗਦਾਨ ਨਿਭਾਉਂਦੀਆਂ ਹਨ

**ਭਾਂਖਰ, 28 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਖੇਡਾਂ ਸਿਰਫ਼ ਮਨੋਰੰਜਨ ਜਾਂ ਖਾਲੀ ਸਮੇਂ ਦੀ ਗਤੀਵਿਧੀ ਨਹੀਂ ਹਨ, ਸਗੋਂ ਇਹ ਬੱਚਿਆਂ ਦੇ ਜੀਵਨ ਵਿੱਚ ਗਹਿਰਾ ਅਸਰ ਛੱਡਦੀਆਂ ਹਨ। ਇੱਕ ਸਫਲ, ਆਤਮਵਿਸ਼ਵਾਸੀ ਅਤੇ ਸਿਹਤਮੰਦ ਵਿਅਕਤੀ ਦੀ ਨਿਰਮਾਣ ਪ੍ਰਕਿਰਿਆ ਵਿੱਚ ਖੇਡਾਂ ਅਹਿਮ ਭੂਮਿਕਾ ਨਿਭਾਉਂਦੀਆਂ ਹਨ।

ਸਰੀਰਕ ਪੱਧਰ 'ਤੇ, ਖੇਡਾਂ ਬੱਚਿਆਂ ਦੀ ਸਰੀਰਕ ਤੰਦਰੁਸਤੀ, ਤਾਕਤ, ਸਹਿਣਸ਼ਕਤੀ ਅਤੇ ਲਚਕਦਾਰਤਾ ਨੂੰ ਵਧਾਉਂਦੀਆਂ ਹਨ। ਖੇਡਾਂ ਰਾਹੀਂ ਉਨ੍ਹਾਂ ਦੀ ਹੱਡੀਆਂ ਅਤੇ ਮਾਸਪੇਸ਼ੀਆਂ ਮਜ਼ਬੂਤ ਬਣਦੀਆਂ ਹਨ, ਜਿਸ ਨਾਲ ਉਹ ਬਿਮਾਰੀਆਂ ਤੋਂ ਬਚੇ ਰਹਿੰਦੇ ਹਨ।

ਮਾਨਸਿਕ ਪੱਖੋਂ, ਖੇਡਾਂ ਬੱਚਿਆਂ ਵਿੱਚ ਧਿਆਨ ਕੇਂਦਰਤ ਕਰਨ ਦੀ ਯੋਗਤਾ, ਤੇਜ਼ ਸੋਚ, ਅਤੇ ਤਣਾਅ ਤੋਂ ਨਜਾਤ ਮਿਲਣੀ ਸਿਖਾਉਂਦੀਆਂ ਹਨ। ਬੱਚੇ ਹਾਰ ਅਤੇ ਜਿੱਤ ਦੋਹਾਂ ਤੋਂ ਸਿੱਖਦੇ ਹਨ ਕਿ ਸਫਲਤਾ ਦੇ ਰਾਹ ਵਿੱਚ ਸੰਘਰਸ਼ ਅਤੇ ਸਬਰ ਕਿੰਨਾ ਜ਼ਰੂਰੀ ਹੈ।

ਭਾਵਨਾਤਮਕ ਅਤੇ ਸਮਾਜਿਕ ਪੱਖੋਂ ਵੀ ਖੇਡਾਂ ਬਹੁਤ ਲਾਭਕਾਰੀ ਹਨ। ਟੀਮ ਖੇਡਾਂ ਜਿਵੇਂ ਕਿ ਫੁੱਟਬਾਲ, ਕਬੱਡੀ, ਬੈਡਮਿੰਟਨ ਆਦਿ ਰਾਹੀਂ ਬੱਚੇ ਟੀਮ ਵਰਕ, ਆਦਰ, ਨੇਤ੍ਰਤਵ, ਸਾਂਝ ਅਤੇ ਸਹਿਯੋਗ ਵਰਗੀਆਂ ਗੁਣਾਵਲੀਆਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਂਦੇ ਹਨ।

ਇਹ ਸਾਰੇ ਤੱਤ ਮਿਲਕੇ ਬੱਚਿਆਂ ਦੀ ਸ਼ਖਸੀਅਤ ਨੂੰ ਚਮਕਾਉਂਦੇ ਹਨ। ਇਸ ਕਰਕੇ, ਸਕੂਲਾਂ ਵਿੱਚ ਖੇਡਾਂ ਨੂੰ ਪਾਠਕ੍ਰਮ ਦਾ ਅਟੁੱਟ ਹਿੱਸਾ ਬਣਾਉਣਾ ਸਮੇਂ ਦੀ ਲੋੜ ਹੈ।

ਸਾਰੇ ਮਾਪਿਆਂ ਅਤੇ ਅਧਿਆਪਕਾਂ ਨੂੰ ਬੇਨਤੀ ਹੈ ਕਿ ਬੱਚਿਆਂ ਨੂੰ ਖੇਡਾਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕਰੋ। ਇਹ ਉਨ੍ਹਾਂ ਦੇ ਭਵਿੱਖ ਦੀ ਮਜ਼ਬੂਤ ਨੀਂਹ ਬਣਾਉਣ ਵਿੱਚ ਮਦਦਗਾਰ ਹੋਵੇਗਾ।

# ਸੁੱਖ ਧਾਲੀਵਾਲ ਮੈਂਬਰ ਪਾਰਲੀਮੈਂਟ ਕੈਨੇਡਾ ਨੂੰ ਬਾਵਾ ਨੇ ਇਲਾਹੀ ਗਿਆਨ ਦਾ ਸਾਗਰ ਆਦਿ ਗੁਰੂ ਗ੍ਰੰਥ ਸਾਹਿਬ ਪੁਸਤਕ ਭੇਂਟ ਕੀਤੀ

**ਲੁਧਿਆਣਾ, 28 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜ ਵਾਰ ਮੈਂਬਰ ਪਾਰਲੀਮੈਂਟ ਕੈਨੇਡਾ ਬਣੇ ਸੁੱਖ ਧਾਲੀਵਾਲ ਨੂੰ ਬਾਬਾ ਬੰਦਾ ਸਿੰਘ ਬਹਾਦਰ ਚੈਰੀਟੇਬਲ ਟਰਸਟ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਫਾਊਂਡੇਸ਼ਨ ਦੇ ਕੈਨੇਡਾ ਦੇ ਪ੍ਰਧਾਨ ਹਰਬੰਤ ਸਿੰਘ ਦਿਓਲ (ਟਰੱਸਟੀ), ਬਿੰਦਰ ਗਰੇਵਾਲ, ਚਰਨਜੀਤ ਸਿੰਘ, ਬਲਜਿੰਦਰ ਸਿੰਘ ਸੰਘਾ, ਰਮਨ ਸ਼ਰਮਾ ਨੇ ਇਲਾਹੀ ਗਿਆਨ ਦਾ ਸਾਗਰ ਆਦਿ ਗੁਰੂ ਗ੍ਰੰਥ ਸਾਹਿਬ ਪੁਸਤਕ ਭੇਂਟ ਕੀਤੀ।



ਇਸ ਤੋਂ ਪਹਿਲਾਂ ਰੇਡੀਓ ਰੈਡ ਐਫ.ਐਮ ਦੇ ਸੰਚਾਲਕ ਹਰਜਿੰਦਰ ਸਿੰਘ ਥਿੰਦ ਕਾਲਮ ਨਵੀਸ, ਪ੍ਰੋਫੈਸਰ ਪ੍ਰਿਤਪਾਲ ਸਿੰਘ ਸੋਹੀ, ਉੱਘੇ ਲੇਖਕ ਮੋਹਣ ਗਿੱਲ ਅਤੇ ਚਰਨਜੀਤ ਸਿੰਘ ਲੁਧਿਆਣਾ ਨੂੰ ਉਪਰੋਕਤ ਪੁਸਤਕ ਭੇਂਟ ਕੀਤੀ ਗਈ।

ਇਸ ਸਮੇਂ ਸੁੱਖ ਧਾਲੀਵਾਲ ਨੇ ਕਿਹਾ ਕਿ ਇਹ ਪੁਸਤਕ ਸਾਨੂੰ ਸਾਡੇ ਗੌਰਵਮਈ ਸਿੱਖ ਇਤਿਹਾਸ ਨਾਲ ਜੋੜਦੀ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਬਾਰੇ ਗਿਆਨ ਪ੍ਰਦਾਨ ਕਰਦੀ ਹੈ।

ਉਹਨਾਂ ਸ੍ਰੀ ਬਾਵਾ, ਪੁਸਤਕ ਦੇ ਲੇਖਕ ਅਨੁਰਾਗ ਸਿੰਘ ਅਤੇ ਫੋਟੋ ਚਿੱਤਰਕਾਰ ਆਰ.ਐਮ ਸਿੰਘ ਨੂੰ ਵੀ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ ਅਤੇ ਉਹਨਾਂ ਕਿਹਾ ਕਿ ਇਹ ਪੁਸਤਕ ਕੈਨੇਡਾ ਦੀ ਪਾਰਲੀਮੈਂਟ ਵਿੱਚ ਰੱਖੀ ਜਾਵੇਗੀ। ਉਹਨਾਂ ਬਾਵਾ ਨੂੰ ਕਿਹਾ ਕਿ ਸਾਨੂੰ ਹੋਰ ਪੁਸਤਕਾਂ ਭੇਜੋ ਤਾਂ ਕਿ ਹਰ ਲਾਇਬ੍ਰੇਰੀ ਵਿੱਚ ਇੱਕ ਪੁਸਤਕ ਜਾਵੇ। ਉਹਨਾਂ ਕਿਹਾ ਕਿ ਪੁਸਤਕ ਦੀ ਇਹ ਵੀ ਵਿਲੱਖਣਤਾ ਹੈ ਕਿ ਇਹ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਵਿੱਚ ਹੈ। ਇਸ ਸਮੇਂ ਬਾਵਾ ਨੇ ਕਿਹਾ ਕਿ ਇਸ ਪੁਸਤਕ ਵਿੱਚ 6 ਗੁਰੂ, 15 ਭਗਤ, 11 ਭੱਟ ਅਤੇ 4 ਗੁਰਸਿੱਖਾਂ ਦੀ ਬਾਣੀ ਸੁਸ਼ੋਭਿਤ ਹੈ। ਇਸ ਸਮੇਂ ਪ੍ਰੀਤ ਸ਼ਰਨ, ਮਨਦੀਪ ਧਾਲੀਵਾਲ, ਜਸਵਿੰਦਰ ਬਾਜਵਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਗੁ: ਗੁਰਗਿਆਨ ਪ੍ਰਕਾਸ਼, ਜਵੱਦੀ ਟਕਸਾਲ ਵਿਖੇ ਹਫਤਾਵਾਰੀ ਨਾਮ ਸਿਮਰਨ ਸਮਾਗਮ ਹੋਇਆ

**ਲੁਧਿਆਣਾ, 28 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਬਾਣੀ ਪ੍ਰਚਾਰ-ਪਸਾਰ ਅਤੇ ਪੁਰਾਤਨ ਗੁਰਮਤਿ ਸੰਗੀਤ ਦੀ ਬਹਾਲੀ ਲਈ ਨਿਰੰਤਰ ਕਾਰਜਸ਼ੀਲ ਜਵੱਦੀ ਟਕਸਾਲ ਦੇ ਕੇਂਦਰੀ ਅਸਥਾਨ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਵਿਖੇ ਹਫਤਾਵਾਰੀ ਨਾਮ ਸਿਮਰਨ ਸਮਾਗਮ ਹੋਇਆ। ਜਿਸ ਵਿੱਚ ਟਕਸਾਲ ਦੇ ਮੌਜੂਦਾ ਮੁਖੀ ਸੰਤ ਬਾਬਾ ਅਮੀਰ ਸਿੰਘ ਜੀ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਫਰਮਾਇਆ ਕਿ ਧਰਮਾਂ ਵਿੱਚ ਆਚਾਰ-ਵਿਧਾਨ ਦੀ ਬਹੁਤ ਮਹੱਤਤਾ ਹੁੰਦੀ ਹੈ, ਕਿਉਂਕਿ ਅਚਾਰ-ਵਿਧਾਨ ਕਿਸੇ ਧਰਮ ਦਾ ਅਨਿਖੜਵਾਂ ਅੰਗ ਹੁੰਦੇ ਨੇ।

ਉਨਾਂ ਕਿਹਾ ਕਿ ਨਿਮਰਤਾ ਨੈਤਿਕਤਾ ਦਾ ਇੱਕ ਗੁਣ ਹੈ। ਨਿਮਰਤਾ, ਹਲੀਮੀ, ਦੀਨਤਾ, ਨਿਰਮਾਣਤਾ ਆਦਿ ਕੁਝ ਅਜਿਹੀਆਂ ਭਾਵਨਾਵਾਂ ਨੇ, ਜਿਹੜੀਆਂ ਗੁਰਮਤਿ ਦਾ ਆਧਾਰ ਹਨ। ਸਿੱਖ ਧਰਮ ਵਿੱਚ ਨਿਮਰਤਾ ਨੂੰ ਬਹੁਤ ਮਹੱਤਵ ਦਿੱਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਨੁਸਾਰ ਨਿਮਰਤਾ ਤੇ ਹਲੀਮੀ ਤੋਂ ਹੀ ਸੇਵਾ-ਸਿਮਰਨ-ਦਿਆਲਤਾ-ਕਿਰਪਾਲਤਾ ਅਤੇ ਹਮਦਰਦੀ ਵਰਗੇ ਗੁਣ ਵਿਕਸਿਤ ਹੁੰਦੇ ਨੇ। ਨਿਮਰਤਾ ਤੋਂ ਹੀ ਆਪਸੀ ਪ੍ਰੇਮ-ਪਿਆਰ, ਹਮਦਰਦੀ ਤੇ ਅਪਣੱਤ ਦਾ ਪਸਾਰਾ ਹੁੰਦਾ ਹੈ। ਦੁਨੀਆ ਨਿਮਰ, ਮਿਠ-ਬੋਲੜੇ ਅਤੇ ਹਸਮੁਖ ਸੁਭਾ ਵਾਲੇ ਮਨੁੱਖ ਨੂੰ ਹੀ ਪਸੰਦ ਕਰਦੀ ਹੈ ਤੇ ਸਤਿਕਾਰ ਦਿੰਦੀ ਹੈ।

ਮਹਾਂਪੁਰਸ਼ਾਂ ਨੇ ਸਮਝਾਇਆ ਕਿ ਨਿਮਰਤਾ ਜਦੋਂ ਮਨੁੱਖ ਵਿੱਚ ਆ ਜਾਂਦੀ ਹੈ ਤਾਂ ਉਹ ਨੈਤਿਕਤਾ ਦਾ ਸਿਖਰ ਮੰਨਿਆ ਜਾਂਦਾ ਹੈ। ਨਿਮਰਤਾ ਦਾ ਗੁਣ ਸਮਸਤ ਗੁਣਾ ਤੇ ਚੰਗਿਆਈਆਂ ਵਿੱਚੋਂ ਸ੍ਰੇਸ਼ਟ ਹੈ। ਆਪਣੇ ਆਪ ਨੂੰ ਨੀਵਾਂ ਸਮਝਣ ਵਾਲੇ ਜੀਵ ਲੋਕਾਂ ਦੀ ਨਜ਼ਰ ਵਿੱਚ ਸਭ ਤੋਂ ਉੱਚੇ ਗਿਣੇ ਜਾਂਦੇ ਹਨ। ਅਜਿਹੇ ਮਨੁੱਖ ਮਨ ਕਰਕੇ ਸਾਰਿਆਂ ਦੀ ਚਰਨ ਧੂੜ ਬਣ ਕੇ ਰਹਿੰਦੇ ਹਨ। ਜਦਕਿ ਇਸ ਦੇ ਦੂਜੇ ਪੱਖ ਵਾਲੇ ਕੇਵਲ ਬਾਹਰੀ ਪੱਧਰ ਤੇ ਗਰੀਬੀ ਦਾ ਦਿਖਾਵਾ ਕਰਨ ਵਾਲੇ ਲੋਕ, ਗੁਰੂ ਸਾਹਿਬ ਜੀ ਨੂੰ ਪਰਵਾਨ ਨਹੀਂ ਹੁੰਦੇ, ਕਿਉਂਕਿ ਉਹਨਾਂ ਦੇ ਅੰਦਰੋਂ ਹੰਕਾਰ ਹੁੰਦਾ ਹੈ। ਗੁਰੂ ਸਾਹਿਬਾਨ ਨੇ ਸਿੱਖ ਧਰਮ ਨੂੰ ਨਿਮਰਤਾ ਦਾ ਕੇਵਲ ਸਿਧਾਂਤ ਹੀ ਨਹੀਂ ਦਿੱਤਾ, ਬਲਕਿ ਇਤਿਹਾਸਿਕ ਦ੍ਰਿਸ਼ਟੀ ਤੋਂ ਅਮਲੀ ਜੀਵਨ ਰਾਹੀ ਨਿਮਰ ਬਣ ਕੇ ਵੀ ਦਿਖਾਇਆ ਹੈ। ਸਮਾਗਮ ਦੌਰਾਨ ਮਹਾਂਪੁਰਸ਼ਾਂ ਨੇ ਜੋਰ ਦਿੱਤਾ ਕਿ ਨਿਮਰਤਾ ਦੀ ਅਣਹੋਂਦ ਦਾ ਕਾਰਨ ਹਾਉਮੈ ਹੈ।

ਜਿਸ ਦਾ ਤਿਆਗ ਕੀਤੇ ਬਿਨਾਂ ਮਨੁੱਖ ਅੰਦਰ ਨਿਮਰਤਾ ਪ੍ਰਵੇਸ਼ ਨਹੀਂ ਕਰ ਸਕਦੀ। ਮਹਾਂਪੁਰਸ਼ਾਂ ਨੇ ਜੋਰ ਦਿੰਦਿਆਂ ਫ਼ੁਰਮਾਇਆ ਕਿ ਨਾਮ ਜਪਣਾ, ਭਾਉ ਭਗਤਿ, ਪਵਿੱਤਰ ਹਿਰਦਾ, ਉਚੀ ਮਤਿ ਅਤੇ ਖਿਮਾ ਆਦਿ ਗੁਰਬਾਣੀ ਵਿੱਚ ਦਰਸਾਈ ਪੱਖ ਹਨ, ਜਿਨਾਂ ਦੀ ਜੁਗਤ ਨਾਲ ਨਿਮਰਤਾ ਆਉਂਦੀ ਹੈ।

ਸਮਾਗਮ ਦੌਰਾਨ ਮਹਾਂਪੁਰਸ਼ਾਂ ਨੇ ਸਿੱਖ ਇਤਿਹਾਸ ਅਤੇ ਗੁਰਬਾਣੀ ਦੇ ਹਵਾਲਿਆਂ ਨਾਲ ਨਿਮਰਤਾ ਦੇ ਅਰਥ, ਪਰਿਭਾਸ਼ਾ ਆਦਿ ਨੂੰ ਸਮਝਾ ਕੇ ਨਿਮਰਤਾ ਦੀ ਬਹੁਤ ਪੱਖੀ ਵਿਚਾਰ ਸਾਂਝੀ ਕੀਤੀ, ਜਿਸ ਨਾਲ ਨਾਮ ਸਿਮਰਨ ਸਮਾਗਮ 'ਚ ਜੁੜੀਆਂ ਸੰਗਤਾਂ ਨੇ ਧਰਮ ਵਿੱਚ ਮਿਲਦੇ ਨਿਮਰਤਾ ਦੇ ਸਰੂਪ ਨੂੰ ਜਾਣਿਆ। ਗੁਰੂ ਕਾ ਲੰਗਰ ਅਤੁੱਟ ਵਰਤਿਆ।

# ਦੇਸ਼ ਵਿੱਚ ਉਦਯੋਗਾਂ ਲਈ ਪੰਜਾਬ ਸਭ ਤੋਂ ਵਧੀਆ ਮੇਜ਼ਬਾਨ ਹੋਵੇਗਾ : ਕੈਬਨਿਟ ਮੰਤਰੀ ਸੰਜੀਵ ਅਰੋੜਾ



**ਲੁਧਿਆਣਾ, 28 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਏਵਨ ਸਾਈਕਲਜ਼ ਕੰਪਲੈਕਸ ਵਿਖੇ ਪ੍ਰਮੁੱਖ ਉਦਯੋਗਪਤੀਆਂ ਨਾਲ ਮੀਟਿੰਗ ਕੀਤੀ। ਇਸ ਮੀਟਿੰਗ ਦੌਰਾਨ ਉਨ੍ਹਾਂ ਨੇ ਉਦਯੋਗ ਦੀਆਂ ਸਮੱਸਿਆਵਾਂ ਸੁਣੀਆਂ। ਵੱਖ-ਵੱਖ ਪ੍ਰਮੁੱਖ ਉਦਯੋਗਪਤੀਆਂ ਓਂਕਾਰ ਸਿੰਘ ਪਾਹਵਾ, ਰਾਹੁਲ ਆਹੂਜਾ, ਐਸ.ਸੀ. ਰਲਹਨ, ਜੇ.ਆਰ. ਸਿੰਘਲ, ਸੰਜੀਵ ਪਾਹਵਾ, ਰਜਨੀਸ਼ ਆਹੂਜਾ, ਮਨਦੀਪ ਪਾਹਵਾ, ਅਰਸ਼ਦੀਪ ਸਿੰਘ ਸਾਹਨੀ, ਹਰਸਿਮਰਜੀਤ ਸਿੰਘ ਲੱਕੀ, ਐਮ.ਐਸ. ਭੋਗਲ ਅਤੇ ਗੁਰਮੀਤ ਸਿੰਘ ਕੁਲਾਰ ਨੇ ਅਰੋੜਾ ਨੂੰ ਆਪਣੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਇਆ।

ਉਨ੍ਹਾਂ ਨੇ ਕਈ ਉਦਯੋਗਿਕ ਸਮੱਸਿਆਵਾਂ ਨੂੰ ਹੱਲ ਕਰਨ ਲਈ ਅਰੋੜਾ ਦਾ ਧੰਨਵਾਦ ਕੀਤਾ। ਹਾਲਾਂਕਿ, ਸਮੇਂ ਦੇ ਨਾਲ ਨਵੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ।

ਮੀਟਿੰਗ ਦੌਰਾਨ ਜੀ.ਐਸ.ਟੀ., ਪੀ.ਐਸ.ਪੀ.ਸੀ.ਐਲ., ਮਾਲ ਢੋਆ-ਢੁਆਈ ਸਬਸਿਡੀ, ਉਦਯੋਗਿਕ ਪਲਾਟ, ਉਦਯੋਗਿਕ ਗਲਿਆਰਾ, ਟ੍ਰੈਫਿਕ ਜਾਮ ਅਤੇ ਨਗਰ ਨਿਗਮ ਨਾਲ ਸਬੰਧਤ ਮੁੱਦਿਆਂ 'ਤੇ ਚਰਚਾ ਕੀਤੀ ਗਈ। ਉਦਯੋਗਾਂ ਦੀਆਂ ਸਮੱਸਿਆਵਾਂ ਸੁਣਨ ਤੋਂ ਬਾਅਦ, ਅਰੋੜਾ ਨੇ ਸਾਰੇ ਮੁੱਦਿਆਂ ਦੇ ਇੱਕ-ਇੱਕ ਕਰਕੇ ਤਸੱਲੀਬਖਸ਼ ਜਵਾਬ ਦਿੱਤੇ। ਜਾਅਲੀ ਜੀਐਸਟੀ ਬਿੱਲਿੰਗ ਦੇ ਮੁੱਦੇ 'ਤੇ, ਅਰੋੜਾ ਨੇ ਉਦਯੋਗਪਤੀਆਂ ਨੂੰ ਉਨ੍ਹਾਂ ਨੂੰ ਨਿਵਾਰਣ ਦੇ ਉਪਾਅ ਸੁਝਾਉਣ ਲਈ ਕਿਹਾ ਤਾਂ ਜੋ ਸਖ਼ਤ ਕਾਰਵਾਈ ਕੀਤੀ ਜਾ ਸਕੇ। ਮੰਤਰੀ ਨੂੰ ਜਾਣੂ ਕਰਵਾਇਆ ਗਿਆ ਕਿ ਜਾਅਲੀ ਜੀਐਸਟੀ ਬਿੱਲਿੰਗ ਕਾਰਨ ਅਸਲੀ ਕਾਰੋਬਾਰ ਕਰਨ ਵਾਲੇ ਉਦਯੋਗਪਤੀਆਂ ਨੂੰ ਨੁਕਸਾਨ ਹੋ ਰਿਹਾ ਹੈ। ਸਾਈਕਲਾਂ 'ਤੇ ਜੀਐਸਟੀ ਦਰ ਨੂੰ 12 ਪ੍ਰਤੀਸ਼ਤ ਤੋਂ ਘਟਾ ਕੇ 5 ਪ੍ਰਤੀਸ਼ਤ ਕਰਨ ਦੀ ਉਦਯੋਗਪਤੀਆਂ ਦੀ ਮੰਗ ਦੇ ਮੁੱਦੇ 'ਤੇ, ਅਰੋੜਾ ਨੇ ਕਿਹਾ ਕਿ ਉਨ੍ਹਾਂ ਨੇ ਇਹ ਮਾਮਲਾ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੇ ਸਾਹਮਣੇ ਉਦੋਂ ਉਠਾਇਆ ਸੀ ਜਦੋਂ ਉਹ ਰਾਜ ਸਭਾ ਮੈਂਬਰ ਸਨ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਮੌਜੂਦਾ ਵਿੱਤੀ ਸਾਲ ਦੇ ਪਹਿਲੇ ਚਾਰ ਮਹੀਨਿਆਂ ਵਿੱਚ 222 ਕਰੋੜ ਰੁਪਏ ਦੀ ਉਦਯੋਗਿਕ ਸਬਸਿਡੀ ਵੰਡੀ ਹੈ, ਅਤੇ ਨਾਲ ਹੀ ਕਿਹਾ ਕਿ 28 ਕਰੋੜ ਰੁਪਏ ਦੀ ਬਾਕੀ ਸਬਸਿਡੀ ਨੇੜਲੇ ਭਵਿੱਖ ਵਿੱਚ ਵੰਡੀ ਜਾਵੇਗੀ। ਉਨ੍ਹਾਂ ਕਿਹਾ ਕਿ ਪਿਛਲੇ ਵਿੱਤੀ ਸਾਲ ਵਿੱਚ ਲਗਭਗ 80 ਕਰੋੜ ਰੁਪਏ ਦੀ ਸਬਸਿਡੀ ਵੰਡੀ ਗਈ ਸੀ। ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਪੰਜਾਬ ਵਿੱਚ ਉਦਯੋਗਿਕ ਨੀਤੀ ਨੂੰ ਬਿਹਤਰ ਬਣਾਉਣ ਲਈ ਪਹਿਲਾਂ ਹੀ 9 ਉਦਯੋਗਿਕ ਕਮੇਟੀਆਂ ਦਾ ਗਠਨ ਕਰ ਦਿੱਤਾ ਹੈ, ਅਤੇ ਬਾਕੀ ਕਮੇਟੀਆਂ ਦਾ ਐਲਾਨ ਅਗਲੇ ਹਫ਼ਤੇ ਤੱਕ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਕਮੇਟੀਆਂ ਦੇ ਗਠਨ ਦਾ ਉਦੇਸ਼ ਸੂਬੇ ਦੀ ਉਦਯੋਗਿਕ ਨੀਤੀ ਨੂੰ ਮਜ਼ਬੂਤ ਕਰਨ ਅਤੇ ਕਾਰੋਬਾਰ ਕਰਨ ਵਿੱਚ ਸੌਖ ਨੂੰ ਹੋਰ ਬਿਹਤਰ ਬਣਾਉਣ ਲਈ ਉਦਯੋਗ ਮਾਹਿਰਾਂ ਤੋਂ ਸੁਝਾਅ ਇਕੱਠੇ ਕਰਨਾ ਹੈ। ਮੀਟਿੰਗ ਵਿੱਚ ਮੌਜੂਦ ਸਾਰੇ ਉਦਯੋਗਪਤੀਆਂ ਨੇ ਪਿਛਲੇ ਤਿੰਨ ਸਾਲਾਂ ਵਿੱਚ ਉਦਯੋਗ ਦੇ ਲਗਭਗ ਸਾਰੇ ਸਬੰਧਤ ਮੁੱਦਿਆਂ ਨੂੰ ਹੱਲ ਕਰਨ ਲਈ ਸੂਬਾ ਸਰਕਾਰ ਦੀ ਪ੍ਰਸ਼ੰਸਾ ਕੀਤੀ।

ਪੰਜਾਬ ਦੇ ਕੈਬਨਿਟ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਦੇਖਿਆ ਹੈ ਕਿ ਪੰਜਾਬ ਇੱਕ ਸਰਹੱਦੀ ਅਤੇ ਭੂਮੀਗਤ ਸੂਬਾ ਹੋਣ ਦੇ ਬਾਵਜੂਦ, ਸੂਬੇ ਤੋਂ ਬਾਹਰਲੇ ਲੋਕ ਪੰਜਾਬ ਵਿੱਚ ਨਿਵੇਸ਼ ਕਰਨ ਲਈ ਬਹੁਤ ਉਤਸੁਕ ਹਨ ਕਿਉਂਕਿ ਸੂਬੇ ਵਿੱਚ ਬਹੁਤ ਹੀ ਵਧੀਆ ਉਦਯੋਗਿਕ ਮਾਹੌਲ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਸੂਬੇ ਵਿੱਚ ਨਿਵੇਸ਼ ਨੂੰ ਹੋਰ ਵਧਾਉਣ ਦੇ ਉਦੇਸ਼ ਨਾਲ ਉਦਯੋਗ ਪੱਖੀ ਨੀਤੀਆਂ ਅਤੇ ਕਾਰੋਬਾਰ ਕਰਨ ਵਿੱਚ ਸੌਖ ਪ੍ਰਦਾਨ ਕਰਨਾ ਵੀ ਯਕੀਨੀ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ 45 ਦਿਨਾਂ ਦੇ ਅੰਦਰ ਨਵੀਆਂ ਇਕਾਈਆਂ ਨੂੰ ਸਾਰੀਆਂ ਪ੍ਰਵਾਨਗੀਆਂ ਪ੍ਰਦਾਨ ਕਰਨਾ ਯਕੀਨੀ ਬਣਾ ਰਹੀ ਹੈ।

ਇਸ ਤੋਂ ਇਲਾਵਾ, ਅਰੋੜਾ ਨੇ ਕਿਹਾ ਕਿ 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਸੂਬੇ ਵਿੱਚ ਵੱਧ ਤੋਂ ਵੱਧ ਨਿਵੇਸ਼ ਲਿਆਉਣ ਲਈ ਹਰ ਸੰਭਵ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਪਹਿਲਕਦਮੀ ਨੂੰ ਹੋਰ ਉਤਸ਼ਾਹਿਤ ਕਰਨ ਲਈ ਅਗਲੇ ਸਾਲ ਫਰਵਰੀ ਵਿੱਚ ਪੰਜਾਬ ਨਿਵੇਸ਼ ਸੰਮੇਲਨ ਆਯੋਜਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਦੇਸ਼ ਭਰ ਦੇ ਲੋਕਾਂ ਨੂੰ ਪੰਜਾਬ ਵਿੱਚ ਨਿਵੇਸ਼ ਕਰਨ ਲਈ ਪ੍ਰੇਰਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬੇ ਭਰ ਵਿੱਚ ਉਦਯੋਗੀਕਰਨ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਥਾਵਾਂ 'ਤੇ ਰੋਡ ਸ਼ੋਅ ਵੀ ਆਯੋਜਿਤ ਕੀਤੇ ਜਾਣਗੇ।

# ਸ੍ਰੀ ਬਲਦੇਵ ਸਿੰਘ ਸੰਧੂ ਦੀ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਐਸ.ਸੀ. ਡਿਪਾਰਟਮੈਂਟ ਵਿੱਚ ਸਟੇਟ ਕੋਆਰਡੀਨੇਟਰ ਵਜੋਂ ਨਿਯੁਕਤੀ

**ਅੰਮ੍ਰਿਤਸਰ 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੀ ਰਾਜਨੀਤਿਕ ਜ਼ਮੀਨ 'ਤੇ ਇਕ ਨਵੇਂ ਭਰੋਸੇ ਅਤੇ ਨਵੇਂ ਉਤਸ਼ਾਹ ਦੇ ਨਾਲ ਇੱਕ ਹੋਰ ਆਵਾਜ਼ ਨੂੰ ਉਚਾ ਦਰਜਾ ਮਿਲਿਆ ਹੈ। ਸ੍ਰੀ ਬਲਦੇਵ ਸਿੰਘ ਸੰਧੂ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਐਸ.ਸੀ. ਡਿਪਾਰਟਮੈਂਟ ਵਿੱਚ ਸਟੇਟ ਕੋਆਰਡੀਨੇਟਰ ਵਜੋਂ ਨਿਯੁਕਤ ਕਰ ਦਿੱਤਾ ਗਿਆ ਹੈ। ਇਹ ਨਿਯੁਕਤੀ ਸਿਰਫ਼ ਵਿਅਕਤੀਗਤ ਨਹੀਂ ਸਗੋਂ ਪੂਰੇ ਐਸ.ਸੀ. ਭਾਈਚਾਰੇ ਲਈ ਮਾਣ ਅਤੇ ਉਮੀਦ ਦੀ ਨਵੀਂ ਰੋਸ਼ਨੀ ਸਮਝੀ ਜਾ ਰਹੀ ਹੈ।

ਇਸ ਮਹੱਤਵਪੂਰਨ ਮੌਕੇ 'ਤੇ ਲੋਕ ਸਭਾ ਮੈਂਬਰ ਸ੍ਰੀ ਗੁਰਜੀਤ ਸਿੰਘ ਔਜਲਾ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਉਨ੍ਹਾਂ ਨੇ ਸ੍ਰੀ ਬਲਦੇਵ ਸਿੰਘ ਸੰਧੂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਨਿਯੁਕਤੀ ਨਾਲ ਕਾਂਗਰਸ ਪਾਰਟੀ ਦੇ ਆਧਾਰ ਦੀ ਹੋਰ ਵੀ ਮਜ਼ਬੂਤੀ ਹੋਏਗੀ। ਸ੍ਰੀ ਔਜਲਾ ਨੇ ਕਿਹਾ, ਸੰਧੂ ਸਾਬ ਦੀ ਲੰਬੀ ਸਮੇਂ ਤੋਂ ਹੋ ਰਹੀ ਸਮਾਜਿਕ ਸੇਵਾ, ਲੋਕਾਂ ਨਾਲ ਜੁੜਾਅ ਅਤੇ ਜਮੀਨੀ ਪੱਧਰ 'ਤੇ ਉਨ੍ਹਾਂ ਦੀ ਸਖ਼ਤ ਮਿਹਨਤ ਨੂੰ ਪਾਰਟੀ ਨੇ ਮੰਨਤਾ ਦਿੱਤੀ ਹੈ। ਇਹ ਨਿਯੁਕਤੀ ਐਸ.ਸੀ. ਭਾਈਚਾਰੇ ਲਈ ਆਵਾਜ਼ ਬਣੇਗੀ।

ਇਸ ਸਮਾਗਮ ਵਿੱਚ ਕਈ ਹੋਰ ਮਹੱਤਵਪੂਰਨ ਨੇਤਾ ਵੀ ਮੌਜੂਦ ਸਨ, ਜਿਵੇਂ ਕਿ ਸਾਬਕਾ ਵਿਧਾਇਕ ਸ੍ਰੀ ਜੁਗਲ ਕਿਸ਼ੋਰ ਸ਼ਰਮਾ, ਮਾਝਾ ਜ਼ੋਨ ਤੋਂ ਸਰਪੰਚਾਂ ਦੇ ਪ੍ਰਧਾਨ ਸ੍ਰੀ ਸੁਖਰਾਜ ਸਿੰਘ ਰੰਧਾਵਾ, ਪੰਜਾਬ ®23 ਦੇ ਪ੍ਰਧਾਨ ਸ੍ਰੀ ਸਰਬਜੀਤ ਸਿੰਘ ਸੋਨੂ ਜੰਡਿਆਲਾ, ਕਿਸਾਨ ਕਾਂਗਰਸ ਦੇ ਸਕੱਤਰ ਸ੍ਰੀ ਹਰਮਨਪ੍ਰੀਤ ਸਿੰਘ ਸਿੱਧੂ, ਅਟਾਰੀ ਬਲਾਕ ਦੇ ਪ੍ਰਧਾਨ ਸ੍ਰੀ ਰਾਜਬੀਰ ਸਿੰਘ, ਸਰਪੰਚ ਸ੍ਰੀ ਲਖਬੀਰ ਸਿੰਘ, ਸਾਬਕਾ ਸਰਪੰਚ ਸ੍ਰੀ ਹੀਰਾ ਸਿੰਘ ਅਤੇ ਕਈ ਹੋਰ ਕਾਂਗਰਸੀ ਆਗੂ।

ਸਭ ਨੇ ਇਕ ਜੁੱਟ ਹੋ ਕੇ ਸੰਧੂ ਸਾਬ ਨੂੰ ਵਧਾਈ ਦਿੱਤੀ ਅਤੇ ਉਮੀਦ ਜ਼ਾਹਰ ਕੀਤੀ ਕਿ ਉਹ ਨਿਰਸਵਾਰਥ ਭਾਵਨਾ ਨਾਲ ਭਾਈਚਾਰੇ ਦੀ ਆਵਾਜ਼ ਨੂੰ ਉਚੇ ਪੱਧਰ ਤੱਕ ਲੈ ਜਾਣਗੇ।

ਇਹ ਨਿਯੁਕਤੀ ਪੰਜਾਬ ਕਾਂਗਰਸ ਵਿੱਚ ਸਮਾਜਿਕ ਨਿਆਂ ਅਤੇ ਨਿਮਾਣਿਆਂ ਦੀ ਅਵਾਜ਼ ਨੂੰ ਹੋਰ ਬਲ ਦੇਣ ਵਾਲੀ ਮੰਨੀ ਜਾ ਰਹੀ ਹੈ। ਸ੍ਰੀ ਬਲਦੇਵ ਸਿੰਘ ਸੰਧੂ ਨੇ ਵੀ ਭਰੋਸਾ ਦਿੱਤਾ ਕਿ ਉਹ ਇਸ ਜਿੰਮੇਵਾਰੀ ਨੂੰ ਪੂਰੇ ਇਮਾਨਦਾਰੀ ਅਤੇ ਸਮਰਪਣ ਨਾਲ ਨਿਭਾਉਣਗੇ।

# ਮੁਟਿਆਰਾਂ ਨੇ ਨੱਚ ਨੱਚ ਪੱਟੀ ਧਰਤੀ ਮਨਾਇਆ ਤੀਆਂ ਦਾ ਤਿਉਹਾਰ



**ਸਮਾਣਾ, 28 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਭਿਆਚਾਰ ਪੰਜਾਬੀ ਵਿਰਸੇ ਨੂੰ ਸਾਂਭਣ ਦੇ ਉਦਮ ਦੇ ਵਿੱਚ ਜੁੜੀਆਂ ਮੁਟਿਆਰਾਂ ਜੋ ਕਿ ਹਰ ਸਾਲ ਗਰਮੀ ਦੀ ਪਰਵਾਹ ਨਾ ਕਰਦੇ ਹੋਏ ਕੁਦਰਤ ਦੀ ਗੋਦ ਵਿੱਚ ਦਰਖਤਾਂ ਦੇ ਹੇਠਾਂ ਆਪਣੇ ਪੇਂਡੂ ਵਿਰਸੇ ਨੂੰ ਰੂਹ ਦੇ ਨਾਲ ਨਿਭਾਉਂਦੀਆਂ ਹੋਈਆਂ ਖੱਬਲ ਹਰੇ ਘਾਹ ਨੂੰ ਹੀ ਸਟੇਜ ਬਣਾ ਕੇ ਖੂਬ ਰੌਣਕਾਂ ਲਾਉਂਦੀਆਂ ਨੇ ਸਾਹਿਬ ਚੜ੍ਹਦੀ ਕਲਾ ਬਖਸ਼ੇ ਤੇ ਇਸੇ ਤਰ੍ਹਾਂ ਹੀ ਸਾਡੀਆਂ ਪੰਜਾਬਾਂ ਵਿਰਸੇ ਨੂੰ ਮੋਹ ਕਰਦੀਆਂ ਰਹਿਣਚੰਦ ਚੜ ਗਿਆ ਤੀਆਂ ਦੇ ਦਿਨ ਨੇੜੇ ਨਹੀਂ ਭੇਜੀ ਮਾਏ ਛੋਟੇ ਵੀਰ ਨੂੰ ਨੀ ਭੇਜੀ ਮਾਏ ਵੱਡੇ ਵੀਰ ਨੂੰ ਮਾਪਿਆਂ ਦੀ ਸੁੱਖ ਭਾਲਦੀਆਂ ਹੋਈਆਂ

ਆਪਣੇ ਭੈਣਾਂ ਭਰਾਵਾਂ ਦੀ ਸੁੱਖ ਸਾਂਣ ਦਾ ਸੁਨੇਹਾ ਉਡੀਕਦੀਆਂ ਹੋਈਆਂ ਧੀਆਂ ਜਿਹੜੀਆਂ ਨੇ ਇਹੋ ਫਰਿਆਦ ਕਰਦੀਆਂ ਨੇ ਇਹੋ ਮੰਗਦੀਆਂ ਨੇ ਖੈਰ ਉਸ ਦਾਤੇ ਕੋਲੋਂ ਕਹਿੰਦੀਆਂ ਨੇ ਖੇੜਾ ਰਹੇ ਵਸਦਾ ਵੀਰਾ ਵੇ ਤੇਰਾ ਵੇਹੜਾ ਭੈਣਾਂ ਪ੍ਰਦੇਸਨਾਂ ਦਾ ਹੁਣ ਲੱਗਣਾ ਸਬੱਬ ਨਾਲ ਗੇੜਾ ਬਹੁਤ ਹੀ ਦਿਲਾਂ ਦੇ ਡੂੰਘੇ ਇਸ ਸਮੁੰਦਰ ਦੇ ਵਿੱਚ ਦੁਆਵਾਂ ਪਿਆਰ ਤੇ ਸੁਖ ਸਾਂਦ ਦੀਆਂ ਮੰਗਾਂ ਫਰਿਆਦਾਂ ਕੁਝ ਹਾਸੇ ਠੱਠੇ ਕੁਝ ਸ਼ਿਕਵੇ ਰੌਣਕਾਂ ਲਾਉਂਦੀਆਂ ਹੋਈਆਂ ਧੀਆਂ ਜਿਹੜੀਆਂ ਨੇ ਉਹ ਦਿਲਾਂ ਦੇ ਦਰਦ ਲੋਕ ਬੋਲੀਆਂ ਰਾਹੀਂ ਬਿਆਨ ਕਰ ਜਾਂਦੀਆਂ ਨੇ ਫਿਰ ਵਿਦਾ ਕਰਦੀਆਂ ਹੋਈਆਂ।

ਸੁਖਭਾ ਦੀਆਂ ਨੇ ਕਿ ਅਗਲੇ ਸਾਲ ਫਿਰ ਇਕੱਠੀਆਂ ਹੋਈਏ ਇਸ ਧੀਆਂ ਦੀ ਤਿਹਾਰ ਦੇ ਵਿੱਚ ਰੂਪ ਬੇਸ਼ਕ ਬਦਲ ਗਏ ਨੇ ਰੰਗ ਰੂਪ ਪਰ ਦਿਲਾਂ ਦੀਆਂ ਆਵਾਜ਼ਾਂ ਰੂਹਾਂ ਦੀਆਂ ਅਸੀਸਾਂ ਹਮੇਸ਼ਾ ਉਸੇ ਤਰਾਂ ਰਹਿਣਗੀਆਂ ।

# ਕਰੰਟ ਲੱਗਣ ਕਾਰਨ ਕਿਸਾਨ ਦੀ ਮੌਤ

**ਤਰਨ ਤਾਰਨ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇਲਾਕੇ ਦੇ ਪਿੰਡ ਰਾਣੀਵਲਾਹ ਵਿੱਚ ਅੱਜ ਇਕ ਕਿਸਾਨ ਦੀ ਖੇਤਾਂ ਵਿੱਚ ਕੰਮ ਕਰਦਿਆਂ ਕਰੰਟ ਲੱਗਣ ਕਾਰਨ ਮੌਕੇ 'ਤੇ ਹੀ ਮੌਤ ਹੋ ਗਈ੍ ਮ੍ਰਿਤਕ ਦੀ ਸ਼ਨਾਖਤ ਕੁਲਵਿੰਦਰ ਸਿੰਘ (60) ਦੇ ਤੌਰ 'ਤੇ ਹੋਈ ਹੈ। ਲਾਸ਼ ਦਾ ਪੋਸਟਮਾਰਟਮ ਕਰਵਾਉਣ ਲਈ ਇੱਥੋਂ ਦੇ ਸਿਵਲ ਹਸਪਤਾਲ ਆਏ ਉਸ ਦੇ ਵੱਡੇ ਭਰਾ ਬਲਵਿੰਦਰ ਸਿੰਘ ਨੇ ਦੱਸਿਆ ਕਿ ਕੁਲਵਿੰਦਰ ਸਿੰਘ ਆਪਣੀ ਬਹਿਕ ਤੋਂ ਦੋ ਏਕੜ ਦੀ ਦੂਰੀ ਤੇ ਖੇਤਾਂ ਨੂੰ ਪਾਣੀ ਲਗਾਉਣ ਲਈ ਮੋਟਰ ਚਲਾਉਣ ਲਈ ਗਿਆ ਸੀ ਤਾਂ ਉਸ ਨੂੰ ਕਰੰਟ ਲੱਗ ਗਿਆ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਚੋਹਲਾ ਸਾਹਿਬ ਪੁਲੀਸ ਨੇ ਇਸ ਸਬੰਧੀ ਬੀਐੱਨਐੱਸਐੱਸ ਦੀ ਦਫ਼ਾ 194 ਅਧੀਨ ਰਿਪੋਰਟ ਦਰਜ ਕੀਤੀ ਹੈ।

# ਵਿਜ਼ਨ ਇੰਸਟੀਚਿਊਟ ਖਰੜ ਵਲੋਂ ਵਿਦਿਆਰਥੀਆਂ ਦੇ ਕੁਇੱਜ ਮੁਕਾਬਲਾ ਕਰਵਾਏ




**ਖਰੜ, 28 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਜ਼ਨ ਇੰਸਟੀਚਿਊਟ ਖਰੜ ਵਲੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਲੜੀ ਤਹਿਤ 'ਕੁਇਜ਼ ਮੁਕਾਬਲਾ' ਕਰਵਾਇਆ ਗਿਆ। ਇਸ ਸਮਾਗਮ ਵਿਚ ਪਰਵਿੰਦਰ ਸਿੰਘ ਅਤੇ ਬਲਜਿੰਦਰ ਸਿੰਘ ਪ੍ਰਸਿੱਧ ਕਾਰੋਬਾਰੀ ਨੇ ਮੁੱਖ ਮਹਿਮਾਨ ਵਜੋ ਸ਼ਿਰਕਤ ਕੀਤੀ ਅਤੇ ਵਿਜ਼ਨ ਇੰਸਚੀਟਿਊਟ ਵਲੋਂ ਕੀਤੇ ਗਏ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਮੁਕਾਬਲੇ ਦਾ ਮੁੱਖ ਉਦੇਸ਼ ਮੌਜ-ਮਸਤੀ ਨਾਲ ਸਿੱਖਣਾ ਸੀ। ਕੁਇੱਜ ਮੁਕਾਬਲੇ ਵਿਚ ਚੋਣ ਕਰਨ ਲਈ ਅਰਸ਼ਨੂਰ ਸੋਮਲ, ਕੋਮਲਪ੍ਰੀਤ ਤੇ ਜਸਕਿਰਨ ਕੌਰ ਵਲੋਂ ਬਤੌਰ ਜੱਜ ਦੀ ਭੂਮਿਕਾ ਨਿਭਾਈ ਗਏ। ਉਨ੍ਹਾਂ ਨੇ ਜੇਤੂਆਂ ਨੂੰ ਇਨਾਮ ਵੰਡੇ। ਸ਼੍ਰੀ ਪੰਕਜ ਕੁਮਾਰ ਰੌਕੀ ਇਸ ਪ੍ਰੋਗਰਾਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਮੌਜੂਦ ਸਨ। ਮੁਕਾਬਲੇ ਦੇ ਜੇਤੂ ਕਾਸ਼ਵੀ, ਦੀਪਿਕਾ, ਮਾਨਿਆ, ਅਤੇ ਲਕਸ਼ਿਆ ਜੈਨ ਦੇ ਯੋਗਦਾਨ ਦਾ ਧੰਨਵਾਦ ਕੀਤਾ।

# ਬਿਹਾਰ ਵੋਟਰ ਸੂਚੀਆਂ ਦੀ ਵਿਸ਼ੇਸ਼ ਪੜਤਾਲ 'ਚ ਵੱਡੀ ਕੱਟ-ਵੱਢ ਹੋਈ ਤਾਂ ਦਖਲ ਦੇਵਾਂਗੇ: ਸੁਪਰੀਮ ਕੋਰਟ

**ਨਵੀਂ ਦਿੱਲੀ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਕਿਹਾ ਕਿ ਚੋਣ ਕਮਿਸ਼ਨ (53) ਇੱਕ ਸੰਵਿਧਾਨਕ ਅਥਾਰਟੀ ਹੈ ਅਤੇ ਇਸ ਨੂੰ ਕਾਨੂੰਨ ਅਨੁਸਾਰ ਕੰਮ ਕਰਨਾ ਚਾਹੀਦਾ ਹੈ, ਪਰ ਜੇ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੋਧ (SIR) ਵਿੱਚ ਵੱਡੇ ਪੱਧਰ 'ਤੇ ਕੱਟ-ਵੱਢ ਹੁੰਦੀ ਹੈ ਤਾਂ ਅਦਾਲਤ ਦਖਲ ਦੇਵੇਗੀ। ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਜੋਇਮਾਲਿਆ ਬਾਗਚੀ ਦੇ ਬੈਂਚ ਨੇ ਬਿਹਾਰ ਵਿੱਚ ਚੋਣ ਕਮਿਸ਼ਨ ਦੀ SIR ਕਾਰਵਾਈ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਦੇ ਬੈਚ 'ਤੇ ਵਿਚਾਰ ਕਰਨ ਲਈ ਇੱਕ ਸਮਾਂ-ਸੀਮਾ ਤੈਅ ਕੀਤੀ ਅਤੇ ਕਿਹਾ ਕਿ ਇਸ ਮੁੱਦੇ 'ਤੇ ਸੁਣਵਾਈ 12 ਅਤੇ 13 ਅਗਸਤ ਨੂੰ ਹੋਵੇਗੀ।

ਪਟੀਸ਼ਨਕਰਤਾਵਾਂ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕਪਿਲ ਸਿੱਬਲ ਅਤੇ ਪ੍ਰਸ਼ਾਂਤ ਭੂਸ਼ਣ ਨੇ ਇੱਕ ਵਾਰ ਫਿਰ ਦੋਸ਼ ਲਾਇਆ ਕਿ 1 ਅਗਸਤ ਨੂੰ ਚੋਣ ਪੈਨਲ ਵੱਲੋਂ ਪ੍ਰਕਾਸ਼ਤ ਕੀਤੀ ਜਾਣ ਵਾਲੀ ਡਰਾਫਟ ਸੂਚੀ ਵਿੱਚੋਂ ਲੋਕਾਂ ਨੂੰ ਬਾਹਰ ਰੱਖਿਆ ਜਾ ਰਿਹਾ ਹੈ ਅਤੇ ਉਹ ਆਪਣਾ ਮਹੱਤਵਪੂਰਨ ਵੋਟ ਪਾਉਣ ਦਾ ਅਧਿਕਾਰ ਗਵਾ ਦੇਣਗੇ।

ਭੂਸ਼ਣ ਨੇ ਕਿਹਾ ਕਿ ਚੋਣ ਕਮਿਸ਼ਨ ਨੇ ਇੱਕ ਬਿਆਨ ਜਾਰੀ ਕੀਤਾ ਹੈ ਕਿ SIR ਪ੍ਰਕਿਰਿਆ ਦੌਰਾਨ 65 ਲੱਖ ਲੋਕਾਂ ਨੇ ਗਣਨਾ ਫਾਰਮ ਜਮ ?ਹਾਂ ਨਹੀਂ ਕਰਵਾਏ ਕਿਉਂਕਿ ਉਹ ਜਾਂ ਤਾਂ ਮਰ ਚੁੱਕੇ ਹਨ ਜਾਂ ਪੱਕੇ ਤੌਰ 'ਤੇ ਕਿਤੇ ਹੋਰ ਚਲੇ ਗਏ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਲੋਕਾਂ ਨੂੰ ਸੂਚੀ ਵਿੱਚ ਸ਼ਾਮਲ ਹੋਣ ਲਈ ਨਵੇਂ ਸਿਰੇ ਤੋਂ ਅਰਜ਼ੀ ਦੇਣੀ ਪਵੇਗੀ।

ਜਸਟਿਸ ਸੂਰਿਆ ਕਾਂਤ ਨੇ ਕਿਹਾ, "ਭਾਰਤ ਦਾ ਚੋਣ ਕਮਿਸ਼ਨ, ਇੱਕ ਸੰਵਿਧਾਨਕ ਅਥਾਰਟੀ ਹੋਣ ਦੇ ਨਾਤੇ, ਕਾਨੂੰਨ ਅਨੁਸਾਰ ਕੰਮ ਕਰਨ ਲਈ ਪਾਬੰਦ ਹੈ। ਜੇਕਰ ਕੋਈ ਗਲਤ ਕੰਮ ਕੀਤਾ ਜਾਂਦਾ ਹੈ, ਤਾਂ ਤੁਸੀਂ ਅਦਾਲਤ ਦੇ ਧਿਆਨ ਵਿੱਚ ਲਿਆਓ। ਅਸੀਂ ਤੁਹਾਡੀ ਸੁਣਵਾਈ ਕਰਾਂਗੇ।"

ਜਸਟਿਸ ਬਾਗਚੀ ਨੇ ਭੂਸ਼ਣ ਨੂੰ ਕਿਹਾ, "ਤੁਹਾਡਾ ਡਰ ਇਹ ਹੈ ਕਿ 65 ਲੱਖ ਦੇ ਕਰੀਬ ਵੋਟਰ ਡਰਾਫਟ ਸੂਚੀ ਵਿੱਚ ਸ਼ਾਮਲ ਨਹੀਂ ਹੋਣਗੇ। ਹੁਣ ਚੋਣ ਕਮਿਸ਼ਨ ਵੋਟਰ ਸੂਚੀ ਵਿੱਚ ਸੁਧਾਰ ਦੀ ਮੰਗ ਕਰ ਰਿਹਾ ਹੈ। ਅਸੀਂ ਇੱਕ ਨਿਆਂਇਕ ਅਥਾਰਟੀ ਵਜੋਂ ਪ੍ਰਕਿਰਿਆ ਦੀ ਨਿਗਰਾਨੀ ਕਰ ਰਹੇ ਹਾਂ। ਜੇਕਰ ਵੱਡੇ ਪੱਧਰ 'ਤੇ ਕੱਟ-ਵੱਢ ਹੁੰਦੀ ਹੈ, ਤਾਂ ਅਸੀਂ ਤੁਰੰਤ ਦਖਲ ਦੇਵਾਂਗੇ। ਤੁਸੀਂ 15 ਲੋਕਾਂ ਨੂੰ ਲਿਆਓ ਜਿਨ੍ਹਾਂ ਨੂੰ ਉਹ ਮ੍ਰਿਤਕ ਕਹਿੰਦੇ ਹਨ ਅਤੇ ਉਹ ਜ਼ਿੰਦਾ ਹਨ।"

ਆਰਜੇਡੀ ਸੰਸਦ ਮੈਂਬਰ ਮਨੋਜ ਝਾਅ ਵੱਲੋਂ ਪੇਸ਼ ਹੋਏ ਸਿੱਬਲ ਨੇ ਕਿਹਾ ਕਿ ਚੋਣ ਕਮਿਸ਼ਨ ਜਾਣਦਾ ਹੈ ਕਿ ਇਹ 65 ਲੱਖ ਲੋਕ ਕੌਣ ਹਨ ਅਤੇ ਜੇਕਰ ਉਹ ਡਰਾਫਟ ਸੂਚੀ ਵਿੱਚ ਆਪਣੇ ਨਾਮ ਦੱਸਦੇ ਹਨ, ਤਾਂ ਕਿਸੇ ਨੂੰ ਕੋਈ ਸਮੱਸਿਆ ਨਹੀਂ ਹੋਵੇਗੀ। ਜਸਟਿਸ ਕਾਂਤ ਨੇ ਕਿਹਾ, "ਜੇ ਡਰਾਫਟ ਸੂਚੀ ਸਪੱਸ਼ਟ ਤੌਰ 'ਤੇ ਚੁੱਪ ਹੈ, ਤਾਂ ਤੁਸੀਂ ਸਾਡੇ ਧਿਆਨ ਵਿੱਚ ਲਿਆਓਗੇ।" ਚੋਣ ਪੈਨਲ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਰਾਕੇਸ਼ ਦ੍ਵਿਵੇਦੀ ਨੇ ਕਿਹਾ ਕਿ ਡਰਾਫਟ ਸੂਚੀ ਪ੍ਰਕਾਸ਼ਨ ਤੋਂ ਬਾਅਦ ਵੀ ਗਣਨਾ ਫਾਰਮ ਦਾਖਲ ਕੀਤੇ ਜਾ ਸਕਦੇ ਹਨ। ਬੈਂਚ ਨੇ ਪਟੀਸ਼ਨਕਰਤਾਵਾਂ ਅਤੇ ਚੋਣ ਪੈਨਲ ਨੂੰ 8 ਅਗਸਤ ਤੱਕ ਆਪਣੀਆਂ ਲਿਖਤੀ ਦਲੀਲਾਂ ਦਾਖਲ ਕਰਨ ਲਈ ਕਿਹਾ।

# ਗ੍ਰਹਿ ਮੰਤਰੀ ਦੀ ਨੱਕ ਹੇਠ ਪਹਿਲਗਾਮ ਹਮਲਾ ਹੋਇਆ, ਕੀ ਅਮਿਤ ਸ਼ਾਹ ਅਸਤੀਫ਼ਾ ਦੇਣਗੇ ? ਪ੍ਰਿਯੰਕਾ ਵੱਲੋਂ ਮੋਦੀ ਸਰਕਾਰ 'ਤੇ ਜਵਾਬੀ ਹਮਲਾ

**ਨਵੀਂ ਦਿੱਲੀ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਤਿੱਖਾ ਹਮਲਾ ਕਰਦੇ ਹੋਏ, ਕਾਂਗਰਸ ਨੇਤਾ ਪ੍ਰਿਯੰਕਾ ਗਾਂਧੀ ਵਾਡਰਾ ਨੇ ਬੁੱਧਵਾਰ ਨੂੰ ਕਿਹਾ ਕਿ ਲੀਡਰਸ਼ਿਪ ਸਿਰਫ ਸਿਹਰਾ ਲੈਣ ਬਾਰੇ ਨਹੀਂ ਹੈ, ਸਗੋਂ ਜ਼ਿੰਮੇਵਾਰੀ ਵੀ ਲੈਂਦੀ ਹੈ। ਪ੍ਰਿਯੰਕਾ ਨੇ ਦਾਅਵਾ ਕੀਤਾ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਦਾ ਐਲਾਨ ਕਰਨਾ ਪ੍ਰਧਾਨ ਮੰਤਰੀ ਦੀ 'ਗੈਰ-ਜ਼ਿੰਮੇਵਾਰੀ' ਨੂੰ ਦਰਸਾਉਂਦਾ ਹੈ।

ਲੋਕ ਸਭਾ ਵਿੱਚ ਆਪ੍ਰੇਸ਼ਨ ਸਿੰਧੂਰ 'ਤੇ ਇੱਕ ਵਿਸ਼ੇਸ਼ ਚਰਚਾ ਵਿੱਚ ਹਿੱਸਾ ਲੈਂਦੇ ਹੋਏ, ਕਾਂਗਰਸ ਸੰਸਦ ਮੈਂਬਰ ਨੇ ਕਿਹਾ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ, ਇੱਥੋਂ ਤੱਕ ਕਿ ਉਨ੍ਹਾਂ ਦੀ ਮਾਂ ਦੇ ਹੰਝੂਆਂ ਬਾਰੇ ਗੱਲ ਕੀਤੀ ਪਰ ਇਹ ਜਵਾਬ ਨਹੀਂ ਦਿੱਤਾ ਕਿ 'ਜੰਗ ਉਸ ਸਮੇਂ ਕਿਉਂ ਰੋਕੀ ਗਈ ਜਦੋਂ ਦੁਸ਼ਮਣ ਕੋਲ ਭੱਜਣ ਲਈ ਕੋਈ ਰਾਹ ਨਹੀਂ ਬਚਿਆ ਸੀ।'

ਉਨ੍ਹਾਂ ਪੁੱਛਿਆ ਕਿ ਕੀ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਰੱਖਿਆ ਮੰਤਰੀ ਅਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਦੀ ਜ਼ਿੰਮੇਵਾਰੀ ਨਹੀਂ ਹੈ। ਉਨ੍ਹਾਂ ਕਿਹਾ, "ਕੀ ਸਰਕਾਰ ਨੂੰ ਪਤਾ ਨਹੀਂ ਸੀ ਕਿ ਹਜ਼ਾਰਾਂ ਸੈਲਾਨੀ ਬੈਸਰਨ ਘਾਟੀ ਜਾਂਦੇ ਹਨ... ਉੱਥੇ ਕੋਈ ਸੁਰੱਖਿਆ ਕਿਉਂ ਨਹੀਂ ਸੀ ? ਉਨ੍ਹਾਂ ਨੂੰ ਰੱਬ ਦੀ ਰਹਿਮੋ ਕਰਮ 'ਤੇ ਕਿਉਂ ਛੱਡ ਦਿੱਤਾ ਗਿਆ।"

ਪ੍ਰਿਯੰਕਾ ਨੇ ਕਿਹਾ, "ਇਹ ਸਾਡੀ ਸਰਕਾਰ ਅਤੇ ਖੁਫੀਆ ਏਜੰਸੀਆਂ ਦੀ ਇੱਕ ਵੱਡੀ ਅਸਫਲਤਾ ਹੈ। ਇਸ ਦੀ ਜ਼ਿੰਮੇਵਾਰੀ ਕੌਣ ਲਵੇਗਾ ? ਕੀ ਕਿਸੇ ਨੇ ਅਸਤੀਫਾ ਦੇ ਦਿੱਤਾ ਹੈ ? ਉਹ ਅਤੀਤ ਬਾਰੇ ਗੱਲਾਂ ਕਰਦੇ ਰਹਿੰਦੇ ਹਨ ਪਰ ਵਰਤਮਾਨ ਵਿੱਚ ਕੀ ਹੋ ਰਿਹਾ ਹੈ, ਇਸ ਦਾ ਜਵਾਬ ਕੌਣ ਦੇਵੇਗਾ।"

ਇਸ ਦੌਰਾਨ ਰਾਜ ਸਭਾ ਵਿੱਚ ਬਹਿਸ ਸ਼ੁਰੂ ਕਰਦੇ ਹੋਏ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਇੱਕ ਦਿਨ ਆਏਗਾ ਜਦੋਂ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀਓਕੇ) ਦੇ ਲੋਕ ਭਾਰਤ ਦੀ ਜਮਹੂਰੀ ਪ੍ਰਣਾਲੀ ਦਾ ਹਿੱਸਾ ਬਣ ਜਾਣਗੇ। ਉਨ੍ਹਾਂ ਵਿਸ਼ਵਾਸ ਪ੍ਰਗਟ ਕੀਤਾ ਕਿ ਉਹ ਇੱਕ ਦਿਨ ਕਹਿਣਗੇ, 'ਮੈਂ ਵੀ ਭਾਰਤ।' ਉਨ੍ਹਾਂ ਕਿਹਾ ਕਿ ਅਪਰੈਲ ਵਿੱਚ ਪਹਿਲਗਾਮ ਦਹਿਸ਼ਤੀ ਹਮਲੇ ਖਿਲਾਫ਼ ਫੌਜੀ ਕਾਰਵਾਈ (ਅਪਰੇਸ਼ਨ ਸਿੰਧੂਰ) ਨੇ ਸਾਬਤ ਕਰ ਦਿੱਤਾ ਕਿ ਭਾਰਤ ਨੂੰ ਹੁਣ ਇੱਕ ਨਰਮ ਰਾਜ ਵਜੋਂ ਨਹੀਂ ਦੇਖਿਆ ਜਾਂਦਾ ਹੈ, ਸਗੋਂ ਇੱਕ ਅਜਿਹੇ ਰਾਸ਼ਟਰ ਵਜੋਂ ਦੇਖਿਆ ਜਾਂਦਾ ਹੈ ਜੋ ਆਪਣੀ ਪ੍ਰਭੂਸੱਤਾ ਅਤੇ ਸਵੈ-ਮਾਣ ਦੀ ਰੱਖਿਆ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹੈ।

ਇਸ ਤੋਂ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮੰਗਲਵਾਰ ਨੂੰ ਲੋਕ ਸਭਾ ਵਿੱਚ ਐਲਾਨ ਕੀਤਾ ਕਿ ਪਹਿਲਗਾਮ ਕਤਲੇਆਮ ਨੂੰ ਅੰਜਾਮ ਦੇਣ ਵਾਲੇ ਤਿੰਨ ਦਹਿਸ਼ਤਗਰਦਾਂ ਨੂੰ ਸੁਰੱਖਿਆ ਬਲਾਂ ਨੇ ਸ੍ਰੀਨਗਰ ਨੇੜੇ ਫੌਜ, ਸੀਆਰਪੀਐਫ ਅਤੇ ਜੰਮੂ-ਕਸ਼ਮੀਰ ਪੁਲੀਸ ਦੀ ਸਾਂਝੀ ਕਾਰਵਾਈ ਦੌਰਾਨ ਮਾਰ ਮੁਕਾਇਆ ਹੈ।

ਆਪਰੇਸ਼ਨ ਸਿੰਧੂਰ 'ਤੇ ਵਿਸ਼ੇਸ਼ ਚਰਚਾ ਵਿੱਚ ਹਿੱਸਾ ਲੈਂਦੇ ਹੋਏ ਸ਼ਾਹ ਨੇ ਕਿਹਾ ਕਿ ਸੋਮਵਾਰ ਨੂੰ 'ਆਪਰੇਸ਼ਨ ਮਹਾਦੇਵ' ਤਹਿਤ ਇਹ ਤਿੰਨੋਂ ਦਹਿਸ਼ਤਗਰਦ ਮਾਰੇ ਗਏ ਸਨ। ਉਨ੍ਹਾਂ ਦੀ ਪਛਾਣ ਸੁਲੇਮਾਨ ਉਰਫ਼ ਫੈਜ਼ਲ, ਅਫਗਾਨੀ ਅਤੇ ਜਿਬਰਾਨ ਵਜੋਂ ਹੋਈ ਹੈ।

ਉਨ੍ਹਾਂ ਕਿਹਾ, "ਜਦੋਂ ਕਿ ਸੁਲੇਮਾਨ ਲਸ਼ਕਰ-ਏ-ਤੋਇਬਾ ਦਾ ਏ-ਸ਼੍ਰੇਣੀ ਦਾ ਕਮਾਂਡਰ ਸੀ, ਅਫਗਾਨੀ ਵੀ ਲਸ਼ਕਰ-ਏ-ਤੋਇਬਾ ਦਾ ਏ-ਸ਼੍ਰੇਣੀ ਦਾ ਅਤਿਵਾਦੀ ਸੀ, ਜਿਬਰਾਨ ਵੀ ਇੱਕ ਬਦਨਾਮ ਅਤੇ ਲੋੜੀਂਦਾ ਅਤਿਵਾਦੀ ਸੀ। ਪਹਿਲਗਾਮ ਦੀ ਬੈਸਰਨ ਘਾਟੀ ਵਿੱਚ ਸਾਡੇ ਨਾਗਰਿਕਾਂ ਦੀ ਹੱਤਿਆ ਵਿੱਚ ਸ਼ਾਮਲ ਇਹ ਤਿੰਨੋਂ ਅਤਿਵਾਦੀ ਹੁਣ ਖਤਮ ਕਰ ਦਿੱਤੇ ਗਏ ਹਨ।"

ਸ਼ਾਹ ਨੇ ਕਿਹਾ ਕਿ ਅਤਿਵਾਦੀਆਂ ਨੂੰ ਹੁਣ ਪਾਕਿਸਤਾਨ ਤੋਂ ਜੰਮੂ-ਕਸ਼ਮੀਰ ਭੇਜਿਆ ਜਾ ਰਿਹਾ ਹੈ ਕਿਉਂਕਿ ਕਸ਼ਮੀਰ ਵਿੱਚ ਕੋਈ ਮੁਕਾਮੀ ਅਤਿਵਾਦੀ ਨਹੀਂ ਹੈ। ਕੇਂਦਰੀ ਗ੍ਰਹਿ ਮੰਤਰੀ ਨੇ ਕਿਹਾ ਕਿ 2005 ਅਤੇ 2011 ਦਰਮਿਆਨ 27 ਅਤਿਵਾਦੀ ਹਮਲੇ ਹੋਏ। ਉਨ੍ਹਾਂ ਕਿਹਾ, "ਕਾਂਗਰਸ ਸਰਕਾਰ ਨੇ ਕੀ ਕੀਤਾ ? ਉਨ੍ਹਾਂ ਨੇ ਸਿਰਫ਼ ਪਾਕਿਸਤਾਨ ਨੂੰ ਡੋਜ਼ੀਅਰ ਭੇਜੇ।"

ਪਾਕਿਸਤਾਨ ਨੂੰ ਸਾਰੇ ਅਤਿਵਾਦ ਦੀ ਜੜ੍ਹ ਦੱਸਦਿਆਂ ਸ਼ਾਹ ਨੇ ਕਿਹਾ ਕਿ ਪਾਕਿਸਤਾਨ ਕਾਂਗਰਸ ਵੱਲੋਂ ਕੀਤੀ ਗਈ ਇੱਕ ਗਲਤੀ ਸੀ। ਉਨ੍ਹਾਂ ਕਿਹਾ, "ਜੇਕਰ ਉਨ੍ਹਾਂ ਨੇ ਵੰਡ ਨੂੰ ਰੱਦ ਕਰ ਦਿੱਤਾ ਹੁੰਦਾ, ਤਾਂ ਅੱਜ ਪਾਕਿਸਤਾਨ ਨਾ ਹੁੰਦਾ।"

ਇਸ ਦੌਰਾਨ, ਇੱਕ ਸਰਕਾਰੀ ਸੂਤਰ ਮੁਤਾਬਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅੱਜ ਸ਼ਾਮੀਂ ਸਦਨ ਨੂੰ ਸੰਬੋਧਨ ਕਰਨ ਦੀ ਉਮੀਦ ਹੈ।

# ਵਿੱਤ ਵਿਭਾਗ ਵੱਲੋਂ ਡੈਂਟਲ ਟੀਚਿੰਗ ਫੈਕਲਟੀ ਲਈ ਸੇਵਾਮੁਕਤੀ ਦੀ ਉਮਰ 65 ਸਾਲ ਤੱਕ ਵਧਾਉਣ ਨੂੰ ਪ੍ਰਵਾਨਗੀ: ਹਰਪਾਲ ਸਿੰਘ ਚੀਮਾ

**ਚੰਡੀਗੜ੍ਹ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਵਿੱਚ ਸਿਹਤ ਸੰਭਾਲ ਅਤੇ ਸਿੱਖਿਆ ਖੇਤਰਾਂ ਨੂੰ ਵਧਾਉਣ ਦੇ ਉਦੇਸ਼ ਨਾਲ ਇੱਕ ਮਹੱਤਵਪੂਰਨ ਫੈਸਲੇ ਵਿੱਚ, ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਮੰਗਲਵਾਰ ਨੂੰ ਐਲਾਨ ਕੀਤਾ ਕਿ ਵਿੱਤ ਵਿਭਾਗ (ਐਫਡੀ) ਨੇ ਪੰਜਾਬ ਡੈਂਟਲ ਐਜੂਕੇਸ਼ਨ (ਗਰੁੱਪ-ਏ) ਸੇਵਾ ਨਿਯਮ, 2016 ਦੁਆਰਾ ਨਿਯੰਤਰਿਤ ਡਾਕਟਰਾਂ ਅਤੇ ਡੈਂਟਲ ਫੈਕਲਟੀ ਲਈ ਸੇਵਾਮੁਕਤੀ ਦੀ ਉਮਰ 62 ਤੋਂ ਵਧਾ ਕੇ 65 ਸਾਲ ਕਰਨ ਲਈ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਦੇ ਪ੍ਰਸਤਾਵ ਨੂੰ ਅਧਿਕਾਰਤ ਤੌਰ 'ਤੇ ਮਨਜ਼ੂਰੀ ਦੇ ਦਿੱਤੀ ਹੈ।

ਇੱਥੇ ਜਾਰੀ ਇੱਕ ਪ੍ਰੈਸ ਬਿਆਨ ਵਿੱਚ ਇਹ ਖੁਲਾਸਾ ਕਰਦੇ ਹੋਏ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵਿਸਥਾਰ ਵਿੱਚ ਦੱਸਿਆ ਕਿ ਅੰਮ੍ਰਿਤਸਰ ਅਤੇ ਪਟਿਆਲਾ ਦੇ ਸਰਕਾਰੀ ਮੈਡੀਕਲ ਕਾਲਜਾਂ ਅਤੇ ਹਸਪਤਾਲਾਂ ਵਿੱਚ ਮੈਡੀਕਲ ਟੀਚਿੰਗ ਫੈਕਲਟੀ ਲਈ ਪਹਿਲਾਂ ਤੋਂ ਮੌਜੂਦ ਨੀਤੀ ਦੀ ਤਰਜ਼ 'ਤੇ ਇਹ ਮਹੱਤਵਪੂਰਨ ਪ੍ਰਵਾਨਗੀ ਡੈਂਟਲ ਟੀਚਿੰਗ ਫੈਕਲਟੀ ਦੀ ਸੇਵਾਮੁਕਤੀ ਦੀ ਉਮਰ 65 ਸਾਲ ਤੱਕ ਵਧਾ ਦੇਵੇਗੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਫੈਸਲਾ ਇਸ ਉੱਚ ਹੁਨਰਮੰਦ ਫੈਕਲਟੀ ਦੀ ਮੁਹਾਰਤ ਅਤੇ ਤਜਰਬੇ ਨੂੰ ਲੰਬੇ ਸਮੇਂ ਲਈ ਵਰਤਣ ਲਈ ਲਿਆ ਗਿਆ ਹੈ, ਜਿਸ ਨਾਲ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਦੇ ਅੰਦਰ ਸਮੁੱਚੀ ਕਾਰਗੁਜ਼ਾਰੀ ਅਤੇ ਗੁਣਵੱਤਾ ਵਿੱਚ ਵਾਧਾ ਹੋਵੇਗਾ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਹ ਫੈਸਲਾ 113 ਪੇਸ਼ੇਵਰਾਂ ਦੀ ਸੇਵਾ ਮਿਆਦ ਵਧਾਏਗਾ, ਜਿਸ ਵਿੱਚ 112 ਡੈਂਟਲ ਟੀਚਿੰਗ ਫੈਕਲਟੀ ਮੈਂਬਰ ਅਤੇ ਇੱਕ ਜਾਇੰਟ ਡਾਇਰੈਕਟਰ ਸ਼ਾਮਲ ਹਨ, ਜਿਸ ਨਾਲ ਇਨ੍ਹਾਂ ਮੈਡੀਕਲ ਫੈਕਲਟੀ ਦੀ ਮੁਹਾਰਤ ਅਤੇ ਤਜਰਬੇ ਦਾ ਲਾਭ ਉਠਾ ਕੇ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਦੀ ਕਾਰਗੁਜ਼ਾਰੀ ਨੂੰ ਹੋਰ ਵਧਾਇਆ ਜਾ ਸਕੇਗਾ। ਉਨ੍ਹਾਂ ਅੱਗੇ ਕਿਹਾ ਕਿ ਇਸ ਤਜਰਬੇਕਾਰ ਫੈਕਲਟੀ ਦੀਆਂ ਸੇਵਾਵਾਂ ਨੂੰ ਬਰਕਰਾਰ ਰੱਖਣ ਪਿੱਛੇ ਪੰਜਾਬ ਸਰਕਾਰ ਦਾ ਉਦੇਸ਼ ਰਾਜ ਵਿੱਚ ਦੰਦਾਂ ਦੀ ਸਿਹਤ ਸੰਭਾਲ ਪ੍ਰਣਾਲੀ ਨੂੰ ਨਿਰੰਤਰ ਬਿਹਤਰ ਬਣਾਉਣ ਲਈ ਉਨ੍ਹਾਂ ਦੇ ਗਿਆਨ ਅਤੇ ਹੁਨਰਾਂ ਨੂੰ ਵਰਤਣਾ ਹੈ, ਜਿਸ ਨਾਲ ਅੰਤ ਵਿੱਚ ਇਨ੍ਹਾਂ ਸੰਸਥਾਵਾਂ ਵਿੱਚ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਅਤੇ ਇਲਾਜ ਕਰਵਾਉਣ ਵਾਲੇ ਮਰੀਜ਼ਾਂ ਨੂੰ ਵੱਡਾ ਲਾਭ ਹੋਵੇਗਾ।

ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਵਸਨੀਕਾਂ ਨੂੰ ਉੱਤਮ ਸਿੱਖਿਆ ਅਤੇ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਆਪਣੇ ਸਮਰਪਣ ਵਿੱਚ ਅਡੋਲ ਹੈ। ਉਨ੍ਹਾਂ ਕਿਹਾ ਕਿ ਇਹ ਉਪਾਅ ਵੀ ਸਿਹਤ ਸੰਭਾਲ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਮੈਡੀਕਲ ਅਤੇ ਦੰਦਾਂ ਦੀ ਸਿੱਖਿਆ ਦੇ ਉੱਚ ਮਿਆਰ ਨੂੰ ਯਕੀਨੀ ਬਣਾਉਣ ਲਈ ਸਰਕਾਰ ਦੇ ਸਰਗਰਮ ਪਹੁੰਚ ਨੂੰ ਹੀ ਦਰਸਾਉਂਦਾ ਹੈ।

# ਜਸਵੀਰ ਸਿੰਘ ਗੜ੍ਹੀ ਆਪਣੇ ਨਿਊਜ਼ੀਲੈਂਡ ਦੌਰੇ ਤੋਂ ਵਾਪਸ ਪਰਤੇ

**ਚੰਡੀਗੜ੍ਹ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਸਰਦਾਰ ਜਸਵੀਰ ਸਿੰਘ ਗੜ੍ਹੀ ਆਪਣਾ 27 ਦਿਨਾਂ ਨਿਊਜ਼ੀਲੈਂਡ ਦਾ ਦੌਰੇ ਉਪਰੰਤ ਅੱਜ ਵਤਨ ਪਰਤ ਆਏ ਹਨ। ਸਰਦਾਰ ਗੜ੍ਹੀ 30 ਜੁਲਾਈ 2025 ਨੂੰ ਪੰਜਾਬ ਸਿਵਲ ਸਕੱਤਰੇਤ, ਸੈਕਟਰ 1, ਚੰਡੀਗੜ੍ਹ ਵਿਖੇ ਲੋਕਾਂ ਦੀਆਂ ਸ਼ਿਕਾਇਤਾਂ ਸੁਣਨਗੇ।

ਆਪਣੀ ਇਸ ਨਿਊਜ਼ੀਲੈਂਡ ਫ਼ੇਰੀ ਦੌਰਾਨ ਜਸਵੀਰ ਸਿੰਘ ਗੜ੍ਹੀ ਵੱਲੋਂ ਨਿਊਜ਼ੀਲੈਂਡ ਦੇ ਜ਼ਿਆਦਾਤਰ ਇਲਾਕਿਆਂ ਦਾ ਦੌਰਾ ਕੀਤਾ ਗਿਆ।

ਇਸ ਫੇਰੀ ਉਨ੍ਹਾਂ ਆਕਲੈਂਡ, ਹਮਿਲਟਨ ਵਿੱਚ ਵਸਦੇ ਪੰਜਾਬੀਆਂ ਨਾਲ ਮੁਲਾਕਾਤ ਕਰਨ ਤੋਂ ਨੈਸ਼ਨਲ ਪਾਰਟੀ ਦੇ ਮੈਂਬਰ ਪਾਰਲੀਮੈਂਟ ਕੈਮਰੂਨ ਬਰਾਊਨ ਅਤੇ ਵਿਰੋਧੀ ਧਿਰ ਦੇ ਸੀਨੀਅਰ ਮੈਂਬਰ ਪਾਰਲੀਮੈਂਟ ਫਿੱਲ ਟਿਫੋਰਡ ਨਾਲ ਵਿਸ਼ੇਸ਼ ਤੌਰ ਤੇ ਮੁਲਾਕਾਤ ਕਰਕੇ ਪੰਜਾਬੀਆਂ ਦੀਆਂ ਮੁਸ਼ਕਲਾਂ ਨੂੰ ਸਾਂਝਾ ਕੀਤਾ।

# ਡੀਆਰਡੀਓ ਵੱਲੋਂ 'ਪ੍ਰਲਏ' ਮਿਜ਼ਾਈਲ ਦੀ ਸਫ਼ਲ ਅਜ਼ਮਾਇਸ਼



**ਨਵੀਂ ਦਿੱਲੀ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਰੱਖਿਆ ਖੋਜ ਤੇ ਵਿਕਾਸ ਸੰਸਥਾ (4♣4®) ਨੇ ਪ੍ਰਲਏ ਮਿਜ਼ਾਈਲ ਦੇ ਉਪਰੋਥੱਲੀ ਦੋ ਸਫ਼ਲ ਪ੍ਰੀਖਣ ਕੀਤੇ ਹਨ। ਇਨ੍ਹਾਂ ਦੋ ਸਫ਼ਲ ਅਜ਼ਮਾਇਸ਼ਾਂ ਮਗਰੋਂ ਪ੍ਰਲਏ ਮਿਜ਼ਾਈਲ ਨੂੰ ਨੇੜ ਭਵਿੱਖ ਵਿਚ ਭਾਰਤੀ ਸੈਨਾਵਾਂ 'ਚ ਸ਼ਾਮਲ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ।

ਪ੍ਰਲਏ ਜ਼ਮੀਨ ਤੋਂ ਜ਼ਮੀਨ 'ਤੇ ਮਾਰ ਕਰਨ ਵਾਲੀ ਛੋਟੀ ਦੂਰੀ ਦੀ ਬੈਲਸਟਿਕ ਮਿਜ਼ਾਈਲ ਹੈ ਜੋ ਭਾਰਤ ਦੀਆਂ ਰਣਨੀਤਕ ਫੌਜੀ ਸਮਰੱਥਾਵਾਂ ਨੂੰ ਵਧਾਉਣ ਲਈ ਤਿਆਰ ਕੀਤੀ ਗਈ ਹੈ। ਇਸ ਦੀ ਰੇਂਜ 200 ਕਿਲੋਮੀਟਰ ਤੋਂ 500 ਕਿਲੋਮੀਟਰ ਦੇ ਵਿਚਕਾਰ ਹੈ। ਇਹ ਪਾਕਿਸਤਾਨ ਦੇ ਰਣਨੀਤਕ ਪਰਮਾਣੂ ਹਥਿਆਰਾਂ ਦਾ ਜਵਾਬ ਹੈ ਕਿਉਂਕਿ ਇਹ ਮਿਜ਼ਾਈਲ ਪਰਮਾਣੂ ਹਥਿਆਰ ਲੈ ਜਾ ਸਕਦੀ ਹੈ।

ਰੱਖਿਆ ਮੰਤਰਾਲੇ ਨੇ ਮੰਗਲਵਾਰ ਨੂੰ ਕਿਹਾ ਕਿ ਇਹ ਅਜ਼ਮਾਇਸ਼ ਦੋ ਵੱਖ-ਵੱਖ ਦਿਨਾਂ ਸੋਮਵਾਰ ਅਤੇ ਮੰਗਲਵਾਰ ਨੂੰ ਓਡੀਸ਼ਾ ਦੇ ਸਾਹਿਲ 'ਤੇ ਏਪੀਜੇ ਅਬਦੁਲ ਕਲਾਮ ਟਾਪੂ ਤੋਂ ਕੀਤੀ ਗਈ।

ਡੀਆਰਡੀਓ ਦੇ ਚੇਅਰਮੈਨ ਡਾ. ਸਮੀਰ ਵੀ. ਕਾਮਤ ਨੇ ਸਫ਼ਲ ਪ੍ਰੀਖਣਾਂ ਲਈ ਵਧਾਈ ਦਿੱਤੀ ਅਤੇ ਕਿਹਾ ਕਿ 'ਪਹਿਲੇ ਪੜਾਅ ਦੇ ਫਲਾਈਟ ਟੈਸਟ ਪੂਰੇ ਹੋਣ ਨਾਲ ਨੇੜ ਭਵਿੱਖ ਵਿੱਚ ਇਸ ਸਿਸਟਮ ਨੂੰ ਹਥਿਆਰਬੰਦ ਸੈਨਾਵਾਂ ਵਿੱਚ ਸ਼ਾਮਲ ਕਰਨ ਦਾ ਰਾਹ ਪੱਧਰਾ ਹੋਵੇਗਾ।"

ਪ੍ਰਲਏ ਭਾਰਤ ਵਿਚ ਵਿਕਸਤ ਠੋਸ ਪ੍ਰੋਪੈਲੈਂਟ ਕੁਆਸੀ-ਬੈਲਿਸਟਿਕ ਮਿਜ਼ਾਈਲ ਹੈ ਜੋ ਸਟੀਕ ਨਿਸ਼ਾਨੇ ਨੂੰ ਯਕੀਨੀ ਬਣਾਉਣ ਲਈ ਅਤਿ-ਆਧੁਨਿਕ ਮਾਰਗਦਰਸ਼ਨ ਅਤੇ ਨੈਵੀਗੇਸ਼ਨ ਦੀ ਵਰਤੋਂ ਕਰਦੀ ਹੈ। ਇਹ ਮਿਜ਼ਾਈਲ ਵੱਖ-ਵੱਖ ਟੀਚਿਆਂ ਮੁਤਾਬਕ ਕਈ ਕਿਸਮਾਂ ਦੇ ਹਥਿਆਰ ਲਿਜਾਣ ਦੇ ਸਮਰੱਥ ਹੈ। ਇਹ ਮਿਜ਼ਾਈਲ ਦੁਸ਼ਮਣ ਦੀਆਂ ਰਡਾਰ ਸਥਾਪਨਾਵਾਂ, ਸੰਚਾਰ ਕੇਂਦਰਾਂ, ਕਮਾਂਡ ਅਤੇ ਕੰਟਰੋਲ ਕੇਂਦਰਾਂ ਅਤੇ ਹੋਰ ਮਹੱਤਵਪੂਰਨ ਫੌਜੀ ਟਿਕਾਣਿਆਂ 'ਤੇ ਹਮਲਾ ਕਰਨ ਅਤੇ ਉਨ੍ਹਾਂ ਨੂੰ ਨਸ਼ਟ ਕਰਨ ਲਈ ਤਿਆਰ ਕੀਤੀ ਗਈ ਹੈ।

ਉਡਾਣ-ਪ੍ਰੀਖਣਾਂ ਨੂੰ ਡੀਆਰਡੀਓ ਦੇ ਸੀਨੀਅਰ ਵਿਗਿਆਨੀਆਂ, ਭਾਰਤੀ ਹਵਾਈ ਸੈਨਾ ਅਤੇ ਭਾਰਤੀ ਫੌਜ ਦੇ ਨੁਮਾਇੰਦਿਆਂ ਨੇ ਦੇਖਿਆ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸਫਲ ਉਡਾਣ-ਪ੍ਰੀਖਣਾਂ ਲਈ ਡੀਆਰਡੀਓ, ਹਥਿਆਰਬੰਦ ਸੈਨਾਵਾਂ ਅਤੇ ਉਦਯੋਗ ਦੀ ਸ਼ਲਾਘਾ ਕੀਤੀ ਹੈ। ਸਿੰਘ ਨੇ ਕਿਹਾ ਕਿ ਆਧੁਨਿਕ ਤਕਨਾਲੋਜੀਆਂ ਨਾਲ ਲੈਸ ਇਹ ਮਿਜ਼ਾਈਲ ਹਥਿਆਰਬੰਦ ਸੈਨਾਵਾਂ ਨੂੰ ਖਤਰਿਆਂ ਦੇ ਵਿਰੁੱਧ ਹੋਰ ਤਕਨੀਕੀ ਹੁਲਾਰਾ ਦੇਵੇਗੀ।

# ਦਿੱਲੀ 'ਚ ਬੰਗਾਲੀ ਬੋਲਣ ਵਾਲੇ ਪਰਵਾਸੀ ਪਰਿਵਾਰ ਨੂੰ ਧਮਕਾਇਆ ਗਿਆ: ਮਮਤਾ ਬੈਨਰਜੀ

**ਕੋਲਕਾਤਾ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਮੰਗਲਵਾਰ ਨੂੰ ਦਾਅਵਾ ਕੀਤਾ ਕਿ ਦਿੱਲੀ ਵਿੱਚ ਕਥਿਤ ਤੌਰ 'ਤੇ ਹਮਲੇ ਦਾ ਸ਼ਿਕਾਰ ਹੋਈ ਇੱਕ ਬੰਗਾਲੀ ਬੋਲਣ ਵਾਲੀ ਔਰਤ ਅਤੇ ਉਸਦੇ ਬੱਚੇ ਨੂੰ ਧਮਕਾਇਆ ਗਿਆ ਸੀ। ਬੈਨਰਜੀ ਨੇ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਸਾਂਝਾ ਕੀਤਾ ਸੀ, ਜਿਸ ਵਿੱਚ ਦੋਸ਼ ਲਾਇਆ ਗਿਆ ਕਿ ਕੌਮੀ ਰਾਜਧਾਨੀ ਵਿੱਚ ਇੱਕ ਬੰਗਾਲੀ ਬੋਲਣ ਵਾਲੀ ਔਰਤ ਅਤੇ ਉਸਦੇ ਬੱਚੇ 'ਤੇ ਉਨ੍ਹਾਂ ਦੀ ਭਾਸ਼ਾ ਬੋਲਣ ਕਾਰਨ ਹਮਲਾ ਕੀਤਾ ਗਿਆ ਸੀ। ਹਾਲਾਂਕਿ, ਦਿੱਲੀ ਪੁਲੀਸ ਨੇ ਬੈਨਰਜੀ ਦੁਆਰਾ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਗਈ ਵੀਡੀਓ ਨੂੰ ਮਨਘੜਤ ਅਤੇ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਕਰਾਰ ਦਿੱਤਾ ਹੈ।

ਬੈਨਰਜੀ ਨੇ ਬੀਰਭੂਮ ਜ਼ਿਲ੍ਹੇ ਵਿੱਚ ਕਿਹਾ, "ਉਨ੍ਹਾਂ ਨੂੰ ਵੱਖ-ਵੱਖ ਪੁਲੀਸ ਥਾਣਿਆਂ ਵਿੱਚ ਲਿਜਾਇਆ ਗਿਆ ਜਿਵੇਂ ਕਿ ਮੈਂ ਕੱਲ੍ਹ ਭਵਿੱਖਬਾਣੀ ਕੀਤੀ ਸੀ। ਉਨ੍ਹਾਂ ਨੂੰ ਧਮਕਾਇਆ ਗਿਆ। ਅਸੀਂ ਚਾਹੁੰਦੇ ਹਾਂ ਕਿ ਉਹ ਵਾਪਸ ਆਉਣ, ਕੌਣ ਸੱਚ ਬੋਲ ਰਿਹਾ ਹੈ ਤੇ ਕੌਣ ਝੂਠ ਬੋਲ ਰਿਹਾ ਹੈ, ਇਹ ਆਖਰਕਾਰ ਸਾਬਤ ਹੋ ਜਾਵੇਗਾ।" ਉਨ੍ਹਾਂ ਕਿਹਾ ਕਿ ਭਾਜਪਾ ਸ਼ਾਸਤ ਰਾਜਾਂ ਵਿੱਚ ਬੰਗਾਲੀ ਬੋਲਣ ਵਾਲੇ ਪਰਵਾਸੀ ਮਜ਼ਦੂਰਾਂ ਨੂੰ ਜੇ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਨ੍ਹਾਂ ਨੂੰ ਬੰਗਾਲ ਵਾਪਸ ਆ ਜਾਣਾ ਚਾਹੀਦਾ ਹੈ। ਦਿੱਲੀ ਦੇ ਡਿਪਟੀ ਕਮਿਸ਼ਨਰ ਆਫ ਪੁਲੀਸ (ਈਸਟ) ਅਭਿਸ਼ੇਕ ਧਨਿਆ ਨੇ ਦੱਸਿਆ ਕਿ ਪੁਲਿਸ ਨੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਦੁਆਰਾ 'ਐਕਸ' 'ਤੇ ਸਾਂਝੇ ਕੀਤੇ ਵੀਡੀਓ ਦਾ ਤੁਰੰਤ ਨੋਟਿਸ ਲਿਆ, ਜਿਸ ਵਿੱਚ ਉਨ੍ਹਾਂ ਨੇ ਦਾਅਵਾ ਕੀਤਾ ਸੀ ਕਿ ਔਰਤ ਅਤੇ ਉਸਦੇ ਬੱਚੇ 'ਤੇ ਦਿੱਲੀ ਪੁਲਿਸ ਕਰਮਚਾਰੀਆਂ ਵੱਲੋਂ ਬੇਰਹਿਮੀ ਨਾਲ ਹਮਲਾ ਕੀਤਾ ਗਿਆ ਸੀ। ਅਧਿਕਾਰੀ ਨੇ ਅੱਗੇ ਕਿਹਾ, "ਲਗਾਤਾਰ ਪੁੱਛਗਿੱਛ ਦੌਰਾਨ ਔਰਤ ਨੇ ਮੰਨਿਆ ਕਿ ਉਸ ਦੇ ਰਿਸ਼ਤੇਦਾਰ, ਜੋ ਪੱਛਮੀ ਬੰਗਾਲ ਦੇ ਮਾਲਦਾ ਜ਼ਿਲ੍ਹੇ ਤੋਂ ਇੱਕ ਰਾਜਨੀਤਿਕ ਕਾਰਕੁਨ ਹੈ, ਨੇ ਉਸਨੂੰ ਵੀਡੀਓ ਬਣਾਉਣ ਲਈ ਕਿਹਾ ਸੀ। ਵੀਡੀਓ ਨੂੰ ਫਿਰ ਬੰਗਾਲ ਵਿੱਚ ਸਥਾਨਕ ਤੌਰ 'ਤੇ ਪ੍ਰਸਾਰਿਤ ਕੀਤਾ ਗਿਆ ਅਤੇ ਬਾਅਦ ਵਿੱਚ ਸੋਸ਼ਲ ਮੀਡੀਆ 'ਤੇ ਸਾਹਮਣੇ ਆਇਆ।

# ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਖ਼ਿਲਾਫ਼ ਹਾਈਕੋਰਟ 'ਚ ਪਟੀਸ਼ਨ ਦਾਇਰ

**ਚੰਡੀਗੜ੍ਹ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇੱਕ ਲੋਕ ਹਿੱਤ ਪਟੀਸ਼ਨ ਦਾਇਰ ਕਰ ਕੇ ਅੱਜ ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ਨੋਟੀਫਾਈ ਕੀਤੀ ਗਈ ਲੈਂਡ ਪੂਲਿੰਗ ਨੀਤੀ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਇਹ ਨੀਤੀ ਸਮਾਜਿਕ ਅਤੇ ਵਾਤਾਵਰਣ ਪ੍ਰਭਾਵ ਮੁਲਾਂਕਣ, ਨਿਰਪੱਖ ਮੁਆਵਜ਼ਾ ਅਤੇ ਪ੍ਰਭਾਵਿਤ ਪਰਿਵਾਰਾਂ ਦੇ ਪੁਨਰਵਾਸ ਸਮੇਤ ਕਾਨੂੰਨੀ ਸੁਰੱਖਿਆ ਉਪਾਵਾਂ ਦੀ ਪਾਲਣਾ ਕਰਨ ਵਿੱਚ ਨਾਕਾਮ ਹੈ।

ਇਹ ਪਟੀਸ਼ਨ ਅਜਿਹੇ ਸਮੇਂ ਆਈ ਹੈ ਜਦੋਂ ਕਿਸਾਨ ਅਤੇ ਵਿਰੋਧੀ ਪਾਰਟੀਆਂ ਪਹਿਲਾਂ ਹੀ ਲੈਂਡ ਪੂਲਿੰਗ ਨੀਤੀ ਨੂੰ ਲਾਗੂ ਕਰਨ ਦਾ ਸਖ਼ਤ ਵਿਰੋਧ ਕਰ ਰਹੀਆਂ ਹਨ।

ਸਮਾਜਿਕ ਕਾਰਕੁਨ ਨਵਿੰਦਰ ਪੀਕੇ ਸਿੰਘ ਅਤੇ ਸਮਿਤਾ ਕੌਰ ਵੱਲੋਂ ਵਕੀਲਾਂ ਸਾਹਿਰ ਸਿੰਘ ਵਿਰਕ ਅਤੇ ਵੀ.ਬੀ. ਗੋਦਾਰਾ ਰਾਹੀਂ ਦਾਇਰ ਕੀਤੀ ਗਈ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਸਰਕਾਰ ਦੀ 4 ਜੁਲਾਈ ਦੀ ਨੀਤੀ ਮੁੱਖ ਤੌਰ 'ਤੇ ਲੁਧਿਆਣਾ ਅਤੇ ਮੁਹਾਲੀ ਵਿੱਚ ਉਪਜਾਊ ਬਹੁ-ਫਸਲੀ ਖੇਤੀਬਾੜੀ ਜ਼ਮੀਨ ਦੀ ਪ੍ਰਾਪਤੀ ਦਾ ਰਾਹ ਪੱਧਰਾ ਕਰਨ ਵਾਲੀ ਹੈ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਲੁਧਿਆਣਾ ਦੇ 50 ਤੋਂ ਵੱਧ ਪਿੰਡਾਂ ਵਿੱਚ 24,000 ਏਕੜ ਤੋਂ ਵੱਧ ਵਾਹੀਯੋਗ ਜ਼ਮੀਨ 'ਸ਼ਹਿਰੀਕਰਨ ਅਤੇ ਵਿਕਾਸ ਦੀ ਆੜ ਵਿੱਚ' ਐਕੁਆਇਰ ਕੀਤੀ ਜਾ ਰਹੀ ਸੀ ਜਦੋਂ ਕਿ ਹੋਰ 21,000 ਏਕੜ ਨੂੰ ਸਨਅਤੀ ਪਸਾਰ ਲਈ ਵੱਖਰੇ ਤੌਰ 'ਤੇ ਰੱਖਿਆ ਗਿਆ ਸੀ। ਪਟੀਸ਼ਨ ਵਿਚ ਦਲੀਲ ਦਿੱਤੀ ਗਈ ਹੈ ਕਿ ਪੰਜਾਬ ਦੀ ਉਪਜਾਊ ਖੇਤੀਯੋਗ ਜ਼ਮੀਨ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜਦੋਂਕਿ ਇਹ ਜ਼ਮੀਨ ਨਾ ਸਿਰਫ਼ ਹਜ਼ਾਰਾਂ ਕਿਸਾਨਾਂ ਦੀ ਰੋਜ਼ੀ-ਰੋਟੀ ਲਈ, ਸਗੋਂ ਇੱਕ ਅਜਿਹੇ ਸੂਬੇ ਵਿੱਚ ਅੰਨ ਸੁਰੱਖਿਆ ਨੂੰ ਬਣਾਈ ਰੱਖਣ ਲਈ ਵੀ ਅਹਿਮ ਹੈ, ਜੋ ਇਤਿਹਾਸਕ ਤੌਰ 'ਤੇ ਦੇਸ਼ ਲਈ 'ਅੰਨ ਭੰਡਾਰ' ਬਣਿਆ ਰਿਹਾ ਹੈ।

# ਪੰਜਾਬ 'ਚ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ 31 ਜੁਲਾਈ ਨੂੰ ਛੁੱਟੀ ਦਾ ਐਲਾਨ

**ਚੰਡੀਗੜ੍ਹ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਦੇ ਮੌਕੇ 31 ਜੁਲਾਈ ਵੀਰਵਾਰ ਨੂੰ ਗਜ਼ਟਿਡ ਛੁੱਟੀ ਦਾ ਐਲਾਨ ਕੀਤਾ ਹੈ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਇਹ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਪੰਜਾਬ ਦੇ ਸਕੂਲਾਂ ਕਾਲਜਾਂ ਵਿੱਚ 31 ਜੁਲਾਈ ਦੀ ਛੁੱਟੀ ਰਹੇਗੀ, ਜਿਸ ਬਾਰੇ ਪੰਜਾਬ ਸਰਕਾਰ ਨੇ ਅੱਜ ਅਧਿਕਾਰਤ ਤੌਰ 'ਤੇ ਨੋਟੀਫਿਕੇਸ਼ਨ ਜਾਰੀ ਵੀ ਕਰ ਦਿੱਤਾ ਹੈ। ਅਮਨ ਅਰੋੜਾ ਨੇ ਦੱਸਿਆ ਕਿ ਦੱਸਿਆ ਹੈ ਕਿ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ 31 ਜੁਲਾਈ, 2025 (ਵੀਰਵਾਰ) ਨੂੰ ਪੰਜਾਬ ਦੇ ਸਾਰੇ ਸਰਕਾਰੀ ਦਫ਼ਤਰਾਂ, ਬੋਰਡਾਂ, ਕਾਰਪੋਰੇਸ਼ਨਾਂ ਅਤੇ ਸਰਕਾਰੀ ਵਿਦਿਅਕ ਅਦਾਰਿਆਂ ਦੇ ਵਿੱਚ ਰਾਖਵੀਂ ਦੀ ਬਜਾਏ ਗਜ਼ਟਿਡ ਛੁੱਟੀ ਹੋਵੇਗੀ। ਅਰੋੜਾ ਨੇ ਦੱਸਿਆ ਕਿ ਭਵਾਨੀਗੜ੍ਹ-ਸੁਨਾਮ-ਭੀਖੀ ਤੋਂ ਕੋਟਸ਼ਮੀਰ ਤੱਕ ਸੜਕ ਦਾ ਨਾਂ ਵੀ ਸ਼ਹੀਦ ਊਧਮ ਸਿੰਘ ਦੇ ਨਾਮ 'ਤੇ ਹੋਵੇਗਾ।

# ਕੇਂਦਰੀ ਸਿੱਖਿਆ ਮੰਤਰੀ ਨੇ ਆਨਲਾਈਨ ਮਾਧਿਅਮ ਰਾਹੀ ਪੰਜਾਬ ਕੇਂਦਰੀ ਯੂਨੀਵਰਸਿਟੀ ਵਿਖੇ 201 ਕਰੋੜ ਰੁਪੈ ਦੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ

**ਨਵੀਂ ਦਿੱਲੀ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**




ਉੱਚ ਸਿੱਖਿਆ ਦੇ ਖੇਤਰ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਇੱਕ ਮਹੱਤਵਪੂਰਨ ਪਹਿਲਕਦਮੀ ਹੇਠ ਮਾਣਯੋਗ ਕੇਂਦਰੀ ਸਿੱਖਿਆ ਮੰਤਰੀ ਸ਼੍ਰੀ ਧਰਮੇਂਦਰ ਪ੍ਰਧਾਨ ਨੇ ਮੰਗਲਵਾਰ, 29 ਜੁਲਾਈ 2025 ਨੂੰ ਆਨਲਾਈਨ ਮਾਧਿਅਮ ਰਾਹੀ ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ ਵਿਖੇ ?200.99 ਕਰੋੜ ਦੀ ਲਾਗਤ ਨਾਲ ਵਿਕਸਤ ਕੀਤੇ ਜਾਣ ਵਾਲੇ ਵੱਖ-ਵੱਖ ਬੁਨਿਆਦੀ ਢਾਂਚਾ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ। ਇਹ ਸਮਾਗਮ ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਦੀ ਇੱਕ ਦੇਸ਼ ਵਿਆਪੀ ਮੁਹਿੰਮ ਦਾ ਹਿੱਸਾ ਸੀ।

ਆਨਲਾਈਨ ਨੀਂਹ ਪੱਥਰ ਰੱਖਣ ਦੀ ਰਸਮ ਨਵੀਂ ਦਿੱਲੀ ਵਿੱਚ ਆਯੋਜਿਤ ਆਲ ਇੰਡੀਆ ਐਜੂਕੇਸ਼ਨ ਕਨਕਲੇਵ 2025 (ਏ.ਬੀ.ਐੱਸ.ਐੱਸ.-2025) ਦੌਰਾਨ ਹੋਈ, ਜੋ ਕਿ ਰਾਸ਼ਟਰੀ ਸਿੱਖਿਆ ਨੀਤੀ (ਐਨਈਪੀ) 2020 ਦੀ ਪੰਜਵੀਂ ਵਰ੍ਹੇਗੰਢ ਨੂੰ ਮਨਾਉਣ ਲਈ ਆਯੋਜਿਤ ਕੀਤੀ ਗਈ ਸੀ। ਇਸ ਮੌਕੇ ਮਾਣਯੋਗ ਕੇਂਦਰੀ ਸਿੱਖਿਆ ਮੰਤਰੀ ਸ਼੍ਰੀ ਧਰਮੇਂਦਰ ਪ੍ਰਧਾਨ ਨੇ ਸ਼੍ਰੀ ਜਯੰਤ ਚੌਧਰੀ (ਕੇਂਦਰੀ ਰਾਜ ਮੰਤਰੀ, ਸਿੱਖਿਆ ਅਤੇ ਕੌਸ਼ਲ ਵਿਕਾਸ) ਅਤੇ ਡਾ. ਸੁਕਾਂਤ ਮਜੂਮਦਾਰ (ਕੇਂਦਰੀ ਰਾਜ ਮੰਤਰੀ, ਸਿੱਖਿਆ) ਦੀ ਹਾਜ਼ਰੀ ਵਿੱਚ ਨਵੇਂ ਬੁਨਿਆਦੀ ਢਾਂਚਾ ਨਿਰਮਾਣ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ। ਇਸ ਮਹੱਤਵਪੂਰਨ ਸਮਾਰੋਹ ਵਿੱਚ ਪੰਜਾਬ ਦੇ ਸਿੱਖਿਆ ਮੰਤਰੀ ਸ਼੍ਰੀ ਹਰਜੋਤ ਸਿੰਘ ਬੈਂਸ ਵੀ ਮੌਜੂਦ ਸਨ। ਦਿੱਲੀ ਵਿੱਚ ਹੋਏ ਰਾਸ਼ਟਰੀ ਸਮਾਗਮ ਵਿੱਚ ਸੀਯੂ ਪੰਜਾਬ ਦੇ ਵਾਈਸ ਚਾਂਸਲਰ ਪ੍ਰੋ. ਰਾਘਵੇਂਦਰ ਪ੍ਰਸਾਦ ਤਿਵਾਰੀ ਨੇ ਵੀ ਵਿਸ਼ੇਸ਼ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ।

ਇਸ ਦੌਰਾਨ ਜ਼ਿਲ੍ਹਾ ਬਠਿੰਡਾ ਦੇ ਪਿੰਡ ਘੁੱਦਾ ਵਿਖੇ ਸਥਿਤ ਸੀਯੂ ਪੰਜਾਬ ਦੇ ਮੁੱਖ ਕੈਂਪਸ ਵਿੱਚ ਇੱਕ ਸਮਾਨਾਂਤਰ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿੱਥੇ ਯੂਨੀਵਰਸਿਟੀ ਦੇ ਪ੍ਰੋ. ਵਾਈਸ-ਚਾਂਸਲਰ ਪ੍ਰੋ. ਕਿਰਨ ਹਜ਼ਾਰਿਕਾ ਦੀ ਅਗਵਾਈ ਹੇਠ ਯੂਨੀਵਰਸਿਟੀ ਦੇ ਅਧਿਕਾਰੀਆਂ, ਅਧਿਆਪਕਾਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਨੀਂਹ ਪੱਥਰ ਸਮਾਰੋਹ ਦੇ ਲਾਈਵ ਆਨਲਾਈਨ ਪ੍ਰਸਾਰਣ ਵਿੱਚ ਭਾਗ ਲਿਆ।

ਇਸ ਸਮਾਗਮ ਦੌਰਾਨ, ਮਾਨਯੋਗ ਕੇਂਦਰੀ ਸਿੱਖਿਆ ਮੰਤਰੀ ਸ਼੍ਰੀ ਧਰਮੇਂਦਰ ਪ੍ਰਧਾਨ ਨੇ ਉੱਚ ਸਿੱਖਿਆ ਵਿੱਤ ਏਜੰਸੀ (ਹੈਫ਼ਾ) ਦੁਆਰਾ ਵਿੱਤ-ਪੋਸ਼ਿਤ ਹੇਠ ਲਿਖੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦਾ ਆਨਲਾਈਨ ਮਾਧਿਅਮ ਰਾਹੀਂ ਨੀਂਹ ਪੱਥਰ ਰੱਖਿਆ: ਅਕਾਦਮਿਕ ਬਲਾਕ — 20,642 ਵਰਗ ਮੀਟਰ

600 ਸੀਟਾਂ ਵਾਲਾ ਲੜਕਿਆਂ ਦਾ ਹੋਸਟਲ — 9,733 ਵਰਗ ਮੀਟਰ

400 ਸੀਟਾਂ ਵਾਲਾ ਲੜਕੀਆਂ ਦਾ ਹੋਸਟਲ — 7,289 ਵਰਗ ਮੀਟਰ

100 ਸੀਟਾਂ ਵਾਲਾ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਹੋਸਟਲ — 2,355 ਵਰਗ ਮੀਟਰ

ਵਾਈਸ ਚਾਂਸਲਰ ਨਿਵਾਸ — 393 ਵਰਗ ਮੀਟਰ

ਇਨ੍ਹਾਂ ਵਿੱਚੋਂ ਕਈ ਇਮਾਰਤਾਂ ਨੂੰ ਗ੍ਰਿਹਾ-9੭ ਦੇ ਮਿਆਰਾਂ ਅਨੁਸਾਰ ਤਿਆਰ ਕੀਤਾ ਜਾਵੇਗਾ, ਜਿਨ੍ਹਾਂ ਵਿੱਚ ਵਾਤਾਵਰਣ-ਅਨੁਕੂਲਤਾ, ਊਰਜਾ-ਕੁਸ਼ਲਤਾ ਅਤੇ ਟਿਕਾਊ-ਵਿਕਾਸ ਦੀਆਂ ਵਿਸ਼ੇਸ਼ਤਾਵਾਂ ਸ਼ਾਮਲ ਹਨ - ਜਿਵੇਂ ਕਿ ਸੈਂਸਰ-ਅਧਾਰਤ ਰੋਸ਼ਨੀ, ਸੂਰਜੀ ਊਰਜਾ ਪ੍ਰਣਾਲੀਆਂ, ਭੂਚਾਲ-ਰੋਧਕ ਢਾਂਚਾ, ਜ਼ੀਰੋ-ਵੇਸਟ ਪਾਣੀ ਪ੍ਰਣਾਲੀ, ਅਤੇ ਅੰਗਹੀਣਾਂ ਲਈ ਸੌਖੀ ਪਹੁੰਚ ਆਦਿ।

ਸਮਾਗਮ ਨੂੰ ਸੰਬੋਧਨ ਕਰਦੇ ਹੋਏ ਮਾਣਯੋਗ ਸਿੱਖਿਆ ਮੰਤਰੀ ਸ਼੍ਰੀ ਧਰਮੇਂਦਰ ਪ੍ਰਧਾਨ ਨੇ ਪੰਜਾਬ ਕੇਂਦਰੀ ਯੂਨੀਵਰਸਿਟੀ ਨੂੰ ਨਵੇਂ ਬੁਨਿਆਦੀ ਢਾਂਚੇ ਦੇ ਨੀਂਹ ਪੱਥਰ ਰੱਖਣ ਅਤੇ ਰਾਸ਼ਟਰੀ ਸਿੱਖਿਆ ਨੀਤੀ 2020 ਦੀ ਪੰਜਵੀਂ ਵਰ੍ਹੇਗੰਢ ਦੀ ਸ਼ਾਨਦਾਰ ਪ੍ਰਾਪਤੀ 'ਤੇ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ "ਮਾਨਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਦੂਰਦਰਸ਼ੀ ਅਗਵਾਈ ਹੇਠ ਸਿੱਖਿਆ ਭਾਰਤ ਦੀ ਵਿਕਾਸ ਯਾਤਰਾ ਦਾ ਮੂਲ ਕੇਂਦਰ ਬਣ ਚੁੱਕੀ ਹੈ। ਐਨਈਪੀ 2020 ਨੇ ਕਲਾਸਰੂਮ ਤੋਂ ਕੈਂਪਸ ਅਤੇ ਕਮਿਊਨਿਟੀ ਤੱਕ ਠੋਸ ਪ੍ਰਭਾਵ ਛੱਡੇ ਹਨ।

ਉਨ੍ਹਾਂ ਨੇ ਉੱਚ ਸਿੱਖਿਆ ਸੰਸਥਾਵਾਂ ਦੀ ਸਰਗਰਮ ਭੂਮਿਕਾ ਦੀ ਪ੍ਰਸੰਸਾ ਕੀਤੀ ਜੋ ਬਹੁ-ਅਨੁਸ਼ਾਸਨੀ ਸਿੱਖਿਆ, ਡਿਜੀਟਲ ਪਹੁੰਚ, ਹੁਨਰ ਵਿਕਾਸ ਅਤੇ ਸਰਬਪੱਖੀ ਸਿੱਖਿਆ ਨੂੰ ਉਤਸ਼ਾਹਿਤ ਕਰ ਰਹੀਆਂ ਹਨ।

ਉਨ੍ਹਾਂ ਨੇ ਯੂਨੀਵਰਸਿਟੀ ਵੱਲੋਂ ਖੋਜ, ਨਵੀਨਤਾ ਅਤੇ ਬਹੁ-ਅਨੁਸ਼ਾਸਨੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਵਾਲੇ ਯਤਨਾਂ ਦੀ ਭਾਰੀ ਪ੍ਰਸੰਸਾ ਕੀਤੀ। ਉਨ੍ਹਾਂ ਨੇ ਡਿਜੀਟਲ ਸਮਾਵੇਸ਼, ਹੁਨਰ ਵਿਕਾਸ ਅਤੇ ਸਮਾਵੇਸ਼ੀ ਸਿੱਖਿਆ 'ਚ ਯੂਨੀਵਰਸਿਟੀ ਦੀ ਭੂਮਿਕਾ ਨੂੰ ਖਾਸ ਤੌਰ 'ਤੇ ਉਜਾਗਰ ਕੀਤਾ। ਉਨ੍ਹਾਂ ਨੇ ਨਿਪੁੰਨ ਭਾਰਤ ਮਿਸ਼ਨ ਵਰਗੀਆਂ ਪਹਿਲਕਦਮੀਆਂ ਰਾਹੀਂ ਪੇਂਡੂ ਸਿੱਖਿਆ ਦੇ ਨਤੀਜਿਆਂ ਵਿੱਚ ਹੋਏ ਮਹੱਤਵਪੂਰਨ ਸੁਧਾਰਾਂ ਨੂੰ ਉਜਾਗਰ ਕੀਤਾ ਅਤੇ ਜ਼ੋਰ ਦਿੱਤਾ ਕਿ ਇਹ ਤਰੱਕੀ ਅਧਿਆਪਕਾਂ, ਵਿਦਿਆਰਥੀਆਂ, ਸੰਸਥਾਵਾਂ ਅਤੇ ਰਾਜ ਸਰਕਾਰਾਂ ਦੇ ਸਮੂਹਿਕ ਯਤਨਾਂ ਦਾ ਨਤੀਜਾ ਹੈ।

ਵਾਈਸ ਚਾਂਸਲਰ ਪ੍ਰੋ. ਰਾਘਵੇਂਦਰ ਪ੍ਰਸਾਦ ਤਿਵਾਰੀ ਨੇ ਯੂਨੀਵਰਸਿਟੀ ਨੂੰ ਹੈਫਾ ਗ੍ਰਾਂਟ ਤੋਂ ਇਹ ਸਹਾਇਤਾ ਪ੍ਰਦਾਨ ਕਰਨ ਲਈ ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਮਾਣਯੋਗ ਸਿੱਖਿਆ ਮੰਤਰੀ ਸ਼੍ਰੀ ਧਰਮੇਂਦਰ ਪ੍ਰਧਾਨ ਦਾ ਧੰਨਵਾਦ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਇਹ ਸਹਾਇਤਾ ਯੂਨੀਵਰਸਿਟੀ ਨੂੰ ਅਧਿਆਪਨ, ਖੋਜ ਅਤੇ ਵਿਦਿਆਰਥੀ ਭਲਾਈ ਦੇ ਖੇਤਰ ਵਿੱਚ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਇੱਕ ਵਿਸ਼ਵ ਪੱਧਰੀ ਸੰਸਥਾ ਵਿੱਚ ਬਦਲਣ ਵੱਲ ਮਦਦ ਕਰੇਗੀ।

ਇਹ ਨਵੀਨਤਾਕਾਰੀ ਪ੍ਰੋਜੈਕਟ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੂੰ ਮਿਆਰੀ ਉੱਚ ਸਿੱਖਿਆ ਪ੍ਰਦਾਨ ਕਰਨ ਲਈ ਯੂਨੀਵਰਸਿਟੀ ਦੀ ਸਮਰੱਥਾ ਨੂੰ ਵਧਾਉਣਗੇ। ਇਸ ਤੋਂ ਇਲਾਵਾ, ਇਹ ਪਹਿਲਕਦਮੀ ਸਥਿਰਤਾ, ਨਵੀਨਤਾ ਅਤੇ ਸੰਪੂਰਨ ਵਿਕਾਸ ਨੂੰ ਉਤਸ਼ਾਹਿਤ ਕਰਕੇ ਦੇਸ਼ ਦੇ ਚੋਟੀ ਦੇ ਵਿਦਿਅਕ ਅਦਾਰਿਆਂ ਵਿੱਚ ਪੰਜਾਬ ਕੇਂਦਰੀ ਯੂਨੀਵਰਸਿਟੀ ਦੀ ਸਥਿਤੀ ਨੂੰ ਹੋਰ ਮਜ਼ਬੂਤ ਕਰੇਗੀ।

# ਬਜਾਜ ਫਿਨਸਰਵ ਏਐਮਸੀ ਨੇ ਸੰਤੁਲਿਤ ਵਿਕਾਸ ਅਤੇ ਸਥਿਰਤਾ ਲਈ ਬਜਾਜ ਫਿਨਸਰਵ ਇਕੁਇਟੀ ਸੇਵਿੰਗਜ਼ ਫੰਡ ਲਾਂਚ ਕੀਤਾ

**ਚੰਡੀਗੜ੍ਹ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬਜਾਜ ਫਿਨਸਰਵ ਏਐਮਸੀ ਨੇ ਅੱਜ ਆਪਣੇ ਨਵੇਂ ਫੰਡ ਬਜਾਜ ਫਿਨਸਰਵ ਇਕੁਇਟੀ ਸੇਵਿੰਗਜ਼ ਫੰਡ ਦਾ ਐਲਾਨ ਕੀਤਾ। ਇਹ ਇੱਕ ਓਪਨ-ਐਂਡ ਸਕੀਮ ਹੈ ਜੋ ਇਕੁਇਟੀ, ਆਰਬਿਟਰੇਜ ਅਤੇ ਕਰਜ਼ਾ ਯੰਤਰਾਂ ਵਿੱਚ ਨਿਵੇਸ਼ ਕਰੇਗੀ। ਇਸਦਾ ©6® 28 ਜੁਲਾਈ, 2025 ਤੋਂ ਸ਼ੁਰੂ ਹੋਵੇਗਾ ਅਤੇ 11 ਅਗਸਤ, 2025 ਤੱਕ ਖੁੱਲ੍ਹਾ ਰਹੇਗਾ। ਫੰਡ ਲਾਂਚ 'ਤੇ ਬੋਲਦੇ ਹੋਏ, ਬਜਾਜ ਫਿਨਸਰਵ ਏਐਮਸੀ ਦੇ ਮੈਨੇਜਿੰਗ ਡਾਇਰੈਕਟਰ ਗਣੇਸ਼ ਮੋਹਨ ਨੇ ਕਿਹਾ, ÷ਬਜਾਜ ਫਿਨਸਰਵ ਇਕੁਇਟੀ ਸੇਵਿੰਗਜ਼ ਫੰਡ ਨਿਵੇਸ਼ਕਾਂ ਨੂੰ ਇੱਕ ਸੰਤੁਲਿਤ ਪਹੁੰਚ ਰਾਹੀਂ ਵਿੱਤੀ ਵਿਸ਼ਵਾਸ ਬਣਾਉਣ ਅਤੇ ਸਥਿਰ ਦੌਲਤ ਬਣਾਉਣ ਦਾ ਮੌਕਾ ਪ੍ਰਦਾਨ ਕਰਦਾ ਹੈ। ਇਹ ਵਿਕਾਸ-ਮੁਖੀ ਇਕੁਇਟੀ, ਸਥਿਰ ਕਰਜ਼ਾ ਅਤੇ ਘੱਟ-ਜੋਖਮ ਆਰਬਿਟਰੇਜ ਯੰਤਰਾਂ ਨੂੰ ਜੋੜ ਕੇ ਇੱਕ ਅਜਿਹਾ ਪੋਰਟਫੋਲੀਓ ਬਣਾਉਂਦਾ ਹੈ ਜਿਸ ਵਿੱਚ ਘੱਟ ਅਸਥਿਰਤਾ ਦੇ ਨਾਲ ਇਕਸਾਰ ਰਿਟਰਨ ਪ੍ਰਦਾਨ ਕਰਨ ਦੀ ਸਮਰੱਥਾ ਹੋਵੇ। ਇਹ ਸਕੀਮ ਅਸਥਿਰ ਬਾਜ਼ਾਰ ਵਿੱਚ ਸੰਤੁਲਨ ਅਤੇ ਸਥਿਰਤਾ ਦੀ ਭਾਲ ਕਰਨ ਵਾਲੇ ਨਿਵੇਸ਼ਕਾਂ ਲਈ ਆਦਰਸ਼ ਹੈ। ਰਵਾਇਤੀ ਭਾਰਤੀ ਨਿਵੇਸ਼ਕ ਲੰਬੇ ਸਮੇਂ ਤੋਂ ਦੋ ਵਿਕਲਪਾਂ ਵਿਚਕਾਰ ਫਸੇ ਹੋਏ ਹਨ। ਇੱਕ ਪਾਸੇ, ਫਿਕਸਡ ਡਿਪਾਜ਼ਿਟ ਅਤੇ ਕਰਜ਼ਾ ਵਿਕਲਪ ਹਨ ਜੋ ਸੁਰੱਖਿਅਤ ਹਨ ਪਰ ਮਹਿੰਗਾਈ ਤੋਂ ਪਿੱਛੇ ਹਨ; ਅਤੇ ਦੂਜੇ ਪਾਸੇ, ਅਜਿਹੀਆਂ ਇਕੁਇਟੀਆਂ ਹਨ ਜੋ ਲੰਬੇ ਸਮੇਂ ਵਿੱਚ ਬਿਹਤਰ ਰਿਟਰਨ ਪ੍ਰਦਾਨ ਕਰ ਸਕਦੀਆਂ ਹਨ ਪਰ ਵਧੇਰੇ ਅਸਥਿਰ ਅਤੇ ਜੋਖਮ ਭਰਪੂਰ ਵੀ ਹਨ। ਬਜਾਜ ਫਿਨਸਰਵ ਇਕੁਇਟੀ ਸੇਵਿੰਗਜ਼ ਫੰਡ ਨਿਵੇਸ਼ਕਾਂ ਨੂੰ ਇੱਕ ਸੰਤੁਲਿਤ ਮਾਰਗ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ। ਇਸ ਵਿੱਚ ਵਿਕਾਸ-ਮੁਖੀ ਇਕੁਇਟੀ ਨਿਵੇਸ਼, ਘੱਟ-ਜੋਖਮ ਆਰਬਿਟਰੇਜ ਮੌਕੇ ਅਤੇ ਫਿਕਸਡ ਆਮਦਨ ਯੰਤਰ ਸ਼ਾਮਲ ਹਨ ਜੋ ਨਿਯਮਤ ਆਮਦਨ ਪ੍ਰਦਾਨ ਕਰਦੇ ਹਨ। ਅਜਿਹੀ ਰਣਨੀਤਕ ਢਾਂਚਾ ਨਿਵੇਸ਼ਕਾਂ ਨੂੰ ਸਥਿਰ ਆਮਦਨ ਦੀ ਸੰਭਾਵਨਾ ਪ੍ਰਦਾਨ ਕਰਦਾ ਹੈ। ਲੰਬੇ ਸਮੇਂ ਲਈ ਪੂੰਜੀ ਪ੍ਰਸ਼ੰਸਾ ਦੇ ਨਾਲ ਨਾਲ ਸਮੁੱਚੇ ਪੋਰਟਫੋਲੀਓ ਵਿੱਚ ਅਸਥਿਰਤਾ ਨੂੰ ਵੀ ਘਟਾਉਂਦਾ ਹੈ।

# ਪੰਜ-ਆਬ ਉਦਯੋਗ ਐਂਡ ਵਪਾਰ ਮੰਡਲ ਵੱਲੋਂ ਨਵੀਂ ਕਾਰਜਕਾਰੀ ਕਮੇਟੀ ਦੀ ਸਥਾਪਨਾ - ਹਰ ਜ਼ਿਲ੍ਹੇ ਵਿਚ ਅਹੁਦੇਦਾਰੀਆਂ ਨਿਰਧਾਰਤ ਕਰਨ ਦਾ ਕੀਤਾ ਐਲਾਨ

**ਲੁਧਿਆਣਾ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜ-ਆਬ ਉਦਯੋਗ ਐਂਡ ਵਪਾਰ ਮੰਡਲ ਵੱਲੋਂ ਇੰਡਸਟਰੀ ਏਰੀਆ-ਏ, ਲੁਧਿਆਣਾ ਵਿੱਚ ਹੋਈ ਇਕ ਵਿਸ਼ੇਸ਼ ਮੀਟਿੰਗ ਦੌਰਾਨ ਨਵੀਂ 25 ਮੈਂਬਰੀ ਕਾਰਜਕਾਰੀ ਕਮੇਟੀ ਦੀ ਸਥਾਪਨਾ ਕੀਤੀ ਗਈ। ਮੰਡਲ ਵੱਲੋਂ ਇਹ ਕਦਮ ਪੰਜਾਬ ਦੇ ਉਦਯੋਗਿਕ ਅਤੇ ਵਪਾਰਕ ਹਿੱਤਾਂ ਨੂੰ ਸੁਰੱਖਿਅਤ ਕਰਨ, ਵਧਾਉਣ ਅਤੇ ਕੇਂਦਰ ਅਤੇ ਰਾਜ ਸਰਕਾਰ ਦੀਆਂ ਯੋਜਨਾਵਾਂ ਦਾ ਲਾਭ ਹਰ ਉਦਯੋਗਪਤੀ ਤੇ ਵਪਾਰੀ ਤੱਕ ਪਹੁੰਚਾਉਣ ਦੇ ਉਦੇਸ਼ ਨਾਲ ਚੁੱਕਿਆ ਗਿਆ ਹੈ।

ਨਵੀਂ ਕਾਰਜਕਾਰੀ ਕਮੇਟੀ ਵਿੱਚ ਕਿਰਪਾਲ ਸਿੰਘ ਸਾਗਰ-ਪ੍ਰਧਾਨ, ਪਰਮਜੀਤ ਸਿੰਘ ਭਾਰਜ-ਜਨਰਲ ਸਕੱਤਰ ਅਤੇ ਕਾਰਜਕਾਰੀ ਪ੍ਰਧਾਨ, ਸੁਸ਼ੀਲ ਮਲਹੋਤਰਾ- ਵਾਈਸ ਪ੍ਰਧਾਨ,ਸੁਖਵਿੰਦਰ ਸਿੰਘ ਸੋਹਲ- ਕੈਸ਼ੀਅਰ,ਕੁਲਦੀਪ ਦੁੱਗਰੀ- ਪ੍ਰੈਸ ਸਕੱਤਰ, ਰਾਮ ਪ੍ਰਕਾਸ਼ ਬਾਂਸਲ- ਲੀਗਲ ਸਲਾਹਕਾਰ, ਅਨਿਲ ਸਚਦੇਵਾ- ਜੋਇੰਟ ਸਕੱਤਰ, ਊਧਮ ਸਿੰਘ ਚਾਨਾ- ਸਲਾਹਕਾਰ, ਵਿਨੋਦ ਭਾਰਤੀ- ਸਲਾਹਕਾਰ, ਮਲਕੀਤ ਸਿੰਘ ਬੀਰਮੀ (ਸਾਬਕਾ ਕੈਬਨਿਟ ਮੰਤਰੀ, ਪੰਜਾਬ)- ਸੀਨੀਅਰ ਸਰਪ੍ਰਸਤ,ਪ੍ਰਸ਼ੋਤਮ ਲਾਲ ਸੇਤੀਆ-ਸਰਪ੍ਰਸਤ ਅਹੁਦੇਦਾਰ ਚੁਣੇ ਗਏ। ਇਸ ਮੌਕੇ ਮੰਡਲ ਵੱਲੋਂ ਐਲਾਨ ਕੀਤਾ ਗਿਆ ਕਿ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਸੰਗਠਨਕ ਢਾਂਚਾ ਵਧਾਇਆ ਜਾਵੇਗਾ। ਵਪਾਰੀ ਤੇ ਉਦਯੋਗਿਕ ਭਾਈਚਾਰੇ ਨੂੰ ਸਰਕਾਰੀ ਸਕੀਮਾਂ ਬਾਰੇ ਜਾਣੂ ਕਰਵਾਉਣ ਲਈ ਸਰਗਰਮੀਆਂ ਤੇਜ਼ ਕੀਤੀਆਂ ਜਾਣਗੀਆਂ। ਨਵੇਂ ਚੁਣੇ ਗਏ ਪ੍ਰਧਾਨ ਕਿਰਪਾਲ ਸਿੰਘ ਸਾਗਰ ਨੇ ਭਰੋਸਾ ਦਿਵਾਇਆ ਕਿ ਮੰਡਲ ਵਪਾਰਕ ਤੇ ਉਦਯੋਗਿਕ ਹਿੱਤਾਂ ਦੀ ਰੱਖਿਆ ਲਈ ਨਿਰੰਤਰ ਕੰਮ ਕਰਦਾ ਰਹੇਗਾ।

ਇਲਾਹੀ ਗਿਆਨ ਦਾ ਸਾਗਰ ਆਦਿ ਗੁਰੂ ਗ੍ਰੰਥ ਸਾਹਿਬ÷ ਪੁਸਤਕ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਅਤੇ ਸਰਪ੍ਰਸਤ ਮਲਕੀਤ ਸਿੰਘ ਦਾਖਾ ਨੇ ਉੱਘੇ ਸਮਾਜਸੇਵੀ ਅਤੇ ਫਾਊਂਡੇਸ਼ਨ ਦੇ ਅੰਤਰਰਾਸ਼ਟਰੀ ਵਾਈਸ ਪ੍ਰਧਾਨ ਮਨਜੀਤ ਸਿੰਘ ਝੱਮਟ ਨੂੰ ਉਹਨਾਂ ਦੇ ਗ੍ਰਹਿ ਬਰੈਮਟਨ (ਕੈਨੇਡਾ) ਵਿਖੇ ਭੇਂਟ ਕੀਤੀ। ਇਸ ਸਮੇਂ ਫਾਊਂਡੇਸ਼ਨ ਦੇ ਜਨਰਲ ਸਕੱਤਰ ਅਜਮੇਰ ਸਿੰਘ ਕਲਸੀ, ਗੁਰਮੇਲ ਸਿੰਘ ਫਰੀਦਕੋਟ ਵੀ ਵਿਸ਼ੇਸ਼ ਤੌਰ 'ਤੇ ਮਨਜੀਤ ਸਿੰਘ ਝੱਮਟ ਦੇ ਗ੍ਰਹਿ ਬਰੈਮਟਨ ਪਹੁੰਚੇ।

ਇਸ ਸਮੇਂ ਸ. ਦਾਖਾ ਤੇ ਬਾਵਾ ਨੇ ਕਿਹਾ ਕਿ ਉਪਰੋਕਤ ਪੁਸਤਕ ਕੈਨੇਡਾ ਦੀਆਂ ਲਾਇਬ੍ਰੇਰੀਆਂ ਤੱਕ ਪਹੁੰਚਾਵਾਂਗੇ। ਉਹਨਾਂ ਕਿਹਾ ਕਿ ਇਹ ਪੁਸਤਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਣੀਕਾਰਾਂ ਬਾਰੇ ਭਰਪੂਰ ਜਾਣਕਾਰੀ ਪ੍ਰਦਾਨ ਕਰਦੀ ਹੈ। ਖਾਸ ਮਹੱਤਤਾ ਇਹ ਵੀ ਹੈ ਕਿ ਇਹ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਵਿੱਚ ਹੈ। ਇਸ ਸਮੇਂ ਸ. ਝੱਮਟ ਨੇ ਉਹਨਾਂ ਦੇ ਗ੍ਰਹਿ ਵਿਖੇ ਆਉਣ ਲਈ ਸਭ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਅਸੀਂ ਇਸ ਪੁਸਤਕ ਨੂੰ ਹਰ ਲਾਇਬ੍ਰੇਰੀ ਤੱਕ ਪਹੁੰਚਾਵਾਂਗੇ। ਇਸ ਸਮੇਂ ਹਰਜਿੰਦਰ ਸਿੰਘ ਹਾਂਸ ਸ਼ੇਖੂਪੁਰਾ, ਰੁਪਿੰਦਰ ਕੌਰ, ਅਮਨਦੀਪ ਕੌਰ, ਹਰਮਨ ਸਿੰਘ ਗਰੇਵਾਲ ਝੱਮਟ, ਅਮਨਪ੍ਰੀਤ ਧਾਲੀਵਾਲ, ਕੁਲਵਿੰਦਰ ਸਿੰਘ ਸ਼ੇਖੂਪੁਰਾ, ਹਰਪਾਲ ਸਿੰਘ ਧਾਲੀਵਾਲ, ਮਨਜੀਤ ਸਿੰਘ ਮਠਾੜੂ, ਅਸ਼ੋਕ ਬਾਵਾ, ਜਤਿੰਦਰ ਕੌਰ ਬਾਵਾ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

ਕੌਮੀ ਪੱਤ੍ਰਿਕਾ

# ਡਿਪਟੀ ਕਮਿਸ਼ਨਰ ਵੱਲੋਂ ਮਾਤਾ ਸ੍ਰੀ ਕਾਲੀ ਦੇਵੀ ਮੰਦਿਰ 'ਚ ਸ਼ਰਧਾਲੂਆਂ ਲਈ ਸਫ਼ਾਈ ਤੇ ਸੁਰੱਖਿਆ ਪ੍ਰਬੰਧਾਂ ਤੇ ਸਰੋਵਰ ਦੀ ਪਾਈਪ ਲਾਈਨ ਦਾ ਨਿਰੀਖਣ

ਪਟਿਆਲਾ, 30 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-



ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਇੱਥੇ ਮਾਤਾ ਸ੍ਰੀ ਕਾਲੀ ਦੇਵੀ ਮੰਦਿਰ ਦਾ ਅਚਨਚੇਤ ਦੌਰਾ ਕਰਕੇ ਇੱਥੇ ਅੰਦਰੂਨੀ ਤੇ ਬਾਹਰੀ ਸੁਰੱਖਿਆ ਪ੍ਰਬੰਧਾਂ, ਸਰੋਵਰ ਦੀ ਪਾਈਪਲਾਈਨ ਦੇ ਕਾਰਜਾਂ ਅਤੇ ਸਫ਼ਾਈ ਸਮੇਤ ਸ਼ਰਧਾਲੂਆਂ ਦੀ ਸਹੂਲਤ ਲਈ ਹੋਰ ਪ੍ਰਬੰਧਾਂ ਦਾ ਨਿਰੀਖਣ ਕੀਤਾ। ਉਨ੍ਹਾਂ ਕਿਹਾ ਕਿ ਮੰਦਿਰ ਦੀ ਕਾਇਆਂ ਕਲਪ ਕਰਕੇ ਇਸਦੇ ਚੌਗਿਰਦੇ ਨੂੰ ਸੰਵਾਰਨ ਦੇ ਕੰਮ ਦੀ ਸ਼ੁਰੂਆਤ ਹੋ ਚੁੱਕੀ ਹੈ ਪਰੰਤੂ ਇਨ੍ਹਾਂ ਕਾਰਜਾਂ ਕਰਕੇ ਕਿਸੇ ਸ਼ਰਧਾਲੂ ਨੂੰ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ।

ਇਸ ਮੌਕੇ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਮੰਦਿਰ ਵਿੱਚ ਸ਼ਰਧਾਲੂਆਂ ਵੱਲੋਂ ਸਫ਼ਾਈ ਤੇ ਜੇਬ ਕਤਰਿਆਂ ਬਾਰੇ ਕੁਝ ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ, ਜਿਸ ਲਈ ਉਨ੍ਹਾਂ ਨੇ ਬਾਹਰੀ ਸੁਰੱਖਿਆ ਲਈ ਇੱਥੇ ਤਾਇਨਾਤ ਪੁਲਿਸ ਅਤੇ ਅੰਦਰੂਨੀ ਸੁਰੱਖਿਆ ਲਈ ਤਾਇਨਾਤ ਸੁਰੱਖਿਆ ਕਰਮੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਹਨ। ਉਨ੍ਹਾਂ ਨੇ ਸੁਰੱਖਿਆ ਕਰਮੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਔਰਤਾਂ ਤੇ ਬੱਚਿਆਂ ਦੀ ਸੁਰੱਖਿਆ ਵੱਲ ਵਿਸ਼ੇਸ਼ ਤਵੱਜੋ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਮੰਦਿਰ ਦੀ ਸੁਰੱਖਿਆ ਤੇ ਸ਼ਰਧਾਲੂਆਂ ਨੂੰ ਸੁਖਾਵਾਂ ਮਾਹੌਲ ਪ੍ਰਦਾਨ ਕਰਨ ਲਈ ਚੱਪੇ-ਚੱਪੇ 'ਤੇ ਲੱਗੇ ਸੀ.ਸੀ.ਟੀ.ਵੀ ਕੈਮਰਿਆਂ ਦੀ ਸਮਰੱਥਾ ਵੀ ਵਧਾਈ ਜਾ ਰਹੀ ਹੈ।

ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਮੰਦਿਰ ਦੇ ਪਵਿੱਤਰ ਸਰੋਵਰ ਵਿੱਚ ਤਾਜਾ ਜਲ ਭਰਨ ਲਈ ਡਰੇਨੇਜ ਵਿਭਾਗ ਵੱਲੋਂ ਪਾਈ ਜਾ ਰਹੀ ਪਾਈਪਲਾਈਨ ਦਾ ਕੰਮ ਦਾ ਵੀ ਉਨ੍ਹਾਂ ਨੇ ਨਿਰੀਖਣ ਕੀਤਾ ਹੈ, ਜਿਸ ਦਾ ਕੰਮ ਇੱਕ ਮਹੀਨੇ 'ਚ ਨਿਪਟਾ ਕੇ ਜਲ ਭਰਨ ਦੀ ਹਦਾਇਤ ਕੀਤੀ ਗਈ ਹੈ। ਇਸ ਤੋਂ ਬਿਨ੍ਹਾਂ ਮੰਦਿਰ ਦੇ ਸੀਵਰੇਜ ਲਈ ਨਵੀਂ ਲਾਈਨ ਪਾਉਣ ਸਬੰਧੀ ਟੈਂਡਰ ਲੱਗ ਚੁੱਕਾ ਹੈ ਤੇ ਇਸ ਦਾ ਕੰਮ ਵੀ ਜਲਦੀ ਨੇਪਰੇ ਚੜ੍ਹਾਇਆ ਜਾਵੇਗਾ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਹਿਲਾਂ ਮੁਢਲੇ ਕਾਰਜ ਨਿਪਟਾ ਕੇ ਮੰਦਿਰ ਦੇ ਚੌਗਿਰਦੇ ਦੀ ਸੁੰਦਰਤਾ ਤੇ ਹੋਰ ਵਿਕਾਸ ਕਾਰਜਾਂ ਨੂੰ ਅੱਗੇ ਵਧਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਮੰਦਿਰ ਦੇ ਚੱਲ ਰਹੇ ਵਿਕਾਸ ਕਾਰਜਾਂ ਕਰਕੇ ਕਿਸੇ ਸ਼ਰਧਾਲੂ ਨੂੰ ਕੋਈ ਪ੍ਰੇਸ਼ਾਨੀ ਨਹੀਂ ਆਉਣੀ ਚਾਹੀਦੀ। ਇਸ ਮੌਕੇ ਏ.ਡੀ.ਸੀਜ ਇਸ਼ਾ ਸਿੰਗਲ, ਨਵਰੀਤ ਕੌਰ ਸੇਖੋਂ, ਐਸ.ਡੀ.ਐਮ. ਮੇਜਰ (ਰਿਟਾ) ਹਰਜੋਤ ਕੌਰ, ਡਰੇਨੇਜ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਪ੍ਰਥਮ ਗੰਭੀਰ ਤੇ ਐਸ.ਡੀ.ਓ. ਰਕਵਿੰਦਰ ਸਿੰਘ ਸਮੇਤ ਹੋਰ ਅਧਿਕਾਰੀ ਮੌਜੂਦ ਸਨ।

# ਬਾਲ ਭਿੱਖਿਆ ਰੋਕਣ ਲਈ ਡਿਪਟੀ ਕਮਿਸ਼ਨਰ ਖ਼ੁਦ ਸੜਕਾਂ 'ਤੇ ਉਤਰੇ

## ਬਾਲ ਭਿੱਖਿਆ ਤੋਂ ਬਚਾਏ ਬੱਚਿਆਂ ਦੇ ਪੁਨਰ ਵਸੇਬੇ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ : ਡਾ. ਪ੍ਰੀਤੀ ਯਾਦਵ

ਪਟਿਆਲਾ, 30 ਜੁਲਾਈ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-



ਪਟਿਆਲਾ ਜ਼ਿਲ੍ਹੇ ਵਿੱਚ ਬਾਲ ਭਿੱਖਿਆ ਦੇ ਖਾਤਮੇ ਲਈ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਅੱਜ ਖ਼ੁਦ ਸੜਕਾਂ 'ਤੇ ਉਤਰੇ ਅਤੇ ਵੱਖ-ਵੱਖ ਚੌਂਕਾਂ ਸਮੇਤ ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਤੇ ਮਾਤਾ ਸ੍ਰੀ ਕਾਲੀ ਦੇਵੀ ਮੰਦਿਰ ਦੇ ਬਾਹਰ ਜਾਇਜ਼ਾ ਲਿਆ।

ਇਸ ਮੌਕੇ 21 ਨੰਬਰ ਫਾਟਕ ਦੇ ਪੁੱਲ ਤੋਂ ਪਹਿਲਾਂ ਲਹਿਲ ਚੌਂਕ ਵਿੱਚ ਅਜਿਹੇ ਦੋ ਬੱਚੇ ਮਿਲੇ, ਜਿਨ੍ਹਾਂ ਦੇ ਨਾਲ ਦੇ ਦਿਵਿਆਂਗ ਵਿਅਕਤੀ ਨੇ ਦੱਸਿਆ ਕਿ ਉਸਦੇ ਤਿੰਨ ਬੱਚੇ ਹਨ ਤੇ ਇਨ੍ਹਾਂ ਦੀ ਮਾਤਾ ਦੀ ਮੌਤ ਹੋ ਚੁੱਕੀ ਹੈ, ਪਰੰਤੂ ਉਹ ਆਪਣੇ ਬੱਚਿਆਂ ਤੋਂ ਭੀਖ ਨਹੀਂ ਮੰਗਵਾਉਂਦਾ। ਇਸ 'ਤੇ ਡਿਪਟੀ ਕਮਿਸ਼ਨਰ ਨੇ ਇਸ ਵਿਅਕਤੀ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਤੇ ਇਸ ਦੇ ਮੁੜ ਵਸੇਬੇ ਲਈ ਸਬੰਧਤ ਵਿਭਾਗ ਨੂੰ ਤੁਰੰਤ ਕਦਮ ਉਠਾਉਣ ਦੇ ਨਿਰਦੇਸ਼ ਦਿੱਤੇ। ਜਦੋਂਕਿ ਮੰਦਿਰ ਸ੍ਰੀ ਕਾਲੀ ਦੇਵੀ ਵਿਖੇ ਦੋ ਬੱਚੇ ਬੰਸਰੀਆਂ ਵੇਚਦੇ ਪਾਏ ਗਏ, ਜਿਸ 'ਤੇ ਡਿਪਟੀ ਕਮਿਸ਼ਨਰ ਨੇ ਇਨ੍ਹਾਂ ਬੱਚਿਆਂ ਨਾਲ ਗੱਲ ਕਰਕੇ ਇਨ੍ਹਾਂ ਦੀ ਪੜ੍ਹਾਈ ਤੇ ਇਨ੍ਹਾਂ ਨੂੰ ਹੁਨਰਮੰਦ ਬਣਾਉਣ ਲਈ ਵੀ ਨਿਰਦੇਸ਼ ਦਿੱਤੇ।

ਡਿਪਟੀ ਕਮਿਸ਼ਨਰ ਨੇ ਚੌਂਕਾਂ ਵਿਖੇ ਤਾਇਨਾਤ ਪੀ.ਸੀ.ਆਰ. ਅਤੇ ਟ੍ਰੈਫਿਕ ਪੁਲਿਸ ਟੀਮਾਂ ਨੂੰ ਵੀ ਹਦਾਇਤ ਕੀਤੀ ਕਿ ਜਦੋਂ ਵੀ ਕੋਈ ਬੱਚਾ ਖ਼ੁਦ ਭੀਖ ਮੰਗਦਾ ਨਜ਼ਰ ਆਉਂਦਾ ਹੈ ਜਾਂ ਕੋਈ ਸ਼ੱਕੀ ਵਿਅਕਤੀ ਉਸ ਤੋਂ ਭੀਖ ਮੰਗਵਾ ਰਿਹਾ ਦਿੱਸੇ ਤਾਂ ਤੁਰੰਤ ਇਸ ਨੂੰ ਰੋਕਿਆ ਜਾਵੇ ਅਤੇ ਅਜਿਹੇ ਬੱਚਿਆਂ ਦੀ ਸੂਚਨਾ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਪਰਦੀਪ ਸਿੰਘ ਗਿੱਲ ਦੇ ਮੋਬਾਇਲ ਨੰਬਰ 9646006027, ਬਾਲ ਸੁਰੱਖਿਆ ਅਫ਼ਸਰ ਰੂਪਵੰਤ ਕੌਰ ਦੇ ਫੋਨ ਨੰਬਰ 7087409494 ਅਤੇ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਦੇ ਚਾਈਲਡ ਕੇਅਰ ਨੰਬਰ 1098 'ਤੇ ਕਾਲ ਕਰਕੇ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਚੌਂਕ ਵਿੱਚ ਕੋਈ ਬੱਚਾ ਭੀਖ ਮੰਗਦਾ ਪਾਇਆ ਗਿਆ ਤਾਂ ਸਬੰਧਤ ਚੌਂਕਾਂ ਵਿੱਚ ਤਾਇਨਾਤ ਮੁਲਾਜਮ ਜ਼ਿੰਮੇਵਾਰ ਹੋਣਗੇ।

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਭੀਖ ਮੁਕਤ ਕਰਨ ਲਈ ਚਲਾਈ ਮੁਹਿੰਮ ਤੇ ਪ੍ਰਾਜੈਕਟ ਜੀਵਨਜੋਤ 2.0 ਤਹਿਤ ਜਿੱਥੇ ਪੂਰੇ ਜ਼ਿਲ੍ਹੇ ਭਰ ਵਿੱਚ ਛਾਪਾਮਾਰੀ ਕੀਤੀ ਜਾ ਰਹੀ ਹੈ, ਉਥੇ ਹੀ ਬੱਚਿਆਂ ਦੀ ਤਸਕਰੀ ਨੂੰ ਰੋਕਣ ਲਈ ਭੀਖ ਮੰਗਦੇ ਫੜੇ ਗਏ ਸ਼ੱਕੀ ਬੱਚਿਆਂ ਦੇ ਡੀ.ਐਨ.ਏ. ਟੈਸਟ ਕਰਨ ਲਈ ਵੀ ਪੂਰੀ ਤਿਆਰੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਬਾਲ ਭਿੱਖਿਆ ਇੱਕ ਭਿਆਨਕ ਸਮੱਸਿਆ ਹੈ, ਇਸ ਲਈ ਜ਼ਿਲ੍ਹਾ ਪ੍ਰਸ਼ਾਸਨ ਅਜਿਹੇ ਬੱਚਿਆਂ ਦੇ ਪੁਨਰ ਵਸੇਬੇ ਲਈ ਵੀ ਪੂਰੀ ਤਰ੍ਹਾਂ ਯਤਨਸ਼ੀਲ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬਾਲ ਭਿੱਖਿਆ ਦੇ ਖਾਤਮੇ ਲਈ ਸਾਂਝੇ ਯਤਨਾਂ ਦੀ ਲੋੜ ਹੈ, ਇਸ ਲਈ ਲੋਕਾਂ ਨੂੰ ਵੀ ਅਪੀਲ ਹੈ ਕਿ ਉਹ ਕਿਸੇ ਵੀ ਬੱਚੇ ਨੂੰ ਭੀਖ ਨਾ ਦੇਣ ਸਗੋਂ ਜੇਕਰ ਕਿਤੇ ਅਜਿਹੇ ਬੱਚੇ ਭੀਖ ਮੰਗਦੇ ਨਜ਼ਰ ਆਉਣ ਤਾਂ ਚਾਈਲਡ ਹੈਲਪ ਲਾਈਨ 1098 'ਤੇ ਸੂਚਨਾ ਦਿੱਤੀ ਜਾਵੇ ਤਾਂ ਕਿ ਅਜਿਹੇ ਬੱਚਿਆਂ ਨੂੰ ਤੁਰੰਤ ਸੁਰੱਖਿਆ, ਸੰਭਾਲ ਅਤੇ ਸੁਚੱਜਾ ਭਵਿੱਖ ਮੁਹੱਈਆ ਕਰਵਾਉਣ ਲਈ ਯਤਨ ਕੀਤੇ ਜਾਣ। ਜਦੋਂਕਿ ਬੱਚਿਆਂ ਨੂੰ ਭੀਖ ਮੰਗਣ ਲਈ ਮਜ਼ਬੂਰ ਕਰਨ ਵਾਲੇ ਬਖ਼ਸ਼ੇ ਨਹੀਂ ਜਾਣਗੇ ਅਤੇ ਅਜਿਹੇ ਅਨਸਰਾਂ ਵਿਰੁੱਧ ਕਾਨੂੰਨ ਮੁਤਾਬਕ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਇਸ ਦੌਰਾਨ ਏ.ਡੀ.ਸੀਜ ਇਸ਼ਾ ਸਿੰਗਲ ਤੇ ਨਵਰੀਤ ਕੌਰ ਸੇਖੋਂ, ਐਸ.ਡੀ.ਐਮ ਮੇਜਰ (ਰਿਟਾ.) ਹਰਜੋਤ ਕੌਰ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਪਰਦੀਪ ਸਿੰਘ ਗਿੱਲ, ਬਾਲ ਸੁਰੱਖਿਆ ਅਫ਼ਸਰ ਰੂਪਵੰਤ ਕੌਰ ਕੌਰ, ਪੁਲਿਸ ਇੰਸਪੈਕਟਰ ਗਗਨਦੀਪ ਸਿੰਘ ਤੇ ਮਨਪ੍ਰੀਤ ਕੌਰ ਤੂਰ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ।

# ਸਿਹਤ ਮੰਤਰੀ ਵੱਲੋਂ ਆਮ ਆਦਮੀ ਕਲੀਨਿਕ ਦਾ ਅਚਨਚੇਤ ਨਿਰੀਖਣ

## ਸਿਹਤ ਮੰਤਰੀ ਨੇ ਗੁਰੂਦੁਆਰਾ ਸ੍ਰੀ ਦੁਖਨਿਵਾਰਨ ਸਾਹਿਬ ਨੇੜਲੇ ਆਮ ਆਦਮੀ ਕਲੀਨਿਕ 'ਚ ਆਏ ਮਰੀਜਾਂ ਤੋਂ ਲਈ ਫੀਡਬੈਕ

ਪਟਿਆਲਾ, 30 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-



ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਗੁਰੂਦੁਆਰਾ ਸ੍ਰੀ ਦੁਖਨਿਵਾਰਨ ਸਾਹਿਬ ਦੇ ਆਮ ਆਦਮੀ ਕਲੀਨਿਕ ਦਾ ਅਚਨਚੇਤ ਨਿਰੀਖਣ ਕੀਤਾ। ਉਨ੍ਹਾਂ ਦੱਸਿਆ ਕਿ ਇਸ ਨਿਰੀਖਣ ਦਾ ਉਦੇਸ਼ ਇੱਥੇ ਪ੍ਰਦਾਨ ਕੀਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦੀ ਗੁਣਵੱਤਾ ਦਾ ਮੁਲਾਂਕਣ ਕਰਨਾ ਅਤੇ ਇਹ ਯਕੀਨੀ ਬਣਾਉਣਾ ਸੀ ਕਿ ਨੇੜਲੇ ਵਸਨੀਕਾਂ ਨੂੰ ਸਿਹਤ ਸੰਭਾਲ ਸੇਵਾਵਾਂ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।

ਆਪਣੇ ਦੌਰੇ ਦੌਰਾਨ, ਡਾ. ਬਲਬੀਰ ਸਿੰਘ ਨੇ ਕਲੀਨਿਕ ਵਿੱਚ ਦਵਾਈਆਂ ਦੀ ਉਪਲਬਧਤਾ ਅਤੇ ਟੈਸਟਿੰਗ ਸਹੂਲਤਾਂ ਦੀ ਗੁਣਵੱਤਾ ਤੋਂ ਸੰਤੁਸ਼ਟੀ ਦਾ ਪਤਾ ਲਗਾਉਣ ਲਈ ਮਰੀਜ਼ਾਂ ਨਾਲ ਗੱਲਬਾਤ ਕੀਤੀ। ਇਸ ਸਮੇਂ ਮਰੀਜ਼ਾਂ ਨੇ ਕਲੀਨਿਕ ਦੇ ਸਟਾਫ਼ ਦੇ ਯਤਨਾਂ ਅਤੇ ਜ਼ਰੂਰੀ ਦਵਾਈਆਂ ਦੀ ਉਪਲਬਧਤਾ ਦੀ ਸ਼ਲਾਘਾ ਕਰਦੇ ਹੋਏ, ਪ੍ਰਦਾਨ ਕੀਤੀਆਂ ਸੇਵਾਵਾਂ ਤੋਂ ਆਪਣੀ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ।

ਇਸ ਮੌਕੇ ਡਾ. ਬਲਬੀਰ ਸਿੰਘ ਨੇ ਕਿਹਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਸਿਹਤ ਸੇਵਾਵਾਂ ਨੂੰ ਲੋਕਾਂ ਦੇ ਘਰਾਂ ਨੇੜੇ ਹੀ ਪ੍ਰਦਾਨ ਕਰਨ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਦੱਸਿਆ ਕਿ "ਹਰ ਨਾਗਰਿਕ ਦੇ ਦਰਵਾਜ਼ੇ 'ਤੇ ਪਹੁੰਚਯੋਗ ਅਤੇ ਉੱਚ ਪੱਧਰੀ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪ੍ਰਮੁੱਖ ਤਰਜੀਹ ਹੈ। ਉਨ੍ਹਾਂ ਕਿਹਾ ਕਿ ਕਲੀਨਿਕ ਦਾ ਅਚਨਚੇਤ ਦੌਰਾ ਕਰਨ ਦਾ ਮਕਸਦ ਵੀ ਲੋਕਾਂ ਨੂੰ ਮਿਲ ਰਹੀਆਂ ਸਿਹਤ ਸੇਵਾਵਾਂ ਸਬੰਧੀ ਜਾਣਕਾਰੀ ਪ੍ਰਾਪਤ ਕਰਨਾ ਹੀ ਹੈ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਪਿੰਡ ਭੱਟੀਆਂ ਵਿਖੇ ਲਗਾਇਆ ਗਿਆ ਜਾਗਰੂਕਤਾ ਕੈਂਪ

ਮਾਛੀਵਾੜਾ ਸਾਹਿਬ, 30 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਦੁਆਰਾ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਚਲਾਈ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਲਗਾਤਾਰ ਸਫਲਤਾ ਵੱਲ ਵਧ ਰਹੀ ਹੈ ਇਸੇ ਤਹਿਤ ਮਾਛੀਵਾੜਾ ਸਾਹਿਬ ਬਲਾਕ ਦੇ ਪਿੰਡ ਭੱਟੀਆਂ ਵਿਖੇ ਸਰਪੰਚ ਮੇਜਰ ਸਿੰਘ ਦੇ ਅਗਵਾਈ ਵਿੱਚ ਇੱਕ ਜਾਗਰੂਕਤਾ ਕੈਂਪ ਲਗਾਇਆ ਗਿਆ ਜਿਸ ਵਿੱਚ ਹਲਕਾ ਕੋਆਰਡੀਨੇਟਰ ਜਸਪ੍ਰੀਤ ਸਿੰਘ ਮਾਂਗਟ ,ਜ਼ਿਲ੍ਹਾ ਵਾਇਸ ਪ੍ਰੈਜੀਡੈਂਟ ਜਗਤਾਰ ਸਿੰਘ ਜਸੋਵਾਲ, ਕੌਂਸਲਰ ਜਗਮੀਤ ਸਿੰਘ ਮੱਕੜ, ਪ੍ਰਵੀਨ ਮੱਕੜ ਜਸਵੀਰ ਸਿੰਘ ਗਿੱਲ, ਉਚੇਚੇ ਤੌਰ ਤੇ ਪੁੱਜੇ। ਸੰਬੋਧਨ ਕਰਦਿਆਂ ਹਲਕਾ ਕੁਆਰਡੀਨੇਟਰ ਜਸਪ੍ਰੀਤ ਸਿੰਘ ਮਾਂਗਟ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਚਲਾਈ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੇ ਸਾਰਥਿਕ ਅਤੇ ਰਿਕਾਰਡ ਤੋੜ ਨਤੀਜੇ ਸਾਹਮਣੇ ਆ ਰਹੇ ਹਨ, ਜਿਸ ਤਹਿਤ ਪੰਜਾਬ ਦੇ ਹਜ਼ਾਰਾਂ ਨੌਜਵਾਨ ਨਸ਼ਿਆਂ ਦੀ ਦਲਦਲ ਵਿੱਚ ਫਸਣ ਤੋਂ ਬਚ ਗਏ ਹਨ ।

ਉਨਾਂ ਦੱਸਿਆ ਕਿ ਇਸ ਮੁਹਿੰਮ ਦੇ ਸਾਰਥਕ ਨਤੀਜਿਆਂ ਨੇ ਪੰਜਾਬ ਦੀ ਜਵਾਨੀ ਨੂੰ ਬਰਬਾਦ ਹੋਣੋਂ ਬਚਾ ਲਿਆ। ਜਿਲਾ ਵਾਈਸ ਪ੍ਰੈਜੀਡੈਂਟ ਜਗਤਾਰ ਸਿੰਘ ਜਸੋਵਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਮੁਹਿੰਮ ਨੂੰ ਲੋਕਾਂ ਦਾ ਭਰਵਾਂ ਸਹਿਯੋਗ ਮਿਲ ਰਿਹਾ ਹੈ ।ਜਿਸ ਕਾਰਨ ਵੱਡੀ ਗਿਣਤੀ ਵਿੱਚ ਜਿੱਥੇ ਨਸ਼ਾ ਤਸਕਰ ਫੜ ਜੇਲਾਂ ਵਿੱਚ ਡੱਕ ਦਿੱਤੇ ਗਏ ਹਨ,ਇੱਥੇ ਹੀ ਨਜਾਇਜ਼ ਢੰਗ ਨਾਲ ਬਣਾਈਆਂ ਗਈਆਂ ਉਸਾਰੀਆਂ ਤੇ ਵੀ ਪੀਲਾ ਪੰਜਾ ਚਲਾਉਣ ਵਿੱਚ ਸਰਕਾਰ ਨੇ ਦੇਰੀ ਨਹੀਂ ਕੀਤੀ ,ਜਿਸ ਦਾ ਆਮ ਲੋਕਾਂ ਵੱਲੋਂ ਭਰਵਾਂ ਸਵਾਗਤ ਕੀਤਾ ਜਾ ਰਿਹਾ। ਕੌਂਸਲਰ ਜਗਮੀਤ ਸਿੰਘ ਮੱਕੜ ਨੇ ਸਰਕਾਰ ਵੱਲੋਂ ਚਲਾਈ ਇਸ ਮੁਹਿੰਮ ਦੇ ਅੰਕੜੇ ਪੇਸ਼ ਕਰਦਿਆਂ ਦੱਸਿਆ ਕਿ ਕਿੱਡੀ ਵੱਡੀ ਗਿਣਤੀ ਵਿੱਚ ਨਸ਼ਾ ਤਸਕਰਾਂ ਨੂੰ ਫੜਨ ਦੇ ਨਾਲ ਨਾਲ ਨਸ਼ਿਆਂ ਦੀਆਂ ਵੱਡੀਆਂ ਖੇਪਾਂ ਬਰਾਮਦ ਕਰ ਉਹਨਾਂ ਨੂੰ ਨਸ਼ਟ ਕਰਵਾਇਆ ਗਿਆ ਹੈ। ਸਰਪੰਚ ਮੇਜਰ ਸਿੰਘ ਨੇ ਇਸ ਕੈਂਪ ਵਿੱਚ ਪੁੱਜੇ ਪਿੰਡ ਵਾਸੀਆਂ ਅਤੇ ਪਤਵੰਤੇ ਸੱਜਣਾਂ ਦਾ ਧੰਨਵਾਦ ਪ੍ਰਗਟ ਕਰਦਿਆਂ ਕਿਹਾ ਕਿ ਰਲ ਮਿਲ ਕੇ ਹੀ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਇਆ ਜਾ ਸਕਦਾ ਹੈ ।ਇਹ ਤਦ ਹੀ ਸੰਭਵ ਹੈ ਜਦੋਂ ਅਸੀਂ ਸਾਰੇ ਇਕੱਠੇ ਹੋ ਕੇ ਆਪਣਾ ਆਪਣਾ ਬਣਦਾ ਯੋਗਦਾਨ ਪਾਈਏ ਅਤੇ ਸਰਕਾਰ ਦੇ ਇਸ ਕੰਮ ਵਿੱਚ ਸਾਥ ਦਈਏ।

# ਮਜੀਠਾ ਹਲਕੇ ਦੇ ਦਰਜਨਾਂ ਪਰਿਵਾਰ ਰਵਾਇਤੀ ਪਾਰਟੀਆਂ ਨੂੰ ਅਲਵਿਦਾ ਕਹਿ ਆਮ ਆਦਮੀ ਪਾਰਟੀ 'ਚ ਹੋਏ ਸ਼ਾਮਿਲ



ਮਜੀਠਾ, 26 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੀ ਰਾਜਨੀਤਿਕ ਧਾਰਾ 'ਚ ਇਕ ਵੱਡੀ ਹਿਲਚਲ ਦੇਖਣ ਨੂੰ ਮਿਲੀ ਜਦੋਂ ਮਜੀਠਾ ਹਲਕੇ ਦੇ ਪਿੰਡ ਥਰੀਏਵਾਲ 'ਚ ਦਰਜਨਾਂ ਪਰਿਵਾਰਾਂ ਨੇ ਰਵਾਇਤੀ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਦਾ ਦਾਥ ਪਕੜਿਆ। ਇਹ ਸ਼ਾਮਿਲਤਾ ਸਿਰਫ਼ ਇੱਕ ਰਾਜਨੀਤਿਕ ਫੈਸਲਾ ਨਹੀਂ ਸੀ, ਸਗੋਂ ਲੋਕਤੰਤਰ ਅਤੇ ਵਿਕਾਸ ਦੀ ਨਵੀਂ ਲਕੀਰ ਖਿੱਚਣ ਵਾਲਾ ਕਦਮ ਸਾਬਤ ਹੋਇਆ।

ਇਹ ਤਬਦੀਲੀ ਆਮ ਆਦਮੀ ਪਾਰਟੀ ਦੇ ਸਜੱਗ ਤੇ ਸਿੰਚੇ ਹੋਏ ਨੇਤਾਵਾਂ ਦੀ ਅਗਵਾਈ ਹੇਠ ਆਈ, ਜਿਸ ਵਿੱਚ ਸ੍ਰੀ ਵਿਜੇ ਜੀ ਬਾਊ, ਸ. ਸਾਹਿਬ ਸਿੰਘ ਬਿੱਟਾ (ਪਿੰਡ ਰੰਗੀਲਪੁਰਾ) ਵਰਗੀਆਂ ਸਨਮਾਨਯੋਗ ਸ਼ਖ਼ਸੀਅਤਾਂ ਦੀ ਪ੍ਰੇਰਨਾ ਮੁੱਖ ਰੂਪ ਵਿੱਚ ਰਈ। ਸ. ਤਲਬੀਰ ਸਿੰਘ ਗਿੱਲ, ਜੋ ਪਿੰਡ ਥਰੀਏਵਾਲ ਦੇ ਜੁਝਾਰੂ ਤੇ ਲੋਕਪ੍ਰਿਅ ਨੇਤਾ ਹਨ, ਨੇ ਅਹੁਦੇਦਾਰਾਂ ਸਮੇਤ ਪਰਿਵਾਰਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਵਾਇਆ। ਪਾਰਟੀ ਵਿੱਚ ਸ਼ਾਮਿਲ ਹੋਣ ਮੌਕੇ ਲੋਕਾਂ ਨੇ ਆਪਣੀਆਂ ਭਾਵਨਾਵਾਂ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਕਈ ਸਾਲਾਂ ਤੱਕ ਰਵਾਇਤੀ ਪਾਰਟੀਆਂ ਦੇ ਵਾਅਦਿਆਂ ਦੀ ਉਡੀਕ ਕੀਤੀ, ਪਰ ਨਤੀਜੇ ਸਿਰਫ਼ ਨਿਰਾਸ਼ਾ ਤੇ ਬੇਹਾਲ ਹਾਲਤ ਰੂਪ ਵਿੱਚ ਹੀ ਮਿਲੇ। ਹੁਣ ਉਹ ਆਮ ਆਦਮੀ ਪਾਰਟੀ ਦੀ ਈਮਾਨਦਾਰ ਰਾਜਨੀਤੀ ਅਤੇ ਜਮੀਨੀ ਪੱਧਰ ਤੇ ਹੋ ਰਹੇ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਨਵੇਂ ਸਫ਼ਰ ਦੀ ਸ਼ੁਰੂਆਤ ਕਰ ਰਹੇ ਹਨ।

ਸ. ਤਲਬੀਰ ਸਿੰਘ ਗਿੱਲ ਦਾ ਵਾਅਦਾ: "ਵਿਕਾਸ ਵਿਚ ਕੋਈ ਕਮੀ ਨਹੀਂ ਆਉਣ ਦਿੰਦੇ । ਇਸ ਮੌਕੇ ਤੇ ਭਾਸ਼ਣ ਕਰਦਿਆਂ ਸ. ਤਲਬੀਰ ਸਿੰਘ ਗਿੱਲ ਨੇ ਹਲਕਾ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ, "ਮੈਂ ਆਪਣੀ ਧਰਤੀ, ਆਪਣੇ ਹਲਕੇ ਅਤੇ ਆਪਣੇ ਲੋਕਾਂ ਨਾਲ ਵਾਅਦਾ ਕਰਦਾ ਹਾਂ ਕਿ ਉਹਨਾਂ ਦੀ ਆਵਾਜ਼ ਹਰ ਪੱਧਰ ਤੇ ਬੁਲੰਦ ਕੀਤੀ ਜਾਵੇਗੀ। ਕਿਸੇ ਵੀ ਪਰਿਵਾਰ ਨੂੰ ਪਿੱਛੇ ਰਹਿਣ ਨਹੀਂ ਦਿੰਦੇ। ਇਹ ਸਿਰਫ ਸ਼ਾਮਿਲਤਾ ਨਹੀਂ, ਸਗੋਂ ਇਨਕਲਾਬੀ ਸੋਚ ਵਾਲਾ ਇਕ ਕਦਮ ਹੈ।

ਉਹਨਾਂ ਅੱਗੇ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ 'ਚ ਸਿਆਸਤ ਦਾ ਨਵਾਂ ਪੰਨਾ ਲਿਖ ਰਹੀ ਹੈ, ਜਿੱਥੇ ਨੈਤਿਕਤਾ, ਈਮਾਨਦਾਰੀ ਅਤੇ ਲੋਕਸੇਵਾ ਮੂਲਮੰਤਰ ਬਣ ਚੁੱਕੇ ਹਨ। ਇਹੀ ਕਾਰਨ ਹੈ ਕਿ ਲੋਕ ਆਪਣੀ ਇੱਛਾ ਨਾਲ ਪਾਰਟੀ ਨਾਲ ਜੁੜ ਰਹੇ ਹਨ।

# ਸੰਤ ਭੂਰੀ ਵਾਲਾ ਡੇਰਾ ਵਿਖੇ ਡੇਂਗੂ ਤੋਂ ਬਚਾ ਲਈ ਕੀਤਾ ਜਾਗਰੂਕ

ਅੰਮ੍ਰਿਤਸਰ 30 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-



ਸਿਵਲ ਸਰਜਨ ਡਾ. ਕਿਰਨਦੀਪ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਹਰਜੋਤ ਕੌਰ, ਸਹਾਇਕ ਮਲੇਰੀਆ ਅਫਸਰ ਗੁਰਦੇਵ ਸਿੰਘ ਢਿੱਲੋਂ ਦੀ ਯੋਗ ਅਗਵਾਈ ਹੇਠ ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਤਹਿਤ ਜ਼ਿਲ੍ਹੇ ਭਰ ਵਿੱਚ ਡੇਂਗੂ ਵਿਰੋਧੀ ਸਰਗਰਮੀਆਂ ਨੂੰ ਜਾਰੀ ਰੱਖਦਿਆਂ ਅੰਮ੍ਰਿਤਸਰ ਦੇ ਸੰਤ ਭੂਰੀ ਵਾਲਾ ਡੇਰਾ ਅਤੇ ਵੱਖ-ਵੱਖ ਫੁਲਵਾੜੀਆਂ ਵਿੱਚ ਹੈਲਥ ਇੰਸਪੈਕਟਰ ਬਿਕਰਮਜੀਤ ਸਿੰਘ ਦੀ ਅਗਵਾਈ ਹੇਠ ਵਿੱਚ ਡੇਂਗੂ ਜਾਗਰੂਕਤਾ, ਲਾਰਵਾ ਦੀ ਚੈਕਿੰਗ ਅਤੇ ਸਪਰੇਅ ਲਈ ਟੀਮਾਂ ਨੂੰ ਰਵਾਨਾ ਕੀਤਾ ਗਿਆ ।

ਇਸ ਮੌਕੇ ਹੈਲਥ ਇੰਸਪੈਕਟਰ ਬਿਕਰਮਜੀਤ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਵੀ ਟੀਮਾਂ ਬਣਾ ਕੇ ਜ਼ਿਲ੍ਹੇ ਦੇ ਵੱਖ-ਵੱਖ ਖੇਤਰਾਂ ਵਿੱਚ ਜਾ ਕੇ ਇਨ੍ਹਾਂ ਸਰਗਰਮੀਆਂ ਦੀ ਚੈਕਿੰਗ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਚੈਕਿੰਗ ਦੌਰਾਨ ਕੂਲਰਾਂ ਵਿੱਚ ਮਿਲਣ ਵਾਲੇ ਨੂੰ ਮੌਕੇ 'ਤੇ ਹੀ ਨਸ਼ਟ ਕੀਤਾ ਜਾਵੇਗਾ ਅਤੇ ਆਮ ਲੋਕਾਂ ਨੂੰ ਡੇਂਗੂ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਅੰਮ੍ਰਿਤਸਰ ਵੱਲੋਂ ਜ਼ਿਲ੍ਹਾ ਵਾਸੀਆਂ ਨੂੰ ਡੇਂਗੂ ਦੇ ਕਹਿਰ ਤੋਂ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਪ੍ਰੋਜੈਕਟ ਆਵਾਜ਼ ਤਹਿਤ ਆਰਟ ਐਂਡ ਕਰਾਫਟ ਅਧਿਆਪਕਾਂ ਦੀ ਸਿਖਲਾਈ



ਬਰਨਾਲਾ, 30 ਜੁਲਾਈ
-ਰਾਕੇਸ਼ ਗੋਇਲ-
-ਕੌਮੀ ਪੱਤ੍ਰਿਕਾ ਬਿਊਰੋ-

ਐਸ ਸੀ ਆਰ ਟੀ ਦੇ ਦਿਸ਼ਾ -ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਸ. ਸੁਨੀਤਇੰਦਰ ਸਿੰਘ ਅਤੇ ਡਿਪਟੀ ਡੀਈਓ ਡਾ. ਬਰਜਿੰਦਰਪਾਲ ਸਿੰਘ ਦੀ ਅਗਵਾਈ ਵਿੱਚ 'ਪ੍ਰੋਜੈਕਟ ਆਵਾਜ਼' ਤਹਿਤ ਆਰਟ ਐਂਡ ਕਰਾਫਟ ਟੀਚਰਾਂ ਦੀ ਦੋ ਰੋਜ਼ਾ ਜ਼ਿਲਾ ਪੱਧਰੀ ਟ ?ਰੇਨਿੰਗ ਸਰਕਾਰੀ ਹਾਈ ਸਕੂਲ ਸੰਘੇੜਾ ਵਿੱਚ ਕਰਵਾਈ ਗਈ।

ਇਸ ਮੌਕੇ ਸ. ਦਿਲਪ੍ਰੀਤ ਸਿੰਘ ਨੇ ਬਤੌਰ ਆਰਟ ਮੈਂਟਰ ਜ਼ਿਲ੍ਹਾ ਬਰਨਾਲਾ ਦੇ ਸਮੂਹ ਆਰਟ ਐਂਡ ਕਰਾਫਟ ਟੀਚਰਾਂ ਨੂੰ 'ਪ੍ਰੋਜੈਕਟ ਆਵਾਜ਼' ਦੀਆਂ ਹਦਾਇਤਾਂ ਅਨੁਸਾਰ ਟ ?ਰੇਨਿੰਗ ਦਿੱਤੀ, ਜਿਸ ਵਿੱਚ ਕਲਾ ਅਧਿਆਪਕਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਟ ?ਰੇਨਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੁਨੀਤਇੰਦਰ ਸਿੰਘ ਨੇ ਕਿਹਾ ਕਿ ਇਸ ਟ ?ਰੇਨਿੰਗ ਦਾ ਮੁੱਖ ਮੰਤਵ ਵਿਦਿਆਰਥੀਆਂ ਵਿੱਚ ਕਲਪਨਾ ਸ਼ਕਤੀ ਨੂੰ ਉਜਾਗਰ ਕਰਨਾ ਅਤੇ ਭਾਵਨਾਤਮਕਤਾ ਨਾਲ ਜੋੜ ਕੇ ਬੱਚਿਆਂ ਅੰਦਰ ਛੁਪੀ ਹੋਈ ਸੰਵੇਦਨਾ ਅਤੇ ਰਚਨਾਤਮਕਤਾ ਨੂੰ ਬਾਹਰ ਕੱਢਣਾ ਹੈ ਜਿਸ ਵਿੱਚ ਵੱਖ-ਵੱਖ ਨਵੀਆਂ ਅਧਿਆਪਨ ਤਕਨੀਕਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ।

ਦੂਜੇ ਦਿਨ 'ਕਲਾ ਸੱਥ ' ਪ੍ਰੋਗਰਾਮ ਵਿੱਚ ਦਿਲਪ੍ਰੀਤ ਸਿੰਘ ਦੁਆਰਾ ਬਣਾਈਆਂ ਪੇਂਟਿੰਗਾਂ ਦੀ 'ਕਲਾ ਪ੍ਰਦਰਸ਼ਨੀ 'ਵੀ ਲਗਾਈ ਗਈ। ਇਸ ਮੌਕੇ ਸਰਕਾਰੀ ਹਾਈ ਸਕੂਲ ਸੰਘੇੜਾ ਦੇ ਮੁੱਖ ਅਧਿਆਪਿਕਾ ਸ੍ਰੀਮਤੀ ਬਰਿੰਦਰ ਕੌਰ ਸਮੂਹ ਸਟਾਫ ਵੀ ਹਾਜ਼ਰ ਸਨ।

# ਸਰਕਾਰਾਂ ਵੱਲੋਂ ਅਵਾਰਾ ਪਸ਼ੂਆਂ ਨਾਲ ਰੋਜਾਨਾ ਹੀ ਵਾਪਰ ਰਹੀਆਂ ਘਟਨਾਵਾਂ ਨਾਲ ਜਾ ਰਹੀਆ ਸੈਂਕੜੇ ਅਜਾਈ ਜਾਨਾਂ ਬਚਾਈਆਂ ਜਾਣ : ਪ੍ਰੋ. ਬਡੂੰਗਰ

ਪਟਿਆਲਾ, 30 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਸ਼ਹਿਰਾਂ ਤੇ ਪਿੰਡਾਂ ਦੀਆਂ ਗਲੀਆਂ-ਗਲੀਆਂ ਵਿੱਚ ਘੁੰਮ ਰਹੇ ਅਵਾਰਾ ਕੁੱਤਿਆਂ ਵੱਲੋਂ ਲੋਕਾਂ ਨੂੰ ਵੱਢੇ ਜਾਣ ਦੀਆਂ ਘਟਨਾਵਾਂ ਸਾਹਮਣੇ ਆਉਣ ਦੇ ਨਾਲ-ਨਾਲ ਸੜਕਾਂ ਤੇ ਅਵਾਰਾ ਘੁੰਮ ਰਹੇ ਪਸ਼ੂਆਂ ਨਾਲ ਨਿਤ ਦਿਨ ਵਾਪਰ ਰਹੇ ਸੜਕੀ ਹਾਸਿਆਂ ਵਿੱਚ ਸੈਂਕੜੇ ਲੋਕਾਂ ਦੀਆਂ ਰੋਜ਼ਾਨਾ ਹੀ ਜਾ ਰਹੀਆ ਅਜਾਈ ਜਾਨਾ ਬਚਾਉਣ ਯੋਗ ਪ੍ਰਬੰਧ ਕੀਤੇ ਜਾਣ।

ਪ੍ਰੋਫੈਸਰ ਬਡੂੰਗਰ ਨੇ ਕਿਹਾ ਕਿ ਸਮਾਜ ਵਿੱਚ ਇਹ ਗੰਭੀਰ ਸਮੱਸਿਆਵਾਂ ਬਣਦੀਆ ਜਾ ਰਹੀਆ ਹਨ, ਜਿਸ ਤੇ ਕਾਬੂ ਪਾਉਣਾ ਸਮੇਂ ਦੀ ਮੁੱਖ ਲੋੜ ਹੈ ।

ਉਹਨਾਂ ਦੱਸਿਆ ਕਿ ਇਹ ਸੜਕਾਂ ਤੇ ਅਵਾਰਾ ਘੁੰਮ ਰਹੇ ਪਸ਼ੂ ਜਿਆਦਾਤਰ ਉਹ ਹੁੰਦੇ ਹਨ, ਜੋ ਲੋਕਾਂ ਵੱਲੋਂ ਦੁੱਧ ਨਾ ਦੇਣ ਕਰਕੇ ਛੱਡ ਦਿੱਤੇ ਜਾਂਦੇ ਹਨ ਤੇ ਗਊਸ਼ਾਲਾਵਾਂ ਵੀ ਅਜਿਹੇ ਪਸ਼ੂਆਂ ਦੀ ਸਾਂਭ ਸੰਭਾਲ ਕਰਨ ਤੋਂ ਪੈਰ ਪਿੱਛੇ ਖਿੱਚ ਲੈਂਦੀਆ ਹਨ। ਇਸ ਸਭ ਦੇ ਬਾਵਜੂਦ ਜਦੋਂ ਸਰਕਾਰ ਵੱਲੋਂ ਗਊ ਸੈਸ ਦੇ ਨਾਂ ਤੇ ਲੱਖਾਂ ਕਰੋੜਾਂ ਰੁਪਿਆ ਲੋਕਾਂ ਕੋਲੋ ਇਕੱਠਾ ਕੀਤਾ ਜਾਂਦਾ ਹੈ, ਤਾਂ ਲੋਕਾਂ ਦੀ ਜਾਨ ਤੇ ਮਾਲ ਦੀ ਰਾਖੀ ਕਰਨਾ ਵੀ ਸਰਕਾਰਾਂ ਦਾ ਮੁੱਖ ਫਰਜ਼ ਬਣਦਾ ਹੈ, ਪਰ ਇਹ ਸਮੱਸਿਆ ਜਿਉਂ ਦੀ ਤਿਉਂ ਬਣੀ ਹੋਈ ਹੈ।

ਉਹਨਾਂ ਦੱਸਿਆ ਕਿ ਅਵਾਰਾ ਪਸ਼ੂਆਂ ਦੀ ਗੰਭੀਰ ਸਮੱਸਿਆ ਨੂੰ ਲੈ ਕੇ ਸਰਕਾਰ ਵੱਲੋਂ 15 ਜੁਲਾਈ ਨੂੰ ਵਿਧਾਨ ਸਭਾ ਦੇ ਸੱਦੇ ਗਏ ਸਪੈਸ਼ਲ ਸਦਨ ਵਿੱਚ ਕੈਬਨਟ ਮੰਤਰੀ ਡਾ. ਰਵਜੋਤ ਸਿੰਘ ਵਲੋਂ ਆਵਾਜ਼ ਉਠਾਈ ਗਈ ਸੀ, ਜਿਸ ਲਈ ਸਰਕਾਰ ਭਾਵੇਂ ਗੰਭੀਰ ਦਿਖਾਈ ਦਿਤੀ, ਪਰੰਤੂ ਫਿਰ ਵੀ ਯੋਗ ਪ੍ਰਬੰਧ ਸਰਕਾਰ ਵੱਲੋਂ ਜਲਦ ਤੋਂ ਜਲਦ ਕੀਤੇ ਜਾਣੇ ਚਾਹੀਦੇ ਹਨ। ਪ੍ਰੋਫੈਸਰ ਬਡੂੰਗਰ ਨੇ ਕਿਹਾ ਕਿ ਇਸ ਦੇ ਨਾਲ ਹੀ ਅਵਾਰਾ ਕੁੱਤਿਆਂ ਦੀ ਵੱਧ ਰਹੀ ਸੰਖਿਆ ਵੀ ਸਮਾਜ ਲਈ ਘਾਤਕ ਸਿੱਧ ਹੁੰਦੀ ਜਾ ਰਹੀ ਹੈ, ਇਸ ਲਈ ਸਰਕਾਰ ਨੂੰ ਆਵਾਰਾ ਕੁੱਤਿਆਂ ਵੱਲ ਵੀ ਉਚਿਤ ਧਿਆਨ ਦੇ ਕੇ ਇਸ ਸਮੱਸਿਆ ਨੂੰ ਨਜਿਠਣ ਲਈ ਯੋਗ ਕਾਰਵਾਈ ਅਮਲ ਵਿੱਚ ਲਿਆਉਣੀ ਚਾਹੀਦੀ ਹੈ।

# ਡੀ.ਟੀ.ਐੱਫ ਪੰਜਾਬ ਦੀ ਅਗਵਾਈ ਵਿੱਚ 5178 ਅਧਿਆਪਕਾਂ ਦੇ ਸੰਘਰਸ਼ ਦੀ ਵੱਡੀ ਜਿੱਤ



ਮਾਛੀਵਾੜਾ ਸਾਹਿਬ, 30 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਪਿਛਲੇ ਗਿਆਰ੍ਹਾਂ ਸਾਲਾਂ ਤੋਂ ਬਤੌਰ ਮਾਸਟਰ ਕੇਡਰ ਸੇਵਾਂਵਾ ਨਿਭਾ ਰਹੇ 5178 ਅਧਿਆਪਕਾਂ ਨੇ ਡੀ.ਟੀ.ਐੱਫ ਪੰਜਾਬ ਦੀ ਅਗਵਾਈ ਹੇਠ ਸੰਘਰਸ਼ ਕਰਕੇ ਮੁਲਾਜਮ ਲਹਿਰ ਦੀਆਂ ਸਫਾਂ ਵਿੱਚ ਇਤਿਹਾਸਕ ਜਿੱਤ ਦਰਜ ਕੀਤੀ ਹੈ ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀ.ਟੀ.ਐੱਫ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਨੇ ਦੱਸਿਆ ਕਿ ਪੰਜਾਬ ਦੀ ਪਹਿਲੀ ਟੀ.ਈ.ਟੀ ਪ੍ਰੀਖਿਆ 2011 ਪਾਸ ਬੇਰੋਜਗਾਰ ਅਧਿਆਪਕਾਂ ਨੇ ਅਕਾਲੀ ਹਕੂਮਤ ਖਿਲਾਫ ਲਹੂ ਵੀਟਵੀਂ ਲੜਾਈ ਲੜ ਕੇ,ਜੇਲਾਂ,ਥਾਣੇ,ਡਾਂਗਾ,ਪਰਚੇ ਆਦਿਕ ਤਸ਼ੱਦਦ ਝੱਲ ਕੇ ਨਵੰਬਰ 2014 ਵਿੱਚ ਨਿਯੁਕਤੀਆਂ ਲਈਆਂ ਸਨ ।ਤਿੰਨ ਸਾਲ ਦੀ ਠੇਕਾ ਸੇਵਾ ਪੂਰੀ ਹੋਣ ਉਪਰੰਤ ਨਵੰਬਰ 2017 ਤੇ ਪੂਰੀ ਤਨਖਾਹ ਤੇ ਰੈਗੂਲਰ ਹੋਣਾ ਸੀ,ਪਰ ਸਮੇਂ ਦੀ ਕਾਂਗਰਸ ਸਰਕਾਰ ਨੇ ਇਨਾਂ ਉੱਚ ਯੋਗਤਾ ਪ੍ਰਾਪਤ ਅਧਿਆਪਕਾਂ ਤੇ ਜਬਰੀ 2 ਸਾਲ ਦਾ ਪਰਖ ਕਾਲ ਮੜ੍ਹ ਦਿੱਤਾ,5178 ਅਧਿਆਪਕਾਂ ਦੇ ਸੂਬਾਈ ਆਗੂ ਦੀਪ ਰਾਜਾ ਨੇ ਕਿਹਾ ਕਿ ਪੀੜ੍ਹਤ ਅਧਿਆਪਕਾਂ ਨੇ ਆਪਣੀ ਪੂਰੀ ਤਨਖਾਹ ਤੇ ਰੈਗੂਲਰਾਈਜੇਸ਼ਨ ਦੀ ਮੰਗ ਤੇ ਲਗਾਤਾਰ ਸੰਘਰਸ਼ ਜਾਰੀ ਰੱਖਿਆ ।ਜੱਥੇਬੰਦਕ ਸੰਘਰਸ਼ ਦੇ ਨਾਲ-ਨਾਲ ਸਰਵਿਸ ਮੈਟਰ ਦੇ ਮਾਹਿਰ ਐਡੋਵਕੇਟ ਕਪਿਲ ਕੱਕੜ ਰਾਹੀ ਮਾਣਯੋਗ ਹਾਈ ਕੋਰਟ ਪੰਜਾਬ ਅਤੇ ਹਰਿਆਣਾ ਵਿੱਚ ਕਾਨੂੰਨੀ ਲੜਾਈ ਜਾਰੀ ਰੱਖੀ ।ਜਿਸਦੇ ਸਿੱਟੇ ਵਜੋਂ ਬੀਤੀ 26-02-2025 ਨੂੰ ਸੰਬੰਧਿਤ ਕੇਸਾਂ ਵਿੱਚ ਸਰਕਾਰ ਵਲੋਂ ਕੰਪਲਾਇੰਸ ਰਿਪੋਰਟ ਵਜੋਂ 5178 ਅਧਿਆਪਕਾਂ ਦੀ ਪੂਰੀ ਤਨਖਾਹ ਤੇ ਰੈਗੂਲਰਾਈਜੇਸ਼ਨ ਦੇ ਆਰਡਰ ਦਾਖਲ ਕੀਤੇ ਗਏ ।ਬਾਅਦ ਵਿੱਚ ਨਾਨ ਪਟੀਸ਼ਨਰਜ ਅਧਿਆਪਕਾਂ ਦੇ ਬਕਾਏ ਜਾਰੀ ਕਰਨ ਸਬੰਧੀ ਆ ਰਹੀਆਂ ਦਿੱਕਤਾਂ ਦੇ ਹੱਲ ਲਈ ਡੀ.ਟੀ.ਐੱਫ ਦੀ ਅਗਵਾਈ ਵਿੱਚ ਦੀਪ ਰਾਜਾ ਲੁਧਿਆਣਾ, ਅਸ਼ਵਨੀ ਕੁਮਾਰ ਬਠਿੰਡਾ ਅਤੇ ਬਲਜਿੰਦਰ ਕੁਮਾਰ ਮਾਨਸਾ ਦੀ ਅਗਵਾਈ ਵਿੱਚ ਸਾਰੇ 5178 ਅਧਿਆਪਕਾਂ ਨੂੰ ਬਣਦੇ ਲਾਭ ਦਿਵਾਉਣ ਲਈ ਸੰਘਰਸ਼ ਜਾਰੀ ਰੱਖਿਆ ਗਿਆ।

ਇਸ ਦੌਰਾਨ ਕਈ ਵਾਰ ਆਗੂ ਟੀਮ ਦੁਆਰਾ ਸਿੱਖਿਆ ਸਕੱਤਰ ਮੈਡਮ ਅਨੰਦਿਤਾ ਮਿੱਤਰਾ ਅਤੇ ਡਾਇਰੈਕਟਰ ਸਕੂਲ ਸਿੱਖਿਆ ਸੈਕੰਡਰੀ ਗੁਰਿੰਦਰ ਸਿੰਘ ਸੋਢੀ ਨਾਲ ਮੀਟਿੰਗਾਂ ਕੀਤੀਆਂ ਗਈਆਂ ।ਜਿਸ ਵਿੱਚ ਨਾਨ ਪਟੀਸ਼ਨਰਜ ਅਧਿਆਪਕਾਂ ਦੇ ਸਬੰਧ ਵਿੱਚ ਹਦਾਇਤਾਂ ਕਰਨ ਵਾਲੇ ਹੁਕਮ ਜਲਦ ਜਾਰੀ ਕਰਨ ਦੀ ਮੰਗ ਪੁਰਜੋਰ ਢੰਗ ਨਾਲ ਉਭਾਰੀ ਗਈ। ਜੱਥੇਬੰਦੀ ਦੀ ਮੰਗ ਨੂੰ ਪ੍ਰਵਾਨ ਕਰਦਿਆਂ ਸਿੱਖਿਆ ਸਕੱਤਰ ਸਕੂਲ ਸਿੱਖਿਆ ਵਿਭਾਗ ਪੰਜਾਬ ਮੈਡਮ ਅਨੰਦਿਤਾ ਮਿੱਤਰਾ ਵਲੋਂ ਕੱਲ੍ਹ ਇਹ ਸੂਬੇ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਨੂੰ ਜਾਰੀ ਕਰਕੇ ਸਕੂਲ ਮੁਖੀਆਂ ਨੂੰ ਤੁਰੰਤ ਇਹ ਹੁਕਮ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਆਗੂਆਂ ਨੇ ਇਸ ਮੌਕੇ ਸਮੂਹ 5178 ਅਧਿਆਪਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਹੁਕਮ ਲਾਗੂ ਕਰਾਉਣ ਲਈ ਜੱਥੇਬੰਦੀ ਸੰਘਰਸ਼ਸ਼ੀਲ ਰਹੇਗੀ।

# ਹਲਕਾ ਸਮਾਣਾ ਦੀਆਂ ਪੰਚਾਇਤਾਂ ਨੇ ਸਰਕਾਰੀ ਬੱਸ ਸੇਵਾ ਸ਼ੁਰੂ ਕਰਵਾਉਣ 'ਤੇ ਹਰਚੰਦ ਸਿੰਘ ਬਰਸਟ ਦਾ ਕੀਤਾ ਧੰਨਵਾਦ

## ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਦੇ ਯਤਨਾਂ ਸਦਕਾ ਪਟਿਆਲਾ ਤੋਂ ਸਮਾਣਾ ਵਾਇਆ ਡਕਾਲਾ ਸ਼ੁਰੂ ਹੋਈ ਸਰਕਾਰੀ ਬਸ ਸੇਵਾ

ਪਟਿਆਲਾ, 30 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-



ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ (ਆਪ), ਪੰਜਾਬ ਦੇ ਸੂਬਾ ਜਨਰਲ ਸਕੱਤਰ ਸ. ਹਰਚੰਦ ਸਿੰਘ ਬਰਸਟ ਦੇ ਯਤਨਾਂ ਸਦਕਾ ਪਟਿਆਲਾ ਤੋਂ ਸਮਾਣਾ ਵਾਇਆ ਡਕਾਲਾ ਸਰਕਾਰੀ ਬੱਸ ਸੇਵਾ ਸ਼ੁਰੂ ਕਰਵਾਈ ਗਈ ਹੈ। ਜਿਸ ਨਾਲ ਇਲਾਕਾ ਨਿਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ ਅਤੇ ਇਲਾਕਾ ਨਿਵਾਸੀਆਂ ਨੇ ਸਰਕਾਰੀ ਬਸ ਸ਼ੁਰੂ ਕਰਵਾਉਣ ਲਈ ਸ. ਬਰਸਟ ਦਾ ਧੰਨਵਾਦ ਕੀਤਾ ਹੈ।

ਅੱਜ ਹਲਕਾ ਸਮਾਣਾ ਦੇ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਪਟਿਆਲਾ ਦਫ਼ਤਰ ਵਿਖੇ ਸ. ਹਰਚੰਦ ਸਿੰਘ ਬਰਸਟ ਨਾਲ ਮੁਲਾਕਾਤ ਕੀਤੀ ਗਈ ਅਤੇ ਪਟਿਆਲਾ ਤੋਂ ਸਮਾਣਾ ਵਾਇਆ ਡਕਾਲਾ ਸਰਕਾਰੀ ਬੱਸ ਸੇਵਾ ਸ਼ੁਰੂ ਕਰਵਾਉਣ ਲਈ ਧੰਨਵਾਦ ਕੀਤਾ ਗਿਆ। ਇਸ ਮੌਕੇ ਪਹੁੰਚੇ ਲੋਕਾਂ ਨੇ ਕਿਹਾ ਕਿ ਇਹ ਬੱਸ ਸੇਵਾ ਸ਼ੁਰੂ ਹੋਣ ਨਾਲ ਇਲਾਕਾ ਨਿਵਾਸੀ ਬਹੁਤ ਖੁਸ਼ ਹਨ ਅਤੇ ਹੁਣ ਪਿੰਡਾਂ ਤੋਂ ਪਟਿਆਲਾ ਅਤੇ ਸਮਾਣਾ ਆਣਾ-ਜਾਣਾ ਸੌਖਾ ਹੋ ਗਿਆ ਹੈ। ਇਸਦੇ ਨਾਲ ਹੀ ਸਕੂਲ ਅਤੇ ਕਾਲਜ ਪੜ੍ਹਨ ਵਾਲੇ ਬੱਚਿਆਂ ਦਾ ਵੀ ਸਫ਼ਰ ਕਰਨਾ ਆਸਾਨ ਹੋਇਆ ਹੈ। ਸ. ਬਰਸਟ ਹਮੇਸ਼ਾ ਇਲਾਕੇ ਦੀ ਭਲਾਈ ਲਈ ਕੰਮ ਕਰਦੇ ਆਏ ਹਨ।

ਇਸ ਦੌਰਾਨ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਕਿਹਾ ਕਿ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਉਣਾ ਹੀ ਸਾਡੀ ਤਰਜੀਹ ਹੈ। ਇਲਾਕਾ ਨਿਵਾਸੀਆਂ ਵੱਲੋਂ ਲੰਬੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ ਕਿ ਪਟਿਆਲਾ ਤੋਂ ਸਮਾਣਾ ਵਾਇਆ ਡਕਾਲਾ ਜਾਣ ਲਈ ਸਰਕਾਰੀ ਬੱਸ ਰੂਟ ਬਹਾਲ ਕਰਵਾਇਆ ਜਾਵੇ, ਤਾਂ ਜੋ ਇਲਾਕਾ ਨਿਵਾਸੀਆਂ ਨੂੰ ਆਵਾਜਾਈ ਦੌਰਾਨ ਪੇਸ਼ ਆਉਣ ਵਾਲੀਆਂ ਸਮੱਸਿਆਵਾਂ ਦਾ ਨਿਪਟਾਰਾ ਹੋ ਸਕੇ ਅਤੇ ਸਿਹਤ, ਸਿੱਖਿਆ ਅਤੇ ਹੋਰ ਜਰੂਰੀ ਕਾਰਜਾਂ ਲਈ ਪਟਿਆਲਾ ਜਾਂ ਸਮਾਣਾ ਜਾਣਾ ਆਸਾਨ ਹੋ ਸਕੇ। ਇਲਾਕਾ ਨਿਵਾਸੀਆਂ ਦੀ ਮੰਗ ਨੂੰ ਪੂਰਾ ਕਰਦਿਆਂ ਹੋਇਆ ਇਸ ਰੂਟ ਤੇ ਸਰਕਾਰੀ ਬੱਸ ਸੇਵਾ ਸ਼ੁਰੂ ਕਰਵਾਈ ਗਈ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਸੂਬੇ ਦੀ ਤਰੱਕੀ ਲਈ ਮਹੱਤਵਪੂਰਨ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਕਾਰਜ ਕੀਤੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਹਲਕਾ ਸਮਾਣਾ ਦਾ ਚਹੁੰਪੱਖੀ ਵਿਕਾਸ ਕੀਤਾ ਜਾ ਰਿਹਾ ਹੈ ਅਤੇ ਸਮਾਣਾ ਦੀਆਂ 11 ਮੰਡੀਆਂ ਵਿੱਚ ਜਲਦ ਹੀ ਸ਼ੈੱਡ ਪਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹਲਕਾ ਸਮਾਣਾ ਦੇ ਵਿਕਾਸ ਵਿੱਚ ਕਿਸੇ ਕਿਸਮ ਦੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ ਅਤੇ ਉਹ ਹਰ ਸਮੇਂ ਹਲਕਾ ਸਮਾਣਾ ਵਾਸੀਆਂ ਦੇ ਨਾਲ ਖੜ੍ਹੇ ਹਨ। ਇਸ ਮੌਕੇ ਹਰਿੰਦਰ ਸਿੰਘ ਧਬਲਾਨ, ਸ਼ਾਮ ਲਾਲ ਦੱਤ, ਬਲਕਾਰ ਸਿੰਘ ਡਕਾਲਾ, ਜਸਬੀਰ ਸਿੰਘ ਸਰਪੰਚ ਤਰੈਂ, ਲਖਵਿੰਦਰ ਸਿੰਘ ਸਰਪੰਚ ਖੇੜੀ ਬਰਨਾ, ਅਵਤਾਰ ਸਿੰਘ ਸਰਪੰਚ ਮੱਦੋ-ਮਾਜਰਾ, ਜਗਦੀਪ ਸਿੰਘ ਸਰਪੰਚ ਬਿਸ਼ਨਪੁਰ ਛੰਨਾ ਸਮੇਤ ਹੋਰ ਲੋਕ ਵੀ ਮੌਜੂਦ ਰਹੇ।

# ਮਾਡਲ ਸਕੂਲ ਦੇ ਵਿਦਿਆਰਥੀਆਂ ਨੇ ਤੀਜ ਦਾ ਤਿਉਹਾਰ ਮਨਾਇਆ




ਪਟਿਆਲਾ, 30 ਜੁਲਾਈ
-ਕੌਮੀ ਪੱਤ੍ਰਿਕਾ ਬਿਊਰੋ-

ਸੀਨੀਅਰ ਸੈਕੰਡਰੀ ਮਾਡਲ ਸਕੂਲ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਸ਼ਨੀਵਾਰ ਨੂੰ ਤੀਜ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ । ਤੀਜ ਦਾ ਤਿਓਹਾਰ ਸਾਵਣ ਮਹੀਨੇ ਦੀ ਸਮਾਪਤੀ ਨੂੰ ਦਰਸਾਉਂਦਾ ਹੈ ਅਤੇ ਪੰਜਾਬੀ ਸੱਭਿਆਚਾਰ ਅਤੇ ਪਰੰਪਰਾਵਾਂ ਨੂੰ ਉਤਸ਼ਾਹਿਤ ਕਰਨ ਲਈ ਰਾਜ ਭਰ ਵਿੱਚ ਮਨਾਇਆ ਜਾਂਦਾ ਹੈ। ਸਕੂਲ ਦੇ ਵਿਦਿਆਰਥੀਆਂ ਨੇ ਰੰਗ-ਬਿਰੰਗੇ ਪੰਜਾਬੀ ਪਹਿਰਾਵੇ ਵਿੱਚ ਸੱਜ ਕੇ ਇਸ ਮੌਕੇ ਗਤੀਵਿਧੀਆਂ ਵਿੱਚ ਭਾਗ ਲਿਆ। ਉਨ੍ਹਾਂ ਪੰਜਾਬੀ ਲੋਕ ਗੀਤਾਂ ਨਾਲ ਲੈਅ ਵਿੱਚ ਗਿੱਧਾ ਅਤੇ ਭੰਗੜਾ ਪੇਸ਼ ਕੀਤਾ। ਇਸ ਮੌਕੇ ਯੂਨੀਵਰਸਿਟੀ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ: ਰਗੀਨਾ ਮੈਨੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਵਿਦਿਆਰਥਣ ਪ੍ਰਭਨੂਰ ਕੌਰ ਨੇ ਤੀਜ ਦੇ ਤਿਓਹਾਰ ਸਬੰਧੀ ਵਿਸਥਾਰਪੁਰਵਕ ਜਾਣਕਾਰੀ ਦਿੱਤੀ । ਪ੍ਰਸਿੱਧ ਨਾਚਾਂ ਤੋਂ ਇਲਾਵਾ ਵਿਦਿਆਰਥੀਆਂ ਵਿਚਕਾਰ ਕੁਇਜ਼ ਮੁਕਾਬਲਾ ਵੀ ਕਰਵਾਇਆ ਗਿਆ। ਸਕੂਲ ਇੰਚਾਰਜ ਸ੍. ਸਤਵੀਰ ਸਿੰਘ ਗਿੱਲ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਕੀਤੇ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ। ਇਸ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਕੂਲ ਦੇ ਹੀ ਦੂਜੇ ਵਿਦਿਆਰਥੀਆਂ ਨਵਨੀਤ ਕੌਰ, ਜੈਸਮੀਨ ਕੌਰ, ਮਨਜੋਤ ਕੌਰ, ਰਮਨੀਤ ਕੌਰ, ਪ੍ਰਭਲੀਨ ਕੌਰ, ਪਲਕ ਅਨੇਜਾ, ਅਫਰੀਨ, ਹਰਮਨ ਅਤੇ ਮਿਸ਼ੀਕਾ ਵੱਲੋਂ ਤਿਆਰੀ ਕਰਵਾਈ ਗਈ। ਇਸ ਮੌਕੇ ਸਕੂਲ ਦਾ ਸਾਰਾ ਸਟਾਫ ਹਾਜਰ ਰਿਹਾ।

# ਯਿਸੂ ਦੇ ਭਰਾ ਜੇਮਸ ਦਾ ਜਨਮ

**ਈਸਾਈ ਧਰਮ ਦੇ ਬਾਨੀ ਯਿਸੂ ਮਸੀਹ ਦੇ ਬਚਪਨ ਦੇ ਉਹ ਅਦਭੁੱਤ 18 ਸਾਲ, ਜਿਨ੍ਹਾਂ ਦੇ ਵੇਰਵੇ ਪਵਿੱਤਰ ਬਾਈਬਲ ਵਿਚ ਨਹੀਂ ਮਿਲਦੇ।**

*(ਆਧਾਰ/ਸਰੋਤ - ਇੰਗਲੈਂਡ ਦੇ 'ਬਾਈਬਲ ਡੌਟ ਔਰਗ ਡੌਟ ਯੂ.ਕੇ.' ਵੱਲੋਂ ਪ੍ਰਕਾਸ਼ਿਤ 1,262 ਪੰਨਿਆਂ ਦੀ ਵਿਸ਼ਵ ਪ੍ਰਸਿੱਧ ਪੁਸਤਕ 'ਯੂਰੈਂਸ਼ੀਆ', ਜੋ ਪਹਿਲੀ ਵਾਰ 1925 ਤੋਂ ਲੈ ਕੇ 1955 ਦੌਰਾਨ ਕਿਸੇ ਵੇਲੇ ਅਮਰੀਕੀ ਸੂਬੇ ਇਲੀਨੋਇ ਦੇ ਸ਼ਹਿਰ ਸ਼ਿਕਾਗੋ 'ਚ ਸਾਹਮਣੇ ਆਈ ਸੀ)*

ਦਿ ਬੁੱਕ ਅੱਫ਼ ਯੂਰੈਂਸ਼ੀਆ' ਯਿਸੂ ਮਸੀਹ ਦੇ ਜਨਮ ਦਾ ਵਰ੍ਹਾ 6 ਬੀ.ਸੀ. 'ਚ ਭਾਵ ਅੱਜ ਤੋਂ 2023 ਸਾਲ ਪਹਿਲਾਂ ਹੋਇਆ ਮੰਨ ਕੇ ਚੱਲਦੀ ਹੈ। ਉਸ ਆਧਾਰ 'ਤੇ ਇਹ ਪੁਸਤਕ ਅੱਗੇ ਦੱਸਦੀ ਹੈ ਕਿ ਯਿਸੂ ਦੇ ਜਨਮ ਦੇ ਤਿੰਨ ਸਾਲਾਂ ਬਾਅਦ ਭਾਵ 3 ਬੀ.ਸੀ. ਦੀ ਦੋ ਅਪ੍ਰੈਲ ਨੂੰ ਯਿਸੂ ਦੇ ਇਕ ਹੋਰ ਦੁਨਿਆਵੀ ਭਰਾ ਜੇਮਸ (ਜਿਨ੍ਹਾਂ ਨੂੰ ਹਿੰਦੀ ਤੇ ਉਰਦੂ ਦੀ ਪਵਿੱਤਰ ਬਾਈਬਲ ਵਿਚ ਯਾਕੂਬ ਲਿਖਿਆ ਗਿਆ ਹੈ) ਦਾ ਜਨਮ ਹੋਇਆ ਸੀ (ਯੂਰੈਂਸ਼ੀਆ 123:1.5)

ਯਿਸੂ ਮਸੀਹ ਦੇ ਸਲੀਬ 'ਤੇ ਟੰਗੇ ਜਾਣ ਅਤੇ ਫਿਰ ਮੁਰਦਿਆਂ ਵਿੱਚੋਂ ਜਿਊ ਉੱਠਣ ਅਤੇ ਉਸ ਤੋਂ ਬਾਅਦ ਸਰੀਰ ਸਮੇਤ ਸੁਰਗ-ਲੋਕ ਜਾਣ ਪਿੱਛੋਂ ਉਨ੍ਹਾਂ ਦੇ ਇਸੇ ਦੁਨਿਆਵੀ ਭਰਾ ਜੇਮਸ ਨੇ ਯੇਰੂਸਲੇਮ ਦੇ ਪਹਿਲੇ ਚਰਚ ਦੀ ਵਾਗਡੋਰ ਸੰਭਾਲੀ ਸੀ। ਉਨ੍ਹਾਂ ਨੂੰ ਯੇਰੂਸਲੇਮ ਦਾ ਬਿਸ਼ਪ ਨਿਯੁਕਤ ਕੀਤਾ ਗਿਆ ਸੀ। ਸੰਨ 62 (ਕੁਝ ਖੋਜੀ ਲੇਖਕ ਇਹ ਸੰਨ 69 ਈ. ਵੀ ਮੰਨਦੇ ਹਨ) 'ਚ ਯਹੂਦੀਆਂ ਦੀ ਇਕ ਭੀੜ ਨੇ ਪਹਿਲਾਂ ਬਿਸ਼ਪ ਜੇਮਸ ਨੂੰ ਇਕ ਧਾਰਮਿਕ ਸਥਾਨ ਦੀ ਛੱਤ ਤੋਂ ਹੇਠਾਂ ਡੇਗਿਆ ਸੀ ਅਤੇ ਫਿਰ ਉਨ੍ਹਾਂ ਨੂੰ ਪੱਥਰ ਮਾਰ-ਮਾਰ ਕੇ ਸ਼ਹੀਦ ਕਰ ਦਿੱਤਾ ਸੀ। ਅਮਰੀਕਾ ਤੇ ਹੋਰ ਕੁਝ ਦੇਸ਼ਾਂ ਵਿਚ ਹਰੇਕ ਸਾਲ 23 ਅਕਤੂਬਰ ਦੇ ਦਿਨ ਸ਼ਹੀਦ ਜੇਮਸ ਨੂੰ ਯਾਦ ਕੀਤਾ ਜਾਂਦਾ ਹੈ।

3 ਬੀ.ਸੀ. 'ਚ ਹੀ ਗਰਮ ਰੁੱਤ ਵਿਚ ਯਿਸੂ ਦੇ ਪਿਤਾ ਯੂਸਫ਼ ਦੇ ਪਿੰਡ ਨੇੜੇ ਹੀ ਇਕ ਛੋਟੀ ਵਰਕਸ਼ਾਪ ਬਣਾਈ ਸੀ। ਉੱਥੇ ਉਨ੍ਹਾਂ ਦੇ ਦੋ ਭਰਾ ਤੇ ਕਈ ਹੋਰ ਮਕੈਨਿਕ ਉਨ੍ਹਾਂ ਨਾਲ ਤਰਖਾਣ ਵਜੋਂ ਕੰਮ ਕਰਦੇ ਸਨ। ਉਹ ਉੱਥੇ ਉਸ ਵੇਲੇ ਹਲ਼ ਤੇ ਪੰਜਾਲ਼ੀਆਂ ਤੇ ਕਿਸਾਨਾਂ ਦੇ ਕੰਮ ਆਉਣ ਵਾਲੇ ਲੱਕੜ ਦੇ ਹੋਰ ਯੰਤਰ ਤੇ ਉਪਕਰਣ ਬਣਾਉਂਦੇ ਸਨ। ਪਿਤਾ ਯੂਸਫ਼ ਨੇ ਕੁਝ ਸਮਾਂ ਚਮੜੇ, ਰੱਸੀਆਂ ਤੇ ਕੈਨਵਸ ਦਾ ਕੰਮ ਵੀ ਕੀਤਾ ਸੀ। ਇਸ ਦੌਰਾਨ ਯਿਸੂ ਆਪਣਾ ਜ਼ਿਆਦਾਤਰ ਸਮਾਂ ਆਪਣੀ ਮਾਂ ਨਾਲ ਘਰ ਵਿਚ ਵੱਖੋ-ਵੱਖਰੇ ਕੰਮ ਕਰਦਿਆਂ ਬਿਤਾਉਂਦੇ ਸਨ। ਉਨ੍ਹਾਂ ਦੇ ਪਿਤਾ ਕੋਲ ਦੁਨੀਆ ਭਰ ਦੇ ਯਾਤਰੀ ਆਉਂਦੇ ਸਨ ਅਤੇ ਯਿਸੂ ਉਨ੍ਹਾਂ ਸਾਰਿਆਂ ਦੀਆਂ ਗੱਲਾਂ ਬਹੁਤ ਧਿਆਨ ਨਾਲ ਸੁਣਦੇ ਰਹਿੰਦੇ ਸਨ (ਯੂਰੈਂਸ਼ੀਆ 123 : 1.6)



ਉਸੇ ਸਾਲ ਜੁਲਾਈ ਮਹੀਨੇ ਨਾਸਰਤ ਖੇਤਰ ਵਿਚ ਪੇਟ ਦੀ ਬਿਮਾਰੀ ਫੈਲ ਗਈ, ਜੋ ਦੂਰ-ਦੁਰਾਡੇ ਤੋਂ ਆਉਣ ਵਾਲੇ ਯਾਤਰੀਆਂ ਦੀ ਲਾਗ ਕਾਰਨ ਫੈਲੀ ਸਮਝੀ ਗਈ ਸੀ। ਮਾਂ ਮਰੀਅਮ ਨੂੰ ਆਪਣੇ ਦੋਵੇਂ ਬੱਚਿਆਂ ਯਿਸੂ ਤੇ ਜੇਮਸ ਦੀ ਚਿੰਤਾ ਸਤਾਉਣ ਲੱਗੀ ਕਿ ਕਿਤੇ ਉਹ ਵੀ ਇਸ ਰੋਗ ਦੇ ਸ਼ਿਕਾਰ ਨਾ ਹੋ ਜਾਣ। ਉਸ ਬਿਮਾਰੀ ਦੇ ਡਰ ਤੋਂ ਮਾਂ ਮਰੀਅਮ ਆਪਣੇ ਦੋਵੇਂ ਬੱਚਿਆਂ ਨਾਲ ਆਪਣੇ ਭਰਾ ਦੇ ਘਰ (ਜੋ ਸਰੀਦ ਨਾਂਅ ਦੇ ਨਗਰ ਨੇੜੇ ਮੇਗਿਡੋ ਮਾਰਗ ਉੱਤੇ ਤੇ ਨਾਸਰ ਤੋਂ ਕਈ ਮੀਲ ਦੂਰ ਸਥਿਤ ਸੀ) ਚਲੇ ਗਏ ਸਨ। ਉਹ ਉੱਥੇ ਅਗਲੇ ਦੋ ਮਹੀਨੇ ਰਹੇ ਸਨ ਅਤੇ ਯਿਸੂ ਨੇ ਪਹਿਲੀ ਵਾਰ ਇ ਫ਼ਾਰਮ-ਹਾਊਸ ਦਾ ਜੀਵਨ ਵੇਖਿਆ ਸੀ (ਯੂਰੈਂਸ਼ੀਆ 123:1.7)

'ਯੂਰੈਂਸ਼ੀਆ' ਪੁਸਤਕ ਨੂੰ ਕਿਸੇ ਇਕ ਲੇਖਕ ਨੇ ਨਹੀਂ ਲਿਖਿਆ ਅਤੇ ਇਸ ਉੱਤੇ ਕਿਸੇ ਇਕ ਲੇਖਕ ਦਾ ਨਾਮ ਵੀ ਨਹੀਂ ਲਿਖਿਆ ਗਿਆ ਹੈ। ਇਹ ਵੱਖੋ-ਵੱਖਰੇ ਲੇਖਕਾਂ ਵੱਲੋਂ ਲਿਖੀ ਗਈ ਹੈ। ਇਹ ਪੁਸਤਕ ਦੱਸਦੀ ਹੈ ਕਿ ਯਿਸੂ ਮਸੀਹ ਜਦੋਂ ਪੰਜ ਵਰ੍ਹਿਆਂ ਦੇ ਸਨ ਭਾਵ ਉਨ੍ਹਾਂ ਦੇ ਨਾਸਰਤ ਪਰਤਣ ਦੇ ਇਕ ਸਾਲ ਬਾਅਦ ਦੋ ਬੀ.ਸੀ. ਵਿਚ (ਭਾਵ ਅੱਜ ਤੋਂ 2019 ਸਾਲ ਪਹਿਲਾਂ) 11 ਫ਼ਰਵਰੀ ਨੂੰ ਉਨ੍ਹਾਂ ਉੱਤੇ ਪਰਮੇਸ਼ਵਰ ਦੀ ਅਥਾਹ ਕ੍ਰਿਪਾ ਹੋਈ ਅਤੇ ਉਹ ਪਵਿੱਤਰ ਆਤਮਾ 'ਚ ਗੱਲ ਕਰਨ ਤੇ ਸੋਚਣ ਲੱਗੇ (ਯੂਰੈਂਸ਼ੀਆ 123:2.1)

ਅਨੁਵਾਦ -*ਮਹਿਤਾਬ-ਉਦ-ਦੀਨ*

# ਸੰਤ ਗੁਰਮੇਲ ਸਿੰਘ ਰਾਮਪੁਰ ਵਾਲੇ

**ਲਾਲ ਸਿੰਘ ਮਾਂਗਟ**

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਰਾਮਪੁਰ ਦੀ ਪਵਿੱਤਰ ਧਰਤੀ ਨੂੰ ਜੇ ਸੰਤਾਂ ਦੀ ਤਪ ਭੂਮੀ ਕਹਿ ਲਿਆ ਜਾਵੇ ਤਾਂ ਅਤਿ ਕਥਨੀ ਨਹੀ ਹੋਵੇਗੀ। ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੇ ਵਰਸੋਏ ਸੰਤ ਬਾਬਾ ਭਗਵਾਨ ਸਿੰਘ ਜੀ, ਸੰਤ ਬਾਬਾ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਨੇ ਰਾਮਪੁਰ ਨਗਰ ਤੇ ਰਹਿਮਤਾਂ ਦੀ ਬਖਸ਼ਿਸ਼ ਕੀਤੀ। ਸੰਤ ਗੁਰਮੇਲ ਸਿੰਘ ਜੀ ਬਾਨੀ ਗੁਰਮਿਤ ਸੰਗੀਤ ਵਿਦਿਆਲਾ ਬੁੰਗਾ ਰਾਮਪੁਰ ਨੇ ਮੈਟ੍ਰਿਕ ਤਕ ਦੀ ਵਿਦਿਆ ਪ੍ਰਾਪਤ ਕੀਤੀ ਅਤੇ ਮਾਪਿਆਂ ਨਾਲ ਖੇਤੀ ਦੇ ਕੰਮ ਵਿਚ ਹੱਥ ਵਟਾਉਣ ਉਪਰੰਤ ਸੰਤ ਭਗਵਾਨ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੀ ਸੰਗਤ ਪ੍ਰਾਪਤ ਕੀਤੀ। ਜਿੱਥੇ ਉਨ੍ਹਾਂ ਗੁਰੂ ਘਰ ਦੀ ਸੇਵਾ ਕਰ ਕੇ ਗੁਰਬਾਣੀ ਨਾਲ ਸੰਤਾਂ ਦਾ ਮੋਹ ਪਾਲਿਆ। 2 ਅਪ੍ਰੈਲ 1947 ਨੂੰ ਮਾਤਾ ਅਮਰ ਕੌਰ ਅਤੇ ਪਿਤਾ ਸਾਧਾ ਸਿੰਘ ਮਾਂਗਟ ਦੇ ਘਰ ਜਨਮੇ ਗੁਰਮੇਲ ਸਿੰਘ ਜੀ ਨੇ ਸੰਸਾਰੀ ਕਾਰਜ ਤਿਆਗ ਕੇ ਬਾਬਾ ਨਿਰਮਲ ਸਿੰਘ ਜੀ ਹਾਪੜ ਵਾਲਿਆਂ ਨਾਲ ਪੱਕੇ ਤੌਰ ਤੇ ਰੇਰੂ ਸਾਹਿਬ ਰਾਮਪੁਰ ਵਿਖੇ ਕੀਰਤਨ ਦੀ ਸੇਵਾ ਕਰਨੀ ਸ਼ੁਰੂ ਕੀਤੀ।

ਸੰਤ ਭਗਵਾਨ ਸਿੰਘ ਜੀ ਦੇ ਬ੍ਰਹਮਲੀਨ ਹੋਣ ਬਾਅਦ ਕਰੀਬ ਤਿੰਨ ਸਾਲ ਦਮਦਮੀ ਟਕਸਾਲ ਤੇ ਨੌਂਬੀਸਰ ਨਗਰ ਕੱਟੂ ਵਿਖੇ ਨਾਮ ਸਿਮਰਨ ਦੀ ਕਮਾਈ ਕੀਤੀ ਅਤੇ 1987 ਵਿਚ ਰਾਮਪੁਰ ਵਿਖੇ



ਗੁਰਦੁਆਰਾ ਗੁਰਮਤਿ ਸੰਗੀਤ ਵਿਦਿਆਲਾ ਦੀ ਸਥਾਪਨਾ ਕਰ ਕੇ ਬੱਚਿਆਂ ਨੂੰ ਵਿਦਿਆ ਦੇਣ ਦਾ ਉਪਰਾਲਾ ਕੀਤਾ। ਯੂ.ਪੀ, ਬਿਹਾਰ, ਉਤਰਾਖੰਡ ਦੇ ਯਤੀਮ, ਅਨਾਥ ਅਤੇ ਚੁਣੌਤੀਪੂਰਨ ਬੱਚਿਆਂ ਨੂੰ ਪੜ੍ਹਾਉਣ ਦੇ ਨਾਲ-ਨਾਲ 1984 ਤੋਂ ਪੰਥ ਖ਼ਾਲਸੇ ਦੀ ਚੜ੍ਹਦੀ ਕਲਾ ਲਈ ਹਰ ਮਹੀਨੇ ਚਾਰ ਸਹਿਜ ਪਾਠ ਕਰਦੇ ਸਨ। ਆਪ ਨੇ ਛੇ ਪੁਸਤਕਾਂ ਰਾਹੀਂ ਸੰਸਾਰੀ ਤੇ ਬ੍ਰਹਮ ਦਾ ਗਿਆਨ ਵੰਡਿਆ। ਗੁਰਮਤਿ ਕਾਰਜਾਂ ਨੂੰ ਸਮਰਪਿਤ ਰਹਿੰਦੇ ਹੋਏ 31 ਜੁਲਾਈ 2005 ਨੂੰ ਸਰੀਰ ਤਿਆਗ ਗਏ।

**ਮੋਬਾਈਲ- 98882-02122**

# ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ

ਤਰਨ ਤਾਰਨ ਜ਼ਿਲ੍ਹੇ ਦੇ ਕਸਬਾ ਝਬਾਲ ਦੇ ਨਜ਼ਦੀਕ ਸਥਿਤ ਮਹਾਨ ਤੀਰਥ ਅਸਥਾਨ ਗੁਰਦੁਆਰਾ ਬੀੜ ਬਾਬਾ ਬੁੱਢਾ ਜੀ ਦੀ ਇਤਿਹਾਸਕ ਤੇ ਧਾਰਮਿਕ ਮਹਾਨਤਾ ਸੰਸਾਰ ਪ੍ਰਸਿੱਧ ਹੋਣ ਕਰਕੇ ਇਸ ਖੇਤਰ ਦੇ ਲੋਕ ਆਪਣੇ ਨਸੀਬ ਵੱਡਭਾਗੇ ਸਮਝਦੇ ਹਨ। ਜਿੱਥੇ ਪੁੱਤਰ ਦਾ ਵਰ ਪ੍ਰਾਪਤ ਕਰਨ ਲਈ ਔਰਤਾਂ ਅੱਜ ਵੀ ਗੁਰੂ ਕੇ ਮਹਿਲ ਮਾਤਾ ਗੰਗਾ ਜੀ ਦੀ ਚਲਾਈ ਪ੍ਰੰਪਰਾ ਅਨੁਸਾਰ ਹੱਥੀ ਮਿੱਸੇ ਪ੍ਰਸ਼ਾਦੇ ਤਿਆਰ ਕਰ ਕੇ ਪੈਦਲ ਚੱਲ ਕੇ ਆਉਂਦੀਆਂ ਹਨ। ਸੰਗਤਾਂ ਮਿੱਸੇ ਪ੍ਰਸ਼ਾਦੇ ਤੇ ਗੰਢੇ ਦਾ ਪ੍ਰਸ਼ਾਦ ਹਾਸਿਲ ਕਰ ਕੇ ਪ੍ਰਸੰਨ ਹੁੰਦੀਆਂ ਹਨ।

ਇਤਿਹਾਸਕ ਮਾਨਤਾ ਹੈ ਕਿ ਜਿਸ ਜਗ੍ਹਾ 'ਤੇ ਇਹ ਸੁੰਦਰ ਗੁਰਦੁਆਰਾ ਸਾਹਿਬ ਦੀ ਇਮਾਰਤ ਸੁਸ਼ੋਭਿਤ ਹੈ ਉੱਥੇ ਬਾਦਸ਼ਾਹ ਅਕਬਰ ਵਲੋਂ ਬੀਬੀ ਭਾਨੀ ਜੀ ਨੂੰ ਆਪਣੀ ਪੁੱਤਰੀ ਕਹਿਕੇ 84 ਪਿੰਡਾਂ ਦੀ ਜਾਗੀਰ ਦਿੱਤੀ ਗਈ ਸੀ। ਕਿਉਂਕਿ ਬਾਦਸ਼ਾਹ ਅਕਬਰ ਜਦ ਗੁਰੂ ਅਮਰ ਦਾਸ ਜੀ

***ਬਾਦਸ਼ਾਹ ਅਕਬਰ ਜਦ ਗੁਰੂ ਅਮਰ ਦਾਸ ਜੀ ਦੀ ਸੋਭਾ ਸੁਣ ਕੇ ਦਰਸ਼ਨ ਨੂੰ ਆਇਆ ਤਾਂ ਉਸ ਨੇ ਪਹਿਲਾਂ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਿਆ ਸੀ...***

ਦੀ ਸੋਭਾ ਸੁਣ ਕੇ ਗੋਇੰਦਵਾਲ ਸਾਹਿਬ ਵਿਖੇ ਦਰਸ਼ਨ ਨੂੰ ਆਇਆ ਤਾਂ ਉਸ ਨੇ ਪਹਿਲਾਂ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਿਆ ਸੀ। ਇਸ ਤੋਂ ਬਾਅਦ ਹੀ ਉਸ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਸਨ। ਜਿਸ ਜਗ੍ਹਾ ਇਹ ਪਵਿੱਤਰ ਅਸਥਾਨ



ਸਥਿਤ ਹੈ ਉਸ ਜਗ੍ਹਾ 'ਤੇ ਕਿਸੇ ਸਮੇਂ ਵਿਰਾਨ ਜੰਗਲ ਹੁੰਦਾ ਸੀ ਜਿਸ ਕਰਕੇ ਹੀ ਇਸ ਨੂੰ ਬੀੜ ਕਿਹਾ ਜਾਂਦਾ ਸੀ। ਜਿਸ ਦਾ ਪ੍ਰਬੰਧ ਗੁਰੂ ਘਰ ਦੇ ਸੇਵਕ ਬਾਬਾ ਬੁੱਢਾ ਜੀ ਨੂੰ ਸੌਂਪਿਆ ਗਿਆ ਜਿੱਥੋਂ ਉਹ ਦੁੱਧ ਪ੍ਰਸ਼ਾਦੇ ਤਿਆਰ ਕਰ ਕੇ ਗੋਇੰਦਵਾਲ ਸਾਹਿਬ ਵਿਖੇ ਭੇਜਿਆ ਕਰਦੇ ਸਨ। ਜਿਸ ਕਰਕੇ ਹੀ ਇਸ ਦਾ ਨਾਂ ਬਾਬੇ ਦੀ ਬੀੜ੍ਹ ਪੈ ਗਿਆ।

ਬਾਬਾ ਬੁੱਢਾ ਜੀ ਦਾ ਤਪ ਅਸਥਾਨ ਹੋਣ ਕਰਕੇ ਇਹ ਗੁਰਦੁਆਰਾ ਬੀੜ ਬਾਬਾ ਬੁੱਢਾ ਜੀ ਵਜੋਂ ਜਾਣਿਆ ਜਾਂਦਾ ਹੈ। ਬਾਬਾ ਬੁੱਢਾ ਜੀ ਉਹ ਧਾਰਮਿਕ ਸ਼ਖ਼ਸੀਅਤ ਸਨ ਜਿਨ੍ਹਾਂ ਨੂੰ ਜਿੱਥੇ ਛੇ ਗੁਰੂਆਂ ਤਕ ਗੁਰਿਆਈ ਤਿਲਕ ਲਗਾਉਣ ਦਾ ਮਾਣ ਹਾਸਿਲ ਹੈ, ਉੱਥੇ ਗੁਰੂ ਗ੍ਰੰਥ ਸਾਹਿਬ ਦਾ ਜਦ ਪਹਿਲੀ ਵਾਰ ਪ੍ਰਕਾਸ਼ ਕੀਤਾ ਗਿਆ ਸੀ ਤਾਂ ਪਹਿਲੇ ਮੁੱਖ ਗ੍ਰੰਥੀ ਵੀ ਉਨ੍ਹਾਂ ਨੂੰ ਥਾਪਿਆ ਗਿਆ ਸੀ।

**• ਸੁਖਮਿੰਦਰ ਸਿੰਘ ਗੰਡੀਵਿੰਡ**

**ਮੋਬਾਈਲ- 98728-40095**

# ਰੱਬੀ ਰੂਹ ਸਾਈਂ ਮੀਆਂ ਮੀਰ ਜੀ

**ਧਰਮਿੰਦਰ ਸਿੰਘ**

ਹਜ਼ਰਤ ਸਾਈਂ ਮੀਆਂ ਮੀਰ ਜੀ ਸੂਫ਼ੀ ਦਰਵੇਸ਼ ਸਨ। ਸਾਈਂ ਮੀਆਂ ਮੀਰ ਜੀ ਦਾ ਪੂਰਾ ਨਾਂ ਸ਼ੇਖ ਮੁਹੰਮਦ ਮੀਰ ਸੀ। ਆਪ ਮੀਆਂ ਜੀਉ, ਸ਼ਾਹ ਮੀਰ, ਖੁਆਜਾ ਮੀਰ, ਬਾਲਾ ਪੀਰ ਅਤੇ ਮੀਰ ਮੁਇਨੁਲ ਇਸਲਾਮ ਦੇ ਨਾਂ ਨਾਲ ਵੀ ਜਾਣੇ ਜਾਂਦੇ ਹਨ। ਆਪ ਦੀ ਜਨਮ ਤਰੀਕ ਸਬੰਧੀ ਵਿਦਵਾਨ ਇਕ ਮੱਤ ਨਹੀਂ ਹਨ। ਡਾ. ਮੁਹੰਮਦ ਹਬੀਬ ਆਪਣੀ ਪੁਸਤਕ 'ਸਾਈਂ ਮੀਆਂ ਮੀਰ' ਵਿਚ ਆਪ ਦਾ ਜੀਵਨ ਸਮਾਂ 1531 ਤੋਂ 1634 ਈ: ਲਿਖਦੇ ਹਨ। ਡਾ: ਗੁਲਜ਼ਾਰ ਕੰਡਾ ਆਪਣੀ ਰਚਨਾ 'ਸੂਫੀਮਤ ਸਿਲਸਿਲੇ ਅਤੇ ਸਾਧਕ' ਵਿਚ ਸਾਈਂ ਜੀ ਦਾ ਜਨਮ 1550 ਈ: ਤੋਂ 1636 ਈ: ਲਿਖਦੇ ਹਨ। ਆਪ ਦੇ ਪਿਤਾ ਦਾ ਨਾਂ ਕਾਜ਼ੀ ਦਿੱਤਾ ਅਤੇ ਦਾਦਾ ਦਾ ਨਾਂ ਕਾਜ਼ੀ ਕਲੰਦਰ ਫਾਰੂਕੀ ਸੀ। ਆਪ ਦੀ ਮਾਤਾ ਦਾ ਨਾਂ ਫਾਤਿਮਾ ਸੀ, ਜੋ ਕਾਜ਼ੀ ਕਾਦਨ ਦੀ ਸਪੁੱਤਰੀ ਸੀ, ਦੇ ਘਰ ਸਿੰਧ ਦੇ ਇਲਾਕੇ ਸੀਸਤਾਨ ਵਿਚ ਆਪ ਦਾ ਜਨਮ ਹੋਇਆ।

ਸਰੀਰਕ ਤੌਰ ਤੇ ਸਾਈਂ ਜੀ ਦਰਮਿਆਨੇ ਕੱਦ ਦੇ ਖ਼ੂਬਸੂਰਤ ਇਨਸਾਨ ਸਨ। ਇਨ੍ਹਾਂ ਦਾ ਰੰਗ ਕਣਕਵੰਨ੍ਹਾ ਅਤੇ ਮੱਥਾ ਚੌੜ੍ਹਾ ਸੀ। ਦੁਬਲੇ ਪਤਲੇ ਸਨ। ਬਚਪਨ ਵਿਚ ਹੀ ਪਿਤਾ ਦੇ ਪਿਆਰ ਤੋਂ ਮਰਹੂਮ ਹੋ ਗਏ ਸਨ। ਆਪ ਤਿੰਨ ਭਰਾ ਮੁਹੰਮਦ ਬੋਲਾਂ, ਮੁਹੰਮਦ ਉਸਮਾਨ, ਮੁਹੰਮਦ ਤਾਹਿਰ ਤੇ ਦੋ ਭੈਣਾਂ ਜ਼ਮਾਲ ਖਾਤੂਨ ਤੇ ਜ਼ਾਮੀ ਮਾਦੀਆ ਸਨ। ਆਪ ਦਾ ਸਬੰਧ ਖਾਨਦਾਨੀ ਹਜ਼ਰਤ ਮੁਹੰਮਦ ਸਾਹਬ ਦੇ ਦੂਜੇ ਜਾਂ ਨਸ਼ੀਨ ਖ਼ਲੀਫਾ ਹਜ਼ਰਤ ਉਮਰ ਫਾਰੂਕ ਨਾਲ ਜਾ ਜੁੜਦਾ ਹੈ। ਮੁੱਢਲੀ ਸਿੱਖਿਆ ਆਪ ਨੇ ਇੱਥੋਂ ਹੀ ਪ੍ਰਾਪਤ ਕੀਤੀ। ਸੱਤ ਸਾਲ ਦੀ ਉਮਰ ਵਿਚ ਆਪ ਨੇ ਕੁਰਾਨ ਮਜ਼ੀਦ ਦੀ ਸਿੱਖਿਆ ਪ੍ਰਾਪਤ ਕਰ ਲਈ ਸੀ। ਅਗਲੇਰੀ ਵਿੱਦਿਆ ਲਈ ਆਪ ਲਾਹੌਰ ਆ ਗਏ। ਇੱਥੇ ਆ ਕੇ ਆਪ ਨੇ ਮੌਲਾਨਾ ਸਾਅਦੁੱਲ੍ਹਾ, ਮੌਲਾਨਾ ਨਿਆਮਤਉੱਲ੍ਹਾ ਅਤੇ ਮੌਲਾਨਾ ਅੱਸਦਉੱਲ੍ਹਾ ਵਰਗੇ ਕਾਬਿਲ ਉਸਤਾਦਾਂ ਤੋਂ ਦੁਨਿਆਵੀ ਤੇ ਸ਼ਰਈ ਵਿੱਦਿਆ ਪ੍ਰਾਪਤ ਕੀਤੀ। ਵਿੱਦਿਆ ਪ੍ਰਾਪਤ ਕਰਨ ਤੋਂ ਇਕ ਸਾਲ ਤਕ ਸਰਹੰਦ ਵਿਚ ਰਹਿਣ ਤੋਂ ਬਾਅਦ ਆਪ ਲਾਹੌਰ ਵਾਪਸ ਆ ਗਏ। ਹਜ਼ਰਤ ਸਾਈਂ ਮੀਆਂ ਮੀਰ ਜੀ ਨੇ ਗ੍ਰਹਿਸਤ ਧਾਰਨ ਨਹੀਂ ਕੀਤਾ। ਆਪ ਜ਼ਿਆਦਾ ਸਮਾਂ ਖ਼ੁਦਾ ਦੀ ਇਬਾਦਤ ਵਿਚ ਲੀਨ ਰਹਿੰਦੇ ਸਨ। ਘੱਟ ਖਾਣਾ, ਘੱਟ ਸੌਣਾ ਤੇ ਘੱਟ ਬੋਲਣਾ ਆਪ ਦੀ ਆਦਤ ਸੀ। ਬਾਦਸ਼ਾਹ ਜਹਾਂਗੀਰ, ਸ਼ਾਹਜਹਾਨ ਤੇ ਸ਼ਹਿਜ਼ਾਦਾ ਦਾਰਾ ਸ਼ਿਕੋਹ ਆਪ ਦੇ ਮੁਰੀਦ ਸਨ।

ਸੂਫ਼ੀ ਫਕੀਰਾਂ ਅਤੇ ਸਿੱਖ ਗੁਰੂ ਸਾਹਿਬਾਨ ਦੇ ਸ਼ੁਰੂ ਤੋਂ ਹੀ ਬੜੇ ਪਿਆਰ ਵਾਲੇ ਸਬੰਧ ਰਹੇ ਹਨ। ਗੁਰੂ ਨਾਨਕ ਦੇਵ ਜੀ ਚਾਰ ਉਦਾਸੀਆਂ ਸਮੇਂ ਹਜ਼ਰਤ ਬਾਬਾ ਸ਼ੇਖ ਫਰੀਦ ਜੀ ਦਰਗਾਹ ਪਾਕਪਟਨ ਸ਼ਰੀਫ ਗਏ, ਉੱਥੋਂ ਦੇ ਗੱਦੀ ਨਸ਼ੀਨ ਸ਼ੇਖ ਇਬਰਾਹਿਮ ਜਿਨ੍ਹਾਂ ਨੂੰ ਸ਼ੇਖ ਬ੍ਰਹਮ ਵੀ ਕਿਹਾ ਜਾਂਦਾ ਹੈ, ਨਾਲ ਮੁਲਾਕਾਤ ਕੀਤੀ। ਸ਼ੇਖ਼ ਇਬਰਾਹਿਮ ਜੀ ਤੋਂ ਗੁਰੂ ਨਾਨਕ ਦੇਵ ਜੀ ਨੇ ਹਜ਼ਰਤ ਬਾਬਾ ਸ਼ੇਖ਼ ਫਰੀਦ ਜੀ ਦੀ ਬਾਣੀ ਇਕੱਤਰ ਕੀਤੀ ਜੋ ਅੱਗੇ ਪੜਾਅ-ਦਰ-ਪੜਾਅ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਸਤਿਕਾਰ ਸਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਕੀਤੀ। ਗੁਰੂ ਅਰਜਨ ਦੇਵ ਜੀ ਅਤੇ ਸਾਈਂ ਮੀਆਂ ਮੀਰ ਜੀ ਦਾ ਪਹਿਲੀ ਵਾਰ ਮਿਲਾਪ ਸਿਹਾਰੀ ਮੱਲ ਦੇ ਬੇਟੇ ਦੀ ਸ਼ਾਦੀ ਵਿਚ ਲਾਹੌਰ ਵਿਖੇ ਹੋਇਆ। ਫਿਰ ਅੱਗੇ ਮੁਲਾਕਾਤਾਂ ਦਾ ਸਿਲਸਿਲਾ ਬਾ-ਦਸਤੂਰ ਜਾਰੀ ਰਿਹਾ। ਜਦ ਗੁਰੂ ਅਰਜਨ ਦੇਵ ਜੀ ਗੁਰਗੱਦੀ 'ਤੇ ਬਿਰਾਜਮਾਨ ਹੋਏ ਤਾਂ ਸਾਈਂ ਨੇ ਦਸਤਾਰ ਭੇਟ ਕੀਤੀ ਸੀ। ਜਦ 1581 ਵਿਚ ਗੁਰੂ ਅਰਜਨ ਦੇਵ ਜੀ ਨੇ ਮਹਾਨ ਕਾਰਜ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਨੀਂਹ ਪੱਥਰ ਰੱਖਿਆ ਤਾਂ ਬਹੁਤ ਸਾਰੇ ਗੁਰਮੁੱਖ, ਗੁਰਸਿੱਖ ਤੇ ਮਹਾਂਪੁਰਸ਼ ਆਏ। ਸਾਈਂ ਮੀਆਂ ਮੀਰ ਜੀ ਵੀ ਲਾਹੌਰ ਤੋਂ ਉਚੇਚੇ ਤੌਰ 'ਤੇ ਪਹੁੰਚੇ ਸਨ। ਗੁਰੂ ਅਰਜਨ ਦੇਵ ਜੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਨੀਂਹ 1588 ਵਿਚ ਸਾਈਂ ਮੀਆਂ ਮੀਰ ਜੀ ਪਾਸੋਂ ਰਖਵਾਈ ਸੀ। ਪ੍ਰਸਿੱਧ ਵਿਦਵਾਨ ਗਿਆਨੀ ਗਿਆਨ ਸਿੰਘ, ਪ੍ਰੋ. ਸਾਹਿਬ ਸਿੰਘ, ਪ੍ਰੋ. ਹਰਬੰਸ ਸਿੰਘ, ਪ੍ਰੋ. ਹਰਿੰਦਰ ਸਿੰਘ ਮਹਿਬੂਬ, ਡਾ. ਸੁਰਿੰਦਰ ਸਿੰਘ ਕੋਹਲੀ, ਡਾ. ਗੁਲਜਾਰ ਸਿੰਘ ਕੰਗ, ਡਾ. ਹਿਰਦੇਜੀਤ ਸਿੰਘ ਭੋਗਲ, ਮੁਨਸ਼ੀ ਮੋਹਨ ਲਾਲ ਸੂਰੀ ਆਪਣੀ ਪੁਸਤਕ 'ਉਮਦਤ-ਉਤ-ਤਵਾਰੀਖ' ਵਿਚ ਤੇ ਅੰਮ੍ਰਿਤਸਰ ਦਾ ਡਿਸਟ੍ਰਿਕਟ ਗਜ਼ਟੀਅਰ ਇਸ ਗੱਲ ਦੀ ਤਸਦੀਕ ਕਰਦਾ ਹੈ ਕਿ ਨੀਂਹ ਸਾਈਂ ਮੀਆਂ ਮੀਰ ਜੀ ਨੇ ਹੀ ਰੱਖੀ ਸੀ,



**11 ਅਗਸਤ ਨੂੰ ਬਰਸੀ 'ਤੇ**

ਪਰ 'ਪੰਥ ਪ੍ਰਕਾਸ਼' ਦੇ ਲਿਖਾਰੀ ਗਿਆਨੀ ਕ੍ਰਿਪਾਲ ਸਿੰਘ, ਅਤੇ 'ਗੁਰੂ ਪ੍ਰਤਾਪ ਸੂਰਜ ਗ੍ਰੰਥ' ਦੀ ਲਿਖਤ ਦੱਸਦੀ ਹੈ ਕਿ ਹਰਿਮੰਦਰ ਸਾਹਿਬ ਦੀ ਨੀਂਹ ਗੁਰੂ ਅਰਜਨ ਦੇਵ ਜੀ ਨੇ ਆਪ ਰੱਖੀ ਸੀ। ਜਿਸ ਨੂੰ ਕਾਰੀਗਰ ਨੇ ਮੁੜ ਸਿੱਧਾ ਕਰ ਕੇ ਰੱਖਿਆ ਸੀ, ਜਿਸ 'ਤੇ ਗੁਰੂ ਜੀ ਨੇ ਕਿਹਾ ਸੀ ਕਿ ਇਹ ਮੰਦਰ ਇਕ ਵਾਰ ਫਿਰ ਗਿਰੇਗਾ ਤੇ ਫਿਰ ਬਣੇਗਾ। ਦੁਬਾਰਾ ਇਸ ਨੂੰ ਮੇਰੇ ਸਿੱਖ ਬਣਾਉਣਗੇ। ਡਾ. ਮਦਨਜੀਤ ਕੌਰ, ਭਾਈ ਕਾਨ੍ਹ ਸਿੰਘ ਨਾਭਾ, ਐਮ. ਏ. ਮੈਕਾਲਿਫ, ਗੰਡਾ ਸਿੰਘ ਤੇ ਪ੍ਰਿੰਸੀਪਲ ਤੇਜਾ ਸਿੰਘ ਵੀ ਇਸ ਗੱਲ ਨਾਲ ਸਹਿਮਤ ਹਨ। ਮਹਾਰਾਜਾ ਰਣਜੀਤ ਸਿੰਘ ਅਤੇ ਪੰਜਾਬ ਦੇ ਇਤਿਹਾਸ ਬਾਰੇ 1885 ਈ: ਵਿਚ ਛਪੀ ਮਸ਼ਹੂਰ ਪੁਸਤਕ 'ਉਮਦਾਤੁੱਤਵਾਰੀਖ' ਵਿਚ ਹਰਿਮੰਦਰ ਸਾਹਿਬ ਦੇ ਨੀਂਹ ਪੱਥਰ ਬਾਰੇ ਲਿਖਿਆ ਹੈ ਕਿ ਗੁਰੂ ਜੀ ਖੁੱਦ ਸਾਈਂ ਜੀ ਨੂੰ ਲੈਣ ਲਾਹੌਰ ਗਏ ਸਨ ਤੇ ਉਨ੍ਹਾਂ ਦੇ ਮੁਬਾਰਕ ਹੱਥਾਂ ਨਾਲ ਹੀ ਨੀਂਹ ਪੱਥਰ ਰਖਵਾਇਆ ਗਿਆ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਮੇਂ ਸਾਈਂ ਜੀ ਗੁਰੂ ਜੀ ਨੂੰ ਮਿਲਣ ਗਏ ਤੇ ਬੜੇ ਹੀ ਦੁਖੀ ਹਿਰਦੇ ਨਾਲ

**ਗੁਰੂ ਅਰਜਨ ਦੇਵ ਜੀ ਅਤੇ ਸਾਈਂ ਮੀਆਂ ਮੀਰ ਜੀ ਦਾ ਪਹਿਲੀ ਵਾਰ ਮਿਲਾਪ ਸਿਹਾਰੀ ਮੱਲ ਦੇ ਬੇਟੇ ਦੀ ਸ਼ਾਦੀ ਵਿਚ ਲਾਹੌਰ ਵਿਖੇ ਹੋਇਆ। ਫਿਰ ਅੱਗੇ ਮੁਲਾਕਾਤਾਂ ਦਾ ਸਿਲਸਿਲਾ ਬਾ-ਦਸਤੂਰ ਜਾਰੀ ਰਿਹਾ। ਜਦ ਗੁਰੂ ਅਰਜਨ ਦੇਵ ਜੀ ਗੁਰਗੱਦੀ 'ਤੇ ਬਿਰਾਜਮਾਨ ਹੋਏ ਤਾਂ ਸਾਈਂ ਮੀਆਂ ਮੀਰ ਨੇ ਦਸਤਾਰ ਭੇਟ ਕੀਤੀ ਸੀ...**

ਬੇਨਤੀ ਕੀਤੀ। ਜਿਸਦਾ 'ਭਾਈ ਸੰਤੋਖ ਸਿੰਘ ਜੀ' ਇਸ ਤਰ੍ਹਾਂ ਵਰਣਨ ਕਰਦੇ ਹਨ ਕਿ :

ਅਵਸਰ ਪਾਇ ਪੀਰ ਪੁਨ ਆਏ।
ਕਰਾਮਾਤ ਕਾਮਲ ਸਮੁਦਾਏ।।
ਨਮੋ ਕਹੀ ਹੁਇ ਖਰੇ ਅਗਾਰੀ।
ਕਯੋਂ ਤੁਮ ਸਹੋ ਕਸ਼ਟ ਤਨੁ ਭਾਰੀ?
ਹਤਹਿ ਦੁਸ਼ਟ ਦੋ ਬਿਲਮ ਨਾ ਲਾਵੈਂ।
ਆਗਯਾ ਤਨਕ ਆਪ ਕੀ ਪਾਵੈਂ।।
ਦਿਲੀ ਲਵ ਪੁਰਿ ਨਗਰ ਬਿਸਾਲੇ।
ਅਬਿ ਲੇਵੇ ਨਿਜ ਹਾਥ ਉਠਾਲੇ।।
ਦੁਹਨਿ ਭਿਰਾਵੋ ਜਿਉ ਕਰ ਵਾਰੀ।
ਦੇਉਂ ਨਾਸਕਰਿ, ਲਗਹਿ ਨਾ ਬਾਰੀ।
ਕਯੋਂ ਇਤਨੇ ਦੁਖ ਸਹਹੁ ਗੁਸਾਈ।
ਦਿਹੁ ਸਾਰਤ ਮੁਖ ਕਹਹੁ ਨਾ ਕਾਈ।

ਭਾਵ ਕਿ ਸਾਈਂ ਜੀ ਨੇ ਗੁਰੂ ਜੀ ਨੂੰ ਕਿਹਾ ਕਿ ਮੈਨੂੰ ਇੱਜ਼ਤ ਦੇਵੋ ਕਿ ਰੱਬੀ ਕ੍ਰਿਪਾ ਨਾਲ ਮੈਂ ਦਿੱਲੀ ਤੇ ਲਾਹੌਰ ਦੀ ਇੱਟ ਨਾਲ ਇੱਟ ਖੜਕਾ ਦੇਵਾਂ ਜਿਸ ਸ਼ਹਿਰ ਵਿਚ ਏਨੇ ਜ਼ੁਲਮ ਹੋਣ ਉਸਦਾ ਨਸ਼ਟ ਹੋ ਜਾਣਾ ਹੀ ਠੀਕ ਹੈ। ਸਾਈਂ ਮੀਆਂ ਮੀਰ ਜੀ ਦੀਆਂ ਗੱਲਾਂ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਕਿ ਸਾਈਂ ਜੀ ਧੀਰਜ ਰੱਖੋ। ਸੂਫੀ ਅਤੇ ਸੰਤ ਰੂਹਾਨੀਅਤ ਦੇ ਉੱਚੇ ਦਰਜੇ 'ਤੇ ਹੁੰਦੇ ਹਨ, ਪਰ ਉਹ ਖੁਦਾਈ ਮਾਮਲੇ ਵਿਚ ਕੋਈ ਦਖਲ ਨਹੀਂ ਦਿੰਦੇ। ਉਹ ਹਮੇਸ਼ਾ ਰੱਬੀ ਰਜ਼ਾ ਵਿਚ ਰਾਜ਼ੀ ਰਹਿੰਦੇ ਹਨ। ਸਾਡੇ ਨਾਲ ਜੋ ਹੋ ਰਿਹਾ ਹੈ, ਉਹ ਰੱਬ ਦੀ ਮਰਜ਼ੀ ਹੈ। ਇਸ ਵਿਚ ਕਿਸੇ ਦਾ ਕੋਈ ਦੋਸ਼ ਨਹੀ ਹੈ। ਰਵਾਇਤਾਂ ਅਨੁਸਾਰ ਗੁਰੂ ਜੀ ਨੇ ਸਲੋਕ ਉਚਾਰਣ ਕੀਤਾ ਕਿ :

ਧਰਤਿ ਆਕਾਸੁ ਪਾਤਾਲ ਹੈ ਚੰਦ ਸੂਰ ਬਿਲਾਸੀ।
ਬਾਦਿਸਾਹ ਸਾਹ ਉਮਰਾਵ ਖਾਨ ਢਹਿ ਢੇਰੀ ਡੇਰੀ ਜਾਸੀ।।
ਰੰਗ ਤੁੰਗ ਗਰੀਬ ਮਸਤ ਸਭੁ ਲੋਕ ਸਿਧਾਸੀ।।
ਕਾਜ਼ੀ ਸੇਖ ਮਸਾਇਕਾ ਸਭੇ ਉਠਿ ਜਾਸੀ।।
ਪੀਰ ਪੈਗੰਬਰ ਅਉਲੀਏ ਕੋ ਥਿਰੁ ਨ ਰਹਾਸੀ।
ਖੁਦਾਇ ਬੰਦਾ ਅਬਿਨਾਸੀ।। ਵਾਰ ਡਖਣੇ ਮ:5

ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਵੀ ਸਾਈਂ ਜੀ ਦੇ ਸਬੰਧ ਮਿੱਤਰਤਾ ਵਾਲੇ ਹੀ ਰਹੇ ਜਦ ਜਹਾਂਗੀਰ ਨੇ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਲਿਆ ਸੀ ਤਾਂ ਬਾਦਸ਼ਾਹ ਦੇ ਮਨੋਂ ਗ਼ਲਤ ਫਹਿਮੀਆਂ ਦੂਰ ਕਰ ਕੇ ਗੁਰੂ ਜੀ ਦੀ ਰਿਹਾਈ ਸੰਭਵ ਕਰਵਾਈ ਸੀ। ਫਿਰ ਜਦ ਲਾਹੌਰ ਦੇ ਕਾਜ਼ੀ ਰੁਸਤਮ ਖਾਂ ਦੀ ਬੇਟੀ ਬੀਬੀ ਕੌਲਾਂ ਗੁਰੂ ਘਰ ਦੀ ਬਾਣੀ ਪੜ੍ਹਕੇ ਬਹੁਤ ਪ੍ਰਭਾਵਿਤ ਹੋਈ ਤਾਂ ਸਾਈਂ ਜੀ ਨੇ ਬੀਬੀ ਕੌਲਾ ਨੂੰ ਗੁਰੂ ਜੀ ਕੋਲ ਅੰਮ੍ਰਿਤਸਰ ਭੇਜ ਦਿੱਤਾ ਸੀ। ਜਿੱਥੇ ਗੁਰੂ ਜੀ ਨੇ ਬੀਬੀ ਕੌਲਾਂ ਜੀ ਦੇ ਨਾਂ 'ਤੇ ਸਰੋਵਰ ਵੀ ਬਣਵਾਇਆ। ਡਾ. ਮੁਹੰਮਦ ਹਬੀਬ ਆਪਣੀ ਪੁਸਤਕ 'ਸਾਈਂ ਮੀਆ ਮੀਰ' ਵਿਚ ਲਿਖਦੇ ਹਨ ਕਿ ਸਾਈਂ ਜੀ ਨੇ ਸਾਰਾ ਜੀਵਨ ਲਾਹੌਰ ਵਿਚ ਹੀ ਗੁਜ਼ਾਰਿਆ। ਜਦ ਬੁਢਾਪੇ ਕਾਰਨ ਬਹੁਤ ਕਮਜ਼ੋਰ ਹੋ ਗਏ ਤਾਂ ਆਪ ਨੂੰ ਇਕ ਭਿਆਨਕ ਬਿਮਾਰੀ ਨੇ ਘੇਰ ਲਿਆ। ਪੰਜ ਦਿਨ ਬਿਮਾਰ ਰਹਿਣ ਮਗਰੋਂ 11 ਅਗਸਤ 1644 ਈ: ਨੂੰ ਇਸ ਜਹਾਨੋਂ ਆਪ ਦੀ ਮੁਕੱਦਸ ਰੂਹ ਉਡਾਰੀ ਮਾਰ ਗਈ। •

# ਗੁਰੂ ਕੇ ਬਾਗ਼ ਦਾ ਮੋਰਚਾ

ਗੁਰਦੁਆਰਾ ਗੁਰੂ ਕਾ ਬਾਗ਼ (ਘੁੱਕੇਵਾਲੀ) ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਕੋਈ 13 ਕੁ ਮੀਲ 'ਤੇ ਸਥਿਤ ਹੈ। ਗੁਰੂ ਅਰਜਨ ਦੇਵ ਜੀ ਨੇ 1583 ਵਿਚ ਸਿੱਖੀ ਦੇ ਪ੍ਰਚਾਰ ਦੌਰੇ ਦੌਰਾਨ ਆਪਣੇ ਪਵਿੱਤਰ ਚਰਨ ਇਸ ਜਗ੍ਹਾ ਪਾਏ ਸਨ। ਇਸ ਜਗ੍ਹਾ ਗੁਰਦੁਆਰਾ ਸਾਹਿਬ ਬਣਵਾਇਆ ਗਿਆ। ਇਸ ਗੁਰਦੁਆਰਾ ਸਾਹਿਬ ਦਾ ਨਾਂ ਉਸ ਵੇਲੇ 'ਰੋੜ ਸਾਹਿਬ' ਰੱਖਿਆ ਗਿਆ। ਦੂਜੀ ਵਾਰ ਫਿਰ ਦੁਬਾਰਾ ਗੁਰੂ ਅਰਜਨ ਦੇਵ ਸਾਹਿਬ ਇਸ ਅਸਥਾਨ 'ਤੇ ਪਧਾਰੇ ਤਾਂ ਬਾਬਾ ਲਾਲ ਚੰਦ ਨੇ ਇਸ ਥਾਂ ਬੜਾ ਸੁੰਦਰ ਮਕਾਨ ਬਣਵਾਇਆ ਤੇ ਬੰਜਰ ਪਈ ਜ਼ਮੀਨ 'ਚ ਬਾਗ਼ ਲਗਵਾ ਦਿੱਤਾ ਤਾਂ ਇਸ ਗੁਰਦੁਆਰਾ ਸਾਹਿਬ ਦਾ ਨਾਂ 'ਗੁਰੂ ਕਾ ਬਾਗ' ਪ੍ਰਸਿੱਧ ਹੋ ਗਿਆ।

ਇਸ ਪਵਿੱਤਰ ਧਰਤੀ ਨੂੰ ਨੌਵੇਂ ਸਤਿਗੁਰੂ ਜੀ ਦੀ ਚਰਨ ਛੋਹ ਵੀ ਪ੍ਰਾਪਤ ਹੈ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਜਦ ਸਿੰਘ ਆਪਣੇ ਘਰ ਘਾਟ ਤਿਆਗ ਕੇ ਜੰਗਲਾਂ ਬੇਲਿਆਂ ਵਿਚ ਲੁੱਕ ਛਿਪ ਕੇ ਦਿਨ ਕੱਟਣ ਲੱਗੇ ਤਾਂ ਇਸ ਸਮੇਂ 'ਚ ਗੁਰਦਆਰਿਆਂ ਦਾ ਪ੍ਰਬੰਧ ਨਿਰਮਲੇ ਸੰਤ ਅਤੇ ਉਦਾਸੀ ਸੰਪਰਦਾਇ ਦੇ ਮਹੰਤਾਂ ਨੇ ਸੰਭਾਲ ਲਿਆ। ਜਦ ਪੰਜਾਬ ਦੀ ਧਰਤੀ ਉੱਪਰ ਫਿਰ ਤੋਂ ਸਿੱਖ ਪੰਥ ਦੀ ਤਾਕਤ ਜ਼ੋਰ ਫੜ ਗਈ ਤਾਂ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਸ਼ਕਤੀਸ਼ਾਲੀ ਰਾਜ ਕਾਇਮ ਹੋਇਆ। ਮਹਾਰਾਜਾ ਰਣਜੀਤ ਸਿੰਘ ਨੇ ਇਤਿਹਾਸਿਕ ਗੁਰਦੁਆਰਿਆਂ ਦੇ ਨਾਂ ਕਾਫ਼ੀ ਜਾਇਦਾਦਾਂ ਲਵਾਈਆਂ ਤਾਂ ਕਿ ਇਨ੍ਹਾਂ ਦੀ ਆਮਦਨ ਦੇ ਨਾਲ ਗੁਰੂ ਘਰ ਦਾ ਪ੍ਰਬੰਧ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ। ਪਰ ਜਦ 1849 ਈ: ਵਿਚ ਪੰਜਾਬ ਦੀ ਧਰਤੀ ਉੱਪਰ ਅੰਗਰੇਜ਼ ਰਾਜ ਕਾਇਮ ਹੋ ਗਿਆ ਤਾਂ ਉਨ੍ਹਾਂ ਨੇ ਸਿੱਖੀ ਵਿਸ਼ਵਾਸ ਨੂੰ ਖ਼ਤਮ ਕਰਨ ਲਈ ਇਕ ਯਤਨ ਆਰੰਭਿਆ ਕਿ ਸਿੱਖਾਂ ਨੂੰ ਗੁਰਦੁਆਰਿਆਂ ਨਾਲੋਂ ਤੋੜਿਆ ਜਾਵੇ। ਇਸ ਲਈ ਅੰਗਰੇਜ਼ਾਂ ਨੇ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸੰਭਾਲ ਰਹੇ ਮਹੰਤਾਂ ਨੂੰ ਆਪਣੇ ਵੱਸ ਵਿਚ ਕੀਤਾ। ਗੁਰਦੁਆਰਿਆਂ ਦੀ ਚੋਖੀ ਆਮਦਨ ਅਤੇ ਦੂਜਾ ਅੰਗਰੇਜ਼ ਰਾਜ ਦੀ ਪੂਰੀ ਹਮਾਇਤ, ਜਿਸ ਕਰਕੇ ਮਹੰਤ ਸ਼ਰਾਬੀ ਅਤੇ ਆਯਾਸ਼ ਹੋ ਗਏ। ਗੁਰਦੁਆਰੇ ਅਯਾਸ਼ੀ ਦੇ ਅੱਡੇ ਬਣ ਗਏ। ਵੀਹਵੀਂ ਸਦੀ ਦੇ ਆਰੰਭ ਵਿਚ ਕੁੱਝ ਘਟਨਾਵਾਂ ਘਟੀਆਂ ਜਿਨ੍ਹਾਂ ਨੇ ਸਿੱਖ ਹਿਰਦੇ ਵਲੂੰਧਰ ਕੇ ਰੱਖ ਦਿੱਤੇ। ਉਨ੍ਹਾਂ ਇਸ ਗੱਲ ਦਾ ਖ਼ਿਆਲ ਕੀਤਾ ਕਿ ਗੁਰਦੁਆਰਿਆਂ ਦਾ ਪ੍ਰਬੰਧ ਸੁਧਾਰਿਆ ਜਾਵੇ।

ਦੋ ਘਟਨਾਵਾਂ ਨੇ ਸਿੱਖਾਂ ਨੂੰ ਕੁੱਝ ਜ਼ਿਆਦਾ ਹੀ ਝੰਜੋੜਿਆ ਪਹਿਲੀ ਤਾਂ ਇਹ ਕਿ 1914 ਈ: ਨੂੰ ਕਲਕੱਤੇ ਬਜਬਜ ਘਾਟ 'ਤੇ ਸ਼ਹੀਦ ਹੋਣ ਵਾਲੇ 22 ਸਿੱਖ ਮੁਸਾਫਿਰਾਂ ਦੇ ਬਾਰੇ ਅੰਗਰੇਜ਼ ਸਰਕਾਰ ਦੀ ਸ਼ਹਿ ਉੱਪਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਥੇਦਾਰ ਅਰੂੜ ਸਿੰਘ ਰਾਹੀਂ ਹੁਕਮਨਾਮਾ ਜਾਰੀ ਕਰਵਾਇਆ ਗਿਆ ਕਿ ਉਹ ਸਿੱਖ ਨਹੀ ਸਨ। ਦੂਜਾ ਜਲ੍ਹਿਆਂ ਵਾਲੇ ਬਾਗ਼ ਵਿਚ 1919 ਈ: ਦੀ ਵਿਸਾਖੀ ਨੂੰ ਘਟਨਾ ਘਟੀ ਜਿਸ ਵਿਚ 800 ਦੇ ਕਰੀਬ ਸਿੱਖ ਸਨ, ਸ਼ਹੀਦ ਕਰਨ ਵਾਲੇ ਜਨਰਲ ਡਾਇਰ ਨੂੰ ਸ੍ਰੀ ਦਰਬਾਰ ਸਾਹਿਬ ਦੇ ਸਰਬਰਾਹ ਜਥੇਦਾਰ ਅਰੂੜ ਸਿੰਘ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ ਗਿਆ। ਜਦ ਪੰਥ ਦਰਦੀਆਂ ਨੇ 5 ਅਕਤੂਬਰ 1920 ਨੂੰ ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਲਿਆ ਤਾਂ ਸਿੱਖ ਪੰਥ ਵਿਚ ਇਕ ਨਵੀਂ ਜਾਗ੍ਰਿਤੀ ਲਹਿਰ ਪੈਦਾ ਹੋਈ ਜੋ 'ਗੁਰਦੁਆਰਾ ਸੁਧਾਰ ਲਹਿਰ' ਦੇ ਨਾਂ ਨਾਲ ਜਾਣੀ ਗਈ। ਇਸ ਸਮੇਂ ਦੌਰਾਨ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਹੋਂਦ ਵਿਚ ਆਏ।

ਅੰਮ੍ਰਿਤਸਰ ਦੇ ਨੇੜੇ ਗੁਰੂ ਕਾ ਬਾਗ਼ ਪਿੰਡ ਘੁੱਕੇਵਾਲੀ ਵਿਚ 8 ਫਰਵਰੀ 1921 ਨੂੰ ਉੱਥੋਂ ਦੇ ਮਹੰਤ ਸੁੰਦਰ ਦਾਸ ਨੇ ਗੁਰਦੁਆਰਾ ਗੁਰੂ ਕਾ ਬਾਗ਼ ਵਿਚ 20 ਬਦਚਲਣ ਔਰਤਾਂ ਲਿਆਂਦੀਆਂ। ਸਿੱਖਾਂ ਦੇ ਵਿਰੋਧ ਕਰਨ ਤੇ ਉਸ ਨੇ ਮਾਫ਼ੀ ਮੰਗੀ ਤੇ ਕਿਹਾ ਕਿ ਮੈਂ 'ਅੰਮ੍ਰਿਤ ਛੱਕ ਕੇ ਸਿੰਘ ਸੱਜ ਜਾਵਾਂਗਾ, ਇਸ ਲਈ ਮੇਰੇ ਕੋਲੋਂ ਗੁਰਦੁਆਰਾ ਸਾਹਿਬ ਦਾ ਕਬਜ਼ਾ ਨਾ ਲਿਆ ਜਾਵੇ'। ਸਾਰੇ ਸਿੱਖ ਮੰਨ ਗਏ, ਪਰ ਇਹ ਤਾਂ ਮਹੰਤ ਦੀ ਸਿਰਫ਼ ਚਾਲ ਸੀ। ਮਹੰਤ ਨੇ ਉੱਥੋਂ ਦੇ ਪੁਲਿਸ ਇੰਚਾਰਜ਼ ਮਿ. ਬੀ.ਟੀ ਨਾਲ ਮਿਲ ਕੇ ਇਕ ਚਾਲ ਚੱਲੀ। ਜਿਹੜੇ ਸਿੰਘ ਬਾਗ਼ ਵਿੱਚੋਂ ਗੁਰੂ ਘਰ ਦੇ ਲੰਗਰ ਲਈ ਲੱਕੜਾਂ ਕੱਟਣ ਲਈ ਗਏ ਸਨ, ਉਨ੍ਹਾਂ ਨੂੰ ਚੋਰੀ ਦੇ ਇਲਜ਼ਾਮ ਵਿਚ ਗ੍ਰਿਫ਼ਤਾਰ ਕਰ ਲਿਆ ਤਾਂ ਉੱਥੇ ਮੋਰਚਾ ਲੱਗ ਗਿਆ। ਪੰਜ-ਪੰਜ ਸਿੰਘਾਂ ਦੇ ਹੋਰ ਜਥੇ ਭੇਜੇ ਗਏ। ਫਿਰ ਸੌ-ਸੌ ਦੇ ਜਥੇ ਸ੍ਰੀ ਅਕਾਲ ਤਖਤ ਅੰਮ੍ਰਿਤਸਰ ਸਾਹਿਬ ਤੋਂ ਅਰਦਾਸਾ ਸੋਧ ਕੇ ਸ਼ਾਂਤਮਈ ਰਹਿ ਕੇ ਵਿਰੋਧ ਕਰਨ ਲਈ ਭੇਜਿਆ ਜਾਂਦਾ।

ਜਦ ਇਹ ਮੋਰਚਾ ਲੱਗਿਆ ਹੋਇਆ ਸੀ ਤਾਂ ਅੰਗਰੇਜ਼ ਸਰਕਾਰ ਦੇ ਤਸ਼ੱਦਦ ਸਹਿੰਦਿਆਂ ਨੂੰ ਪੰਡਿਤ ਮਦਨ ਮੋਹਨ ਮਾਲਵੀਆ, ਪਾਦਰੀ ਐਂਡਰਯੂਜ਼, ਸਰੋਜਨੀ ਨਾਇਡੋ, ਭਾਈ ਜੋਧ ਸਿੰਘ ਤੇ ਸਮੂਹ ਅਖ਼ਬਾਰਾਂ ਦੇ ਪੱਤਰਕਾਰ ਭਾਈਚਾਰੇ ਨੇ ਆਪਣੀਆਂ ਅੱਖਾਂ ਨਾਲ ਵੇਖਿਆ। ਮਦਨ ਮੋਹਨ ਮਾਲਵੀਆਂ ਨੇ ਪੰਜਾਬ ਦੇ ਗਵਰਨਰ ਮੈਕਲੇਗਨ ਨੂੰ ਇਹ ਤਸ਼ੱਦਦ ਬੰਦ ਕਰਨ ਲਈ ਕਿਹਾ। ਅੰਤ 13 ਸਤੰਬਰ 1922 ਨੂੰ ਗਵਰਨਰ ਖ਼ੁਦ ਗੁਰੂ ਕੇ ਬਾਗ਼ ਪੁੱਜਾ ਤਾਂ ਜਾ ਕੇ ਇਹ ਤਸ਼ੱਦਦ ਬੰਦ ਹੋਇਆ। ਇਸ ਮੋਰਚੇ ਦੌਰਾਨ 800 ਤੋਂ ਜ਼ਿਆਦਾ ਸਿੰਘ ਜ਼ਖ਼ਮੀ ਹੋਏ ਤੇ ਕੋਈ 5500 ਤੋਂ ਵੀ ਜ਼ਿਆਦਾ ਗ੍ਰਿਫ਼ਤਾਰੀਆਂ ਹੋਈਆਂ।

ਫਿਰ ਇਕ ਰਿਟਾ. ਇੰਜੀ. ਨੇ ਇਸ ਮਸਲੇ ਦਾ ਹੱਲ ਕੀਤਾ। ਉਸਨੇ ਮਹੰਤਾਂ ਕੋਲੋਂ ਜ਼ਮੀਨ ਪਟੇ 'ਤੇ ਲੈ ਕੇ ਅਕਾਲੀਆਂ ਦੇ ਸਪੁਰਦ ਕਰ ਦਿੱਤੀ। ਇਸ ਗੁਰਦੁਆਰਾ ਸਾਹਿਬ 'ਤੇ ਅਕਾਲੀਆਂ ਦਾ ਕਬਜ਼ਾ ਹੋ ਗਿਆ। ਇਸ ਗੱਲ ਦੀ ਖ਼ਬਰ ਸਰਕਾਰ ਨੂੰ ਭੇਜੀ ਗਈ ਤਾਂ ਸਰਕਾਰ ਨੇ ਉੱਥੋਂ ਪੁਲਿਸ ਹਟਾ ਲਈ ਤੇ ਅਕਾਲੀ ਪੂਰੀ ਤਰ੍ਹਾਂ ਨਾਲ ਇਸ ਜ਼ਮੀਨ 'ਤੇ ਕਾਬਿਜ਼ ਹੋ ਗਏ। ਗੁਰੂ ਕੇ ਬਾਗ਼ ਦਾ ਮੋਰਚਾ ਫਤਹਿ ਹੋਣ ਨਾਲ ਗੁਰਦੁਆਰਾ ਸੁਧਾਰ ਲਹਿਰ ਹੋਰ ਮਜ਼ਬੂਤ ਹੋ ਗਈ। •




ਇਸਲਾਮ ਧਰਮ ਦੇ ਵਿਦਵਾਨਾਂ ਨੂੰ ਉਲਮਾ ਕਿਹਾ ਜਾਂਦਾ ਹੈ। ਉਲਮਾ ਸ਼ਬਦ ਆਲਿਮ ਦਾ ਬਹੁ-ਵਚਨ ਹੈ। ਆਲਿਮ ਸ਼ਬਦ ਗਿਆਨਵਾਨ, ਵਿਦਵਾਨ ਲਈ ਵਰਤਿਆ ਜਾਂਦਾ ਹੈ। ਉਲਮਾ ਦਾ ਦਰਜਾ, ਮਰਤਬਾ ਇਸਲਾਮ ਵਿਚ ਬੇਹੱਦ ਇਹਤਰਾਮ ਵਾਲਾ ਹੈ। ਉਲਮਾ ਨੂੰ ਅੰਬੀਆ ਦੇ ਵਾਰਸ ਮੰਨਿਆ ਜਾਂਦਾ ਹੈ। ਉਲਮਾ ਲੋਕਾਂ ਨੂੰ ਆਮ ਤੌਰ 'ਤੇ ਦੋ ਸ਼੍ਰੇਣੀਆਂ ਵਿਚ ਵੰਡਿਆ ਜਾਂਦਾ ਹੈ-ਉਲਮਾ-ਅਜ਼-ਜ਼ਾਹਿਰ ਅਤੇ ਉਲਮਾ-ਅਜ਼-ਬਾਤਿਨ। ਇਸਲਾਮੀ ਸ਼ਰੀਅਤ ਦੇ ਵਿਦਵਾਨਾਂ, ਮੁਫ਼ਤੀ,ਕਾਜ਼ੀ, ਮੌਲਵੀ ਵਗੈਰਾ ਨੂੰ ਉਲਮਾ-ਅਜ਼-ਜ਼ਾਹਿਰ ਕਿਹਾ ਜਾਂਦਾ ਹੈ। ਇਹ ਉਲਮਾ, ਉਲਮਾ-ਅਜ਼-ਜ਼ਾਹਿਰ ਇਸਲਾਮੀ ਸ਼ਰੀਅਤ ਦੇ ਸਭ ਤਰ੍ਹਾਂ ਦੇ ਮਸਲਿਆਂ, ਨਿਯਮਾਂ, ਕਾਇਦੇ ਕਾਨੂੰਨਾਂ, ਹਦੀਸ, ਫ਼ਿਕਹ ਆਦਿ ਦੇ ਮਾਹਿਰ ਹੁੰਦੇ ਹਨ। ਰੂਹਾਨੀ ਇਲਮ ਦੇ ਮਾਹਿਰ ਔਲੀਆ ਅੱਲਾਹ, ਕਾਮਿਲ ਸੂਫ਼ੀ ਦਰਵੇਸ਼ਾਂ, ਫ਼ੁਕਰਾਇ-ਕਾਮਿਲ ਨੂੰ ਉਲਮਾ-ਅਜ਼-ਬਾਤਿਨ ਕਿਹਾ ਜਾਂਦਾ ਹੈ ਜੋ ਲੋਕਾਈ ਨੂੰ ਰਾਹੇ-ਰਾਸਤ ਦਾ ਪੈਗ਼ਾਮ ਦੇ ਕੇ ਇਕ ਰੱਬ ਦੀ ਇਬਾਦਤ ਨਾਲ ਜੋੜਦੇ ਹਨ। ਉਲਮਾ-ਅਜ਼-ਬਾਤਿਨ ਸੁਲਹਕੁਲ ਨੀਤੀ ਦੇ ਧਾਰਨੀ ਹੁੰਦੇ ਹਨ ਅਤੇ ਲੋਕਾਂ ਨੂੰ ਇਨਸਾਨੀ ਭਾਈਚਾਰੇ ਅਤੇ ਖ਼ਿਦਮਤੇ-ਖ਼ਲਕ ਦਾ ਉਪਦੇਸ਼ ਦਿੰਦੇ ਹਨ। ਇਸ ਤੋਂ ਇਲਾਵਾ ਉਲਮਾ-ਅਜ਼-ਜ਼ਾਹਿਰ ਅਧੀਨ ਇਕ ਸ਼੍ਰੇਣੀ ਉਨ੍ਹਾਂ ਉਲਮਾ ਦੀ ਹੈ ਜਿਹੜੇ ਬਾਦਸ਼ਾਹਾਂ, ਸੁਲਤਾਨਾਂ, ਹਾਕਮਾਂ ਦੀ ਸਰਪ੍ਰਸਤੀ ਹਾਸਲ ਕਰ ਕੇ ਉਨ੍ਹਾਂ ਦੇ ਚੰਗੇ-ਮਾੜੇ ਸਭ ਤਰ੍ਹਾਂ ਦੇ ਕੰਮਾਂ ਦੀ ਹਮਾਇਤ ਕਰਦੇ ਹਨ, ਦੁਨਿਆਵੀ ਕਿਸਮ ਦੇ ਇਨ੍ਹਾਂ ਉਲਮਾ ਨੂੰ ਉਲਮਾ-ਏ-ਸੂ ਕਿਹਾ ਜਾਂਦਾ ਹੈ। ਐਸੇ ਉਲਮਾ ਨੂੰ ਲੋਕ ਨਫ਼ਰਤ ਕਰਦੇ ਹਨ।

**• ਪ੍ਰੋ. ਗੁਰਚਰਨ ਸਿੰਘ ਤਲਵਾੜਾ**

# ਸਿੱਖ ਧਰਮ ਵਿਚ ਦਸਵੰਧ

ਸਿੱਖ ਧਰਮ ਵਿਚ ਦਸਵੰਧ ਦਾ ਬਹੁਤ ਹੀ ਸਤਿਕਾਰਤ ਅਤੇ ਆਰਥਿਕ ਮਹੱਤਵ ਹੈ। ਇਸ ਦੀ ਆਰੰਭਤਾ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਵੱਲੋਂ ਨਵਉਸਾਰੀਆਂ ਦੀ ਮੁਕੰਮਲਤਾ ਲਈ ਕੀਤੀ ਗਈ ਸੀ। ਦਸਵੰਧ ਦੀ ਪ੍ਰਥਾ ਅਸਲ ਵਿਚ ਮਸੰਦ ਪ੍ਰਥਾ ਦਾ ਹੀ ਇਕ ਨਿਖ਼ਰਿਆ ਹੋਇਆ ਰੂਪ ਹੈ। ਇਹ ਇਕ ਨਿਮਾਣੇ ਅਤੇ ਸੱਚੇ ਸਿੱਖ ਲਈ ਆਪਣੀ ਕਿਰਤ-ਕਮਾਈ ਵਿੱਚੋਂ ਗੁਰਮਤਿ ਦੇ ਲੋਕ ਭਲਾਈ ਹਿੱਤ ਕੀਤੇ ਜਾਣ ਵਾਲੇ ਕਾਰਜਾਂ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਲਾਜ਼ਮੀ ਕੀਤਾ ਗਿਆ ਇਕ ਮਾਲੀ ਯੋਗਦਾਨ ਹੈ ਜਿਸ ਦਾ ਆਧਾਰ ਬਣਦੇ ਹਨ ਗੁਰੂ ਨਾਨਕ ਦੇਵ ਦੇ ਪਾਵਨ ਬਚਨ 'ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥' ਇਨ੍ਹਾਂ ਬਚਨਾਂ ਨੂੰ ਕਮਾਉਣ ਵਾਲਾ ਸਿੱਖ ਆਪਣੀ ਨੇਕ ਕਮਾਈ ਦਾ ਦਸਵਾਂ ਹਿੱਸਾ ਗੁਰੂ ਘਰ ਨੂੰ ਅਰਪਿਤ ਕਰ ਕੇ ਗੁਰੂ ਬਾਬੇ ਦੀਆਂ ਖ਼ੁਸ਼ੀਆਂ ਦਾ ਪਾਤਰ ਬਣਦਾ ਹੈ।

ਕਈ ਵਾਰ ਦਸਵੰਧ ਨੂੰ ਇਕ ਦਾਨ-ਪੁੰਨ ਦੇ ਤੌਰ 'ਤੇ ਵੀ ਤਸਲੀਮ ਕਰ ਲਿਆ ਜਾਂਦਾ ਹੈ ਪਰ ਦਾਨ ਦੀ ਧਾਰਨਾ ਕਰਮਕਾਂਡੀ ਵਿਧੀ-ਵਿਧਾਨ ਨਾਲ ਜੁੜੀ ਹੋਈ ਹੋਣ ਕਰਕੇ ਮਨੁੱਖ ਨੂੰ ਮੁਕਤੀ ਦਾ ਲਾਰਾ ਲਗਾਉਂਦੀ ਹੈ, ਜਿਸ ਦੀ ਸਿੱਖੀ ਸਿਧਾਂਤ ਵਿਚ ਕੋਈ ਥਾਂ ਨਹੀਂ ਹੈ। ਇਸ ਦੇ ਨਾਲ ਹੀ ਦਾਨ ਵਿਹਲੜਾਂ ਅਤੇ ਮੰਗਤਿਆਂ ਨੂੰ ਕਿਰਤ-ਸਭਿਆਚਾਰ ਤੋਂ ਬੇਮੁੱਖ ਕਰੀ ਰੱਖਦਾ ਹੈ।

ਦਸਵੰਧ ਦੀ ਰਕਮ ਸਿੱਖਾਂ ਵੱਲੋਂ ਸਵੈ-ਇੱਛਾ ਨਾਲ ਦਿੱਤੀ ਜਾਂਦੀ ਹੈ ਜੋ ਪਹਿਲ ਦੇ ਆਧਾਰ 'ਤੇ ਰੂਹਾਨੀ ਖ਼ੁਰਾਕ ਦੇਣ ਵਾਲੇ ਧਰਮ ਕਾਰਜਾਂ ਹਿੱਤ ਵਰਤੀ ਜਾਂਦੀ ਹੈ। ਇਹ ਖ਼ੁਰਾਕ ਸਾਧ-ਸੰਗਤ ਦੇ ਮਿਲਾਪ, ਗੁਰਬਾਣੀ ਕੀਰਤਨ ਅਤੇ ਗੁਰ ਉਪਦੇਸ਼ ਰਾਹੀਂ ਪ੍ਰਾਪਤ ਹੁੰਦੀ ਹੈ। ਭਾਵੇਂ ਦਸਵੰਧ ਦੀ ਵਧੇਰੇ ਲੋੜ ਗੁਰੂ ਅਰਜਨ ਦੇਵ



ਜੀ ਦੇ ਸਮੇਂ ਵਿਚ ਮਹਿਸੂਸ ਕੀਤੀ ਗਈ ਹੈ ਪਰ ਇਸ ਦੀ ਹਾਮੀ ਪੂਰਵਕਾਲੀ ਗੁਰੂ ਸਾਹਿਬਾਨ ਵੱਲੋਂ ਵੀ ਭਰੀ ਗਈ ਹੈ। ਜਦੋਂ ਗੋਇੰਦਵਾਲ ਸਾਹਿਬ ਵਿਖੇ ਅਕਬਰ ਬਾਦਸ਼ਾਹ ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਜੀ ਦੇ ਦਰਸ਼ਨ-ਦੀਦਾਰੇ ਕਰਨ ਲਈ ਆਇਆ ਤਾਂ ਉਸ ਨੂੰ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ-ਪਾਣੀ ਛੱਕਣਾ ਪਿਆ। ਗੁਰੂ ਘਰ ਦੀ ਸਾਂਝੀਵਾਲਤਾ ਵਾਲੀ ਇਹ ਮਰਯਾਦਾ ਦੇਖ ਕੇ ਉਹ ਬਹੁਤ ਪ੍ਰਸੰਨਚਿੱਤ ਹੋਇਆ। ਪ੍ਰਸੰਨਤਾ ਦੀ ਪੌੜੀ ਦੇ ਸਿਖਰਲੇ ਡੰਡੇ ਉਪਰ ਜਾ ਕੇ ਅਕਬਰ ਨੇ ਜਦੋਂ ਗੁਰੂ ਅਮਰਦਾਸ ਜੀ ਨੂੰ ਗੁਰੂ ਕੇ ਲੰਗਰ ਵਾਸਤੇ ਜਗੀਰ ਦੇਣ ਦੀ ਗੱਲ ਕਹੀ ਤਾਂ ਉਨ੍ਹਾਂ ਨੇ ਕਿਹਾ ਕਿ,'ਗੁਰੂ ਕਾ ਲੰਗਰ ਸ਼ਰਧਾਲੂਆਂ ਦੀ ਕਿਰਤ-ਕਮਾਈ ਨਾਲ ਹੀ ਚੱਲਣਾ ਚਾਹੀਦਾ ਹੈ'। ਇਸ ਤੋਂ ਸਾਬਤ ਹੁੰਦਾ ਹੈ ਕਿ ਗੁਰੂ ਘਰ ਕਿਸੇ ਜਗੀਰ ਜਾਂ ਅਮੀਰ ਦਾ ਮੁਥਾਜ ਨਹੀਂ ਸਗੋਂ ਆਪਣੇ ਸਿਦਕੀ ਸਿੱਖਾਂ ਦੀ ਨੇਕ ਕਮਾਈ 'ਚੋਂ ਨਿਕਲੇ ਦਸਵੰਧ ਜਾਂ ਉਸ ਵਹਿਗੁਰੂ ਦੀ ਬਖ਼ਸ਼ਿਸ਼ ਨਾਲ ਚੱਲਦਾ ਆ ਰਿਹਾ ਹੈ ਅਤੇ ਚੱਲਦਾ ਰਹੇਗਾ।

ਧਰਮ-ਕਰਮ ਦੇ ਪਵਿੱਤਰ ਕਾਰਜਾਂ ਤੋਂ ਇਲਾਵਾ ਦਸਵੰਧ ਦੀ ਰਕਮ ਨਾਲ ਸੰਗਤਾਂ ਦੀ ਸੰਕਟ ਦੇ ਸਮੇਂ ਲੋੜ ਅਨੁਸਾਰ ਸਹਾਇਤਾ ਵੀ ਕੀਤੀ ਜਾਂਦੀ ਹੈ। ਇਸ ਦਸਵੰਧ ਦੀ ਮਾਇਆ ਨਾਲ ਹੀ ਭਗਤ ਪੂਰਨ ਸਿੰਘ ਵਰਗੇ ਮਹਾਂਪੁਰਖਾਂ ਨੇ ਨਿਆਸਰਿਆਂ ਨੂੰ ਆਸਰਾ ਦੇਣ ਵਾਲੀ ਪਿੰਗਲਵਾੜੇ ਵਰਗੀ ਮਹਾਨ ਸੰਸਥਾ ਦੀ ਸਥਾਪਨਾ ਕੀਤੀ ਸੀ ਜੋ ਅੱਜ ਵੀ ਕਈ ਲਾਵਾਰਿਸਾਂ ਦੀ ਵਾਰਿਸ ਬਣੀ ਹੋਈ ਹੈ। ਗੁਰੂ ਕੀ ਗੋਲਕ ਨੂੰ ਗ਼ਰੀਬ ਦਾ ਮੂੰਹ ਮੰਨਿਆ ਗਿਆ ਹੈ। ਇਸ ਦੇ ਰਾਹੀਂ ਵੀ ਦੀਨ-ਦੁਖੀਆਂ ਅਤੇ ਲੋੜਵੰਦਾਂ ਦੀ ਹਰ ਪ੍ਰਕਾਰ ਦੀ ਮਦਦ ਕੀਤੀ ਜਾ ਸਕਦੀ ਹੈ। ਇਹ ਮਦਦ ਗੁਰੂ ਸਾਹਿਬਾਨ ਦੇ ਵਕਤਾਂ ਤੋਂ ਹੀ ਹੁੰਦੀ ਆ ਰਹੀ ਹੈ। ਇਹ ਮਦਦ ਵੀ ਨਾਨਕ ਨਾਮ-ਲੇਵਾ ਸੰਗਤਾਂ ਵੱਲੋਂ ਆਪਣੀ ਕਮਾਈ ਨੂੰ ਸਫਲ ਬਣਾਉਣ ਹਿੱਤ ਦਿੱਤੇ ਗਏ ਦਸਵੰਧ ਉਪਰ ਹੀ ਨਿਰਭਰ ਕਰਦੀ ਹੈ।

**• ਰਮੇਸ਼ ਬੱਗਾ ਚੋਹਲਾ**

**ਮੋਬਾਈਲ : 9463132719**

**ਬਲਵੀਰ ਮੰਨਣ**




ਖ਼ਾਹਿਸ਼ਾਂ ਹਨ ਕਿ ਮੁੱਕਣ ਦਾ ਨਾਂ ਹੀ ਨਹੀਂ ਲੈਂਦੀਆਂ। ਇਕ ਅਜੇ ਪੂਰੀ ਹੋ ਜਾਣ ਲਈ ਤਾਂਘ ਹੀ ਰਹੀ ਹੁੰਦੀ ਹੈ ਕਿ ਪੱਕੀ ਤੇ ਨਿੱਗਰ ਜੜ੍ਹ ਲਈ ਨਵੀਂ ਪੁੰਗਰ ਪੈਂਦੀ ਹੈ। ਮਨੁੱਖ ਨੂੰ ਚੈਨ ਨਾਲ ਕਦੇ ਵੀ, ਕਿੱਥੇ ਬਹਿਣ ਦਿੰਦੀਆਂ ਹਨ ਇਹ ਖ਼ਾਹਿਸ਼ਾਂ? ਇਨ੍ਹਾਂ ਖ਼ਾਹਿਸ਼ਾਂ ਨੂੰ ਪੂਰਾ ਕਰਦਾ-ਕਰਦਾ ਮਨੁੱਖ ਇਕ ਦਿਨ ਆਪ ਹੀ ਪੂਰਾ ਹੋ ਜਾਂਦਾ ਹੈ। ਭਾਵੇਂ ਮਨੁੱਖ ਨੂੰ ਗਤੀਮਾਨ ਰੱਖਣ ਲਈ ਖ਼ਾਹਿਸ਼ਾਂ ਈਂਧਨ ਦਾ ਕੰਮ ਕਰਦੀਆਂ ਹਨ ਪਰ ਕਿਸੇ ਖ਼ਾਹਿਸ਼ ਦੀ ਪੂਰਤੀ ਜਿੰਨਾ ਚਿਰ ਨਹੀਂ ਹੁੰਦੀ, ਤਦ ਤਕ ਮਨੁੱਖੀ ਮਨ ਵੀ ਅੰਗਾਰਿਆਂ 'ਤੇ ਪਈ ਹੋਈ ਕਿਸੇ ਚੀਜ਼ ਵਾਂਗਰਾਂ ਭੁੱਜਦਾ ਹੀ ਤਾਂ ਰਹਿੰਦਾ ਹੈ ਇਕ ਦਿਨ ਇਹ ਖ਼ਾਹਿਸ਼ਾਂ ਮਨੁੱਖ ਨੂੰ ਸੰਸਾਰ ਤੋਂ ਹੀ ਚੱਲਦਾ ਕਰ ਦਿੰਦੀਆਂ ਹਨ।

ਕਈ ਵਾਰ ਜਦੋਂ ਮਨੁੱਖ ਖ਼ੁਦ ਨੂੰ ਖ਼ਾਹਿਸ਼ਾਂ ਦੇ ਜਾਲ ਵਿਚ ਬੁਰੀ ਤਰ੍ਹਾਂ ਫਸਿਆ ਮਹਿਸੂਸ ਕਰਦਾ ਹੈ ਤਾਂ ਸੋਚਦਾ ਹੈ ਕਿ ਇਹ ਸਾਰਾ ਕੁਝ ਕੀ ਹੈ? ਇਹ ਕਾਹਦੇ ਵਾਸਤੇ ਹੈ? ਪਰ ਦੂਜੇ ਹੀ ਪਲ ਫਿਰ ਉਹ ਸੰਸਾਰਕ ਵਹਿਣ ਵਿਚ ਵਹਿ ਜਾਂਦਾ ਹੈ ਤੇ ਉੱਠ ਪੈਂਦਾ ਹੈ, ਰਹਿੰਦੀਆਂ ਖ਼ਾਹਿਸ਼ਾਂ ਦੀ ਪੂਰਤੀ ਕਰਨ ਹਿਤ। ਇਸੇ 'ਅਜਾਈਂ' ਨੱਠ-ਭੱਜ ਨੂੰ ਹੀ ਤਾਂ ਜ਼ਿੰਦਗੀ ਦਾ ਕੌਡੀਆਂ ਦੇ ਭਾਅ ਚਲੇ ਜਾਣਾ ਲਿਖਿਆ ਹੈ। ਕੋਈ ਖ਼ਾਹਿਸ਼ ਪੂਰੀ ਨਾ ਹੋਵੇ ਤਾਂ ਸਿਰ ਖਪਾਈ ਤੇ ਜਦੋਂ ਪੂਰੀ ਹੋ ਗਈ ਤਾਂ ਅਸੀਂ ਉਸ ਦਾ ਸੁਆਦ ਵੀ ਕਿੱਥੇ ਲੈ ਪਾਉਂਦੇ ਹਾਂ? ਖ਼ਾਹਿਸ਼ਾਂ ਜ਼ਿੰਦਗੀ ਦੀ ਰਵਾਨਗੀ ਦਾ ਮੂਲ ਹਨ ਪਰ ਇਹ ਰਵਾਨਗੀ ਕਿਸੇ ਸੀਮਾ ਤਕ ਸੀਮਤ ਹੋਣੀ ਚਾਹੀਦੀ ਹੈ। ਲੋੜ ਹੈ ਥੋੜ੍ਹਾ ਸੰਜਮੀ ਹੋਣ ਦੀ ਤੇ ਸਬਰ ਰੱਖਦਿਆਂ ਹੋਇਆਂ ਉੱਦਮ ਕਰਦੇ ਰਹਿਣ ਦੀ। ਸਮੇਂ ਅਨੁਸਾਰ ਸਭ ਕੁਝ ਜੀਵਨ-ਪਿੜ ਵਿਚ ਪੁੰਗਰ ਆਉਂਦਾ ਹੈ ਤੇ ਜੀਵਨ ਹਰ ਰੰਗ ਦਾ ਸੁਆਦ ਮਾਣਦਾ ਹੋਇਆ, ਸੁਚੱਜੇ ਢੰਗ ਨਾਲ ਅੱਗੇ ਵਧਦਾ ਜਾਂਦਾ ਹੈ। •

# ਸਾਫ਼ ਅਤੇ ਸ਼ੁੱਧ ਪਾਣੀ ਪੀਓ



'ਖ਼ੂਬ ਪਾਣੀ ਪੀਓ ਅਤੇ ਤੰਦਰੁਸਤ ਰਹੋ', ਇਹ ਤੁਸੀਂ ਕਿਤੇ ਨਾ ਕਿਤੇ ਜ਼ਰੂਰ ਪੜ੍ਹਿਆ-ਸੁਣਿਆ ਹੋਵੇਗਾ। ਸਰੀਰ ਦੀ ਹਰੇਕ ਬਿਮਾਰੀ ਦੀ ਪਹਿਲੀ ਦਵਾਈ ਪਾਣੀ ਹੀ ਹੈ। ਕਾਰਨ ਇਹ ਹੈ ਕਿ ਪਾਣੀ ਨਾਲ ਸਾਡੇ ਸਰੀਰ ਨੂੰ ਨਮੀ ਤਾਂ ਮਿਲਦੀ ਹੀ ਹੈ, ਨਾਲ ਹੀ ਸਰੀਰ ਵਿਚ ਮੌਜੂਦ ਜ਼ਹਿਰੀਲੇ ਪਦਾਰਥਾਂ ਨੂੰ ਸਰੀਰ ਵਿਚੋਂ ਬਾਹਰ ਕੱਢਣ ਵਿਚ ਮਦਦ ਵੀ ਮਿਲਦੀ ਹੈ। ਜਦੋਂ ਅਸੀਂ ਗੰਦਾ ਜਾਂ ਪ੍ਰਦੂਸ਼ਿਤ ਪਾਣੀ ਪੀਂਦੇ ਹਾਂ ਤਾਂ ਕੀ ਉਹ ਸਾਡੇ ਸਰੀਰ ਵਿਚੋਂ ਜ਼ਹਿਰੀਲੇ ਪਦਾਰਥਾਂ ਨੂੰ ਬਾਹਰ ਕੱਢ ਸਕੇਗਾ? ਪ੍ਰਦੂਸ਼ਿਤ ਪਾਣੀ ਨਾਲ ਕੁਝ ਹੋਰ ਬਿਮਾਰੀਆਂ ਵੀ ਹੋ ਸਕਦੀਆਂ ਹਨ। ਪਾਣੀ ਪੀਤੇ ਬਿਨਾਂ ਤਾਂ ਅਸੀਂ ਰਹਿ ਹੀ ਨਹੀਂ ਸਕਦੇ ਪਰ ਅਸੀਂ ਕੁਝ ਉਪਾਵਾਂ ਨੂੰ ਜ਼ਰੂਰ ਵਰਤੋਂ ਵਿਚ ਲਿਆ ਸਕਦੇ ਹਾਂ, ਜਿਨ੍ਹਾਂ ਨਾਲ ਪਾਣੀ ਨੂੰ ਪੀਣ ਯੋਗ ਬਣਾਇਆ ਜਾ ਸਕੇ।

ਪਾਣੀ ਨੂੰ ਪੀਣ ਯੋਗ ਬਣਾਉਣ ਲਈ ਸਭ ਤੋਂ ਵਧੀਆ ਉਪਾਅ ਉਸ ਨੂੰ ਉਬਾਲਣਾ ਹੈ। ਪੁਰਾਣੇ ਸਮੇਂ ਤੋਂ ਪਾਣੀ ਨੂੰ ਸ਼ੁੱਧ ਕਰਨ ਦਾ ਇਹ ਸਭ ਤੋਂ ਵਧੀਆ ਤਰੀਕਾ ਚੱਲਿਆ ਆ ਰਿਹਾ ਹੈ। ਅੱਜਕਲ੍ਹ ਪਾਣੀ ਨੂੰ ਉਬਾਲਣ ਤੋਂ ਇਲਾਵਾ ਘਰ ਵਿਚ ਵਾਟਰ ਪਿਊਰੀਫਾਇਰ ਲਗਵਾਉਣ ਦਾ ਰੁਝਾਨ ਜ਼ੋਰਾਂ 'ਤੇ ਹੈ। ਹਰ ਦਿਨ ਮਿਨਰਲ ਵਾਟਰ ਦੀ ਬੋਤਲ ਖਰੀਦਣ ਦਾ ਚਲਣ ਵੀ ਚੱਲ ਰਿਹਾ ਹੈ। ਸਾਰਿਆਂ ਨੂੰ ਬਸ ਸ਼ੁੱਧ ਅਤੇ ਸਾਫ਼ ਪਾਣੀ ਚਾਹੀਦਾ, ਚਾਹੇ ਜੋ ਵੀ ਹੋਵੇ।

ਜ਼ਿਆਦਾਤਰ ਵਾਟਰ ਪਿਊਰੀਫਾਇਰ ਪਾਣੀ ਨੂੰ ਸੌ ਫੀਸਦੀ ਸ਼ੁੱਧ ਅਤੇ ਸਾਫ਼ ਬਣਾਉਂਦੇ ਹਨ। ਦੂਜਾ ਇਸ ਦਾ ਇਹ ਵੀ ਫਾਇਦਾ ਹੈ ਕਿ ਇਸ ਦੇ ਰੱਖ-ਰਖਾਅ ਵਿਚ ਵੀ ਜ਼ਿਆਦਾ ਮਿਹਨਤ ਨਹੀਂ ਕਰਨੀ ਪੈਂਦੀ। ਵਾਟਰ ਪਿਊਰੀਫਾਇਰ ਲਗਵਾਉਣ ਤੋਂ ਬਾਅਦ ਉਸ ਨੂੰ ਹਰ ਛੇ ਮਹੀਨੇ ਬਾਅਦ ਉਸ ਦਾ ਕੈਂਡਲ ਬਦਲਣਾ ਪੈਂਦਾ ਹੈ।

ਬਿਹਤਰ ਤਾਂ ਇਹ ਹੋਵੇਗਾ ਕਿ ਤੁਸੀਂ ਉਹ ਵਾਟਰ ਪਿਊਰੀਫਾਇਰ ਲਓ ਜੋ ਪਾਣੀ ਨੂੰ ਹਰ ਤਰ੍ਹਾਂ ਦੇ ਦੂਸ਼ਿਤ ਪਦਾਰਥਾਂ ਤੋਂ ਮੁਕਤ ਕਰ ਸਕੇ। ਸਹੀ ਵਾਟਰ ਪਿਊਰੀਫਾਇਰ ਚੁਣ ਕੇ ਤੁਸੀਂ ਆਪਣੇ ਪਰਿਵਾਰ ਨੂੰ ਅਨੇਕਾਂ ਬਿਮਾਰੀਆਂ ਤੋਂ ਬਚਾਅ ਸਕੋਗੇ ਅਤੇ ਉਨ੍ਹਾਂ ਨੂੰ ਤੰਦਰੁਸਤ ਜੀਵਨ ਦੇ ਸਕੋਗੇ।

ਵਾਟਰ ਪਿਊਰੀਫਾਇਰ ਦੇ ਕਈ ਫਾਇਦੇ ਹਨ। ਇਹ ਫਾਇਦੇ ਅਸੀਂ ਸਾਫ਼ ਅਤੇ ਸ਼ੁੱਧ ਪਾਣੀ ਦੇ ਵੀ ਮੰਨ ਸਕਦੇ ਹਾਂ। ਵਾਟਰ ਪਿਊਰੀਫਾਇਰ ਪ੍ਰਦੂਸ਼ਿਤ ਪਾਣੀ ਦੇ ਕਾਰਨ ਪੇਟ ਵਿਚ ਬਿਮਾਰੀਆਂ ਪੈਦਾ ਕਰਨ ਵਾਲੇ ਬੈਕਟੀਰੀਆ, ਵਾਇਰਸ ਆਦਿ ਨੂੰ ਹਟਾ ਦਿੰਦਾ ਹੈ, ਜੋ ਪੇਟ ਵਿਚ ਪਹੁੰਚ ਕੇ ਪੇਟ ਅਤੇ ਅੰਤੜੀਆਂ ਵਿਚ ਬਿਮਾਰੀਆਂ ਪੈਦਾ ਕਰਦੇ ਹਨ। ਸ਼ੁੱਧ ਪਾਣੀ ਪੀਣ ਨਾਲ ਸਾਨੂੰ ਡਾਇਰੀਆ, ਕਾਲਰਾ ਅਤੇ ਜੌਂਡਸ ਆਦਿ ਬਿਮਾਰੀਆਂ ਤੋਂ ਦੂਰ ਰਹਿਣ ਵਿਚ ਮਦਦ ਮਿਲਦੀ ਹੈ।

× ਵਾਟਰ ਪਿਊਰੀਫਾਇਰ ਪਾਣੀ ਵਿਚੋਂ ਹਾਨੀਕਾਰਕ ਜ਼ਹਿਰੀਲੇ ਰਸਾਇਣ ਅਤੇ ਧਾਤੂ ਜਿਵੇਂ ਕਾਪਰ, ਲੈੱਡ, ਕੈਡਮੀਅਮ ਆਦਿ ਨੂੰ ਵੀ ਹਟਾ ਦਿੰਦਾ ਹੈ। ਕੁਝ ਧਾਤੂ ਜਿਵੇਂ ਕਿ ਲੈੱਡ ਸਰੀਰ ਲਈ ਬੇਹੱਦ ਹਾਨੀਕਾਰਕ ਹੁੰਦੀ ਹੈ। ਇਨ੍ਹਾਂ ਨੂੰ ਸਰੀਰ ਅੰਦਰ ਦਾਖਲ ਨਹੀਂ ਹੋਣ ਦੇਣਾ ਚਾਹੀਦਾ।

× ਵਾਟਰ ਪਿਊਰੀਫਾਇਰ ਪਾਣੀ ਵਿਚੋਂ ਕਲੋਰੀਨ ਨੂੰ ਵੀ ਹਟਾ ਦਿੰਦਾ ਹੈ। ਕਲੋਰੀਨ ਸਾਡੇ ਸਰੀਰ ਵਿਚ ਅਜਿਹੀਆਂ ਚੀਜ਼ਾਂ ਦਾ ਨਿਰਮਾਣ ਕਰਦਾ ਹੈ ਜੋ ਕੈਂਸਰ ਬਣਾਉਂਦੀਆਂ ਹਨ। ਪਿਊਰੀਫਾਇਰ ਪਾਣੀ ਵਿਚੋਂ ਕਲੋਰੀਨ ਸਾਫ਼ ਕਰਕੇ ਕੈਂਸਰ ਤੋਂ ਬਚਾਉਂਦਾ ਹੈ।

× ਪਿਊਰੀਫਾਇਰ ਪਾਣੀ ਵਿਚੋਂ ਗੰਦਗੀ ਅਤੇ ਜ਼ਹਿਰੀਲੇ ਪਦਾਰਥਾਂ ਨੂੰ ਤਾਂ ਸਾਫ਼ ਕਰਦਾ ਹੀ ਹੈ, ਸਗੋਂ ਪਾਣੀ ਵਿਚ ਮੌਜੂਦ ਕੁਦਰਤੀ ਖਣਿਜਾਂ ਨੂੰ ਬਣਾਈ ਰੱਖਦਾ ਹੈ। ਇਸ ਨਾਲ ਸਾਡੇ ਸਰੀਰ ਨੂੰ ਕਾਫੀ ਫਾਇਦਾ ਪਹੁੰਚਦਾ ਹੈ।

× ਵਾਟਰ ਪਿਊਰੀਫਾਇਰ ਪਾਣੀ ਵਿਚੋਂ ਫਾਲਤੂ ਲੋਹ ਤੱਤ, ਪੇਸਟੀਸਾਈਡਸ, ਨਮਕ ਆਦਿ ਨੂੰ ਵੀ ਹਟਾਉਂਦਾ ਹੈ, ਜਿਸ ਨਾਲ ਕਬਜ਼ ਨਹੀਂ ਹੁੰਦੀ ਅਤੇ ਪੇਟ ਸਬੰਧੀ ਪ੍ਰੇਸ਼ਾਨੀਆਂ ਨਹੀਂ ਵਧਦੀਆਂ।

# ਦੇਸੀ ਘਿਓ ਨਾਲ ਬਿਮਾਰੀਆਂ ਭਜਾਓ



ਪੁਰਾਣੇ ਜ਼ਮਾਨੇ ਵਿਚ ਲੋਕ ਫਲ, ਵਿਟਾਮਿਨ ਆਦਿ ਬਹੁਤ ਘੱਟ ਮਾਤਰਾ ਵਿਚ ਲੈਂਦੇ ਸੀ। ਉਦੋਂ ਲੋਕ ਦੁੱਧ ਅਤੇ ਦੇਸੀ ਘਿਓ ਨੂੰ ਹੀ ਪੂਰਾ ਭੋਜਨ ਮੰਨਦੇ ਸੀ। ਅੱਜ ਵੀ ਦੇਸੀ ਘਿਓ ਦਾ ਮਹੱਤਵ ਘੱਟ ਨਹੀਂ ਹੈ। ਇਹ ਇਕ ਪੋਸ਼ਕ ਤੱਤ ਹੋਣ ਦੇ ਨਾਲ-ਨਾਲ ਕਈ ਬਿਮਾਰੀਆਂ ਦਾ ਇਲਾਜ ਵੀ ਕਰਦਾ ਹੈ। ਦੇਸੀ ਘਿਓ ਨਾਲ ਹੇਠ ਲਿਖੇ ਰੋਗਾਂ ਦਾ ਇਲਾਜ ਕੀਤਾ ਜਾ ਸਕਦਾ ਹੈ-

× ਅੱਖਾਂ ਦੀ ਨਿਗ੍ਹਾ ਵਧਾਉਣ ਲਈ ਘਿਓ ਨੂੰ ਮਿਸ਼ਰੀ ਦੇ ਨਾਲ ਖਾਓ।

× ਬੁੱਲ੍ਹ ਫਟਦੇ ਹੋਣ ਤਾਂ ਘਿਓ ਵਿਚ ਥੋੜ੍ਹਾ ਜਿਹਾ ਨਮਕ ਮਿਲਾ ਕੇ ਬੁੱਲ੍ਹਾਂ ਅਤੇ ਧੁੰਨੀ 'ਤੇ ਲਗਾਉਣ ਨਾਲ ਲਾਭ ਹੁੰਦਾ ਹੈ।

× ਸੱਟ ਠੀਕ ਹੋਣ ਤੋਂ ਬਾਅਦ ਸੱਟ ਦਾ ਨਿਸ਼ਾਨ ਪੈ ਜਾਵੇ ਤਾਂ ਦਾਗ ਵਾਲੀ ਜਗ੍ਹਾ 'ਤੇ ਘਿਓ ਦੀ ਮਾਲਿਸ਼ ਕਰੋ।

× ਸਰੀਰ ਦੀ ਕਮਜ਼ੋਰੀ ਦੂਰ ਕਰਨ ਲਈ ਘਿਓ ਵਿਚ ਸ਼ੱਕਰ ਮਿਲਾ ਕੇ ਖਾਓ।

× ਜ਼ਹਿਰ ਦਾ ਪ੍ਰਭਾਵ ਘੱਟ ਕਰਨ ਲਈ ਘਿਓ ਪੀਣਾ ਲਾਭਦਾਇਕ ਹੈ।

× ਫਟੀਆਂ ਅੱਡੀਆਂ 'ਤੇ ਘਿਓ ਅਤੇ ਨਮਕ ਦਾ ਮਿਸ਼ਰਣ ਮਲਣ ਨਾਲ ਆਰਾਮ ਮਿਲਦਾ ਹੈ।

× ਵਾਲਾਂ ਵਿਚ ਘਿਓ ਦੀ ਮਾਲਿਸ਼ ਕਰਨ ਨਾਲ ਵਾਲ ਛੇਤੀ ਸਫੈਦ ਨਹੀਂ ਹੁੰਦੇ ਅਤੇ ਚਮਕ ਵਧਦੀ ਹੈ।

× ਕਿਸੇ ਤਰ੍ਹਾਂ ਦੇ ਛਾਲਿਆਂ 'ਤੇ ਘਿਓ ਲਗਾਉਣ ਨਾਲ ਆਰਾਮ ਮਿਲਦਾ ਹੈ।

× ਯਾਦ ਸ਼ਕਤੀ ਵਧਾਉਣ ਲਈ ਸਿਰ 'ਤੇ ਘਿਓ ਦੀ ਮਾਲਿਸ਼ ਕਰੋ।

× ਗਰਭਵਤੀ ਔਰਤਾਂ ਜੇ ਜ਼ਿਆਦਾ ਮਾਤਰਾ ਵਿਚ ਘਿਓ ਖਾਣ ਤਾਂ ਬੱਚੇ ਦਾ ਰੰਗ ਗੋਰਾ ਹੁੰਦਾ ਹੈ।

× ਖੰਘ ਹੋਣ 'ਤੇ ਘਿਓ ਵਿਚ ਸੇਂਧਾ ਨਮਕ ਮਿਲਾ ਕੇ ਛਾਤੀ 'ਤੇ ਮਾਲਿਸ਼ ਕਰੋ।

× ਹਿਚਕੀ ਬੰਦ ਕਰਨ ਲਈ ਥੋੜ੍ਹਾ ਜਿਹਾ ਗਰਮ ਘਿਓ ਪੀਣ ਨਾਲ ਲਾਭ ਹੁੰਦਾ ਹੈ।

× ਘਿਓ, ਮਿਸ਼ਰੀ ਅਤੇ ਮੱਖਣ ਦੇ ਮਿਸ਼ਰਣ ਨੂੰ ਖਾਣ ਨਾਲ ਕਸ਼ਯ ਰੋਗ ਦੂਰ ਹੁੰਦਾ ਹੈ।

**-ਭਾਸ਼ਣਾ ਬਾਂਸਲ**

# ਪਿਆਰ ਕਰਨ ਨਾਲ ਸਰੀਰ ਉੱਤੇ ਪੈਂਦੇ ਪ੍ਰਭਾਵ



ਡਾ. ਹਰਸ਼ਿੰਦਰ ਕੌਰ, ਐਮ. ਡੀ.
ਬੱਚਿਆਂ ਦੀ ਮਾਹਿਰ,
0175-2216783




ਮਨ ਅੰਦਰ ਜਦੋਂ ਪਿਆਰ ਉਪਜੇ ਤਾਂ ਦਿਮਾਗ਼ ਵਿਚ ਉਥਲ-ਪੁਥਲ ਮਚ ਜਾਂਦੀ ਹੈ। ਇਹ ਪਿਆਰ ਕਿਸੇ ਜਾਨਵਰ ਨਾਲ, ਪੰਛੀ ਨਾਲ, ਫੁੱਲਾਂ ਨਾਲ, ਇਨਸਾਨ ਨਾਲ ਜਾਂ ਬਹੁਤ ਸੁਹਣੇ ਕੁਦਰਤੀ ਨਜ਼ਾਰੇ ਨਾਲ ਵੀ ਹੋ ਸਕਦਾ ਹੈ।

ਜਦੋਂ ਇਹ ਪਤਾ ਲੱਗੇ ਕਿ ਕੋਈ ਹੋਰ ਤੁਹਾਨੂੰ ਬਹੁਤ ਲਾਡ ਜਾਂ ਪਿਆਰ ਕਰਦਾ ਹੈ, ਯਾਨੀ ਪਿਤਾ, ਮਾਂ, ਭਰਾ, ਦੋਸਤ, ਭੈਣ, ਬੱਚਾ ਜਾਂ ਕੋਈ ਵੀ ਹੋਰ, ਤਾਂ ਇਸ ਇਹਸਾਸ ਨਾਲ ਵੀ ਦਿਮਾਗ਼ ਵਿਚ ਹਲਚਲ ਸ਼ੁਰੂ ਹੋ ਜਾਂਦੀ ਹੈ।

ਦਿਮਾਗ਼ ਉੱਤੇ ਖੋਜ ਕਰਨ ਵਾਲੇ ਵਿਗਿਆਨੀਆਂ ਨੇ ਦਿਮਾਗ਼ ਉੱਤੇ ਪਿਆਰ ਦੇ ਅਸਰ ਬਾਰੇ ਡੂੰਘੀ ਖੋਜ ਕੀਤੀ ਹੈ। ਅਸਰ ਵੇਖਣ ਤੋਂ ਪਹਿਲਾਂ ਅਨੇਕ ਲੋਕਾਂ ਤੋਂ ਫਾਰਮ ਭਰਵਾਏ ਗਏ। ਉਨ੍ਹਾਂ ਵਿੱਚੋਂ ਪਿਆਰ, ਖਿਚ, ਲਾਲਸਾ, ਲਗਾਓ, ਕਾਮ, ਮਸਤੀ ਆਦਿ ਵੰਨਗੀਆਂ ਵਾਲੇ ਲੋਕਾਂ ਨੂੰ ਵੱਖ ਹਿੱਸਿਆਂ ਵਿਚ ਵੰਡ ਲਿਆ ਗਿਆ। ਇਹ ਵੇਖਣ ਵਿਚ ਆਇਆ ਕਿ ਜਿਸ ਮਨੁੱਖ ਦੇ ਮਨ ਵਿਚਲੀ ਭਾਵਨਾ ਵਿਚ ਕਾਮ ਪ੍ਰਧਾਨ ਹੋਵੇ, ਉਸਦੇ ਦਿਮਾਗ਼ ਵਿੱਚੋਂ ਹਾਰਮੋਨਾਂ ਦਾ ਹੜ੍ਹ ਨਿਕਲ ਪੈਂਦਾ ਹੈ ਤੇ ਉਹ ਇਕਦਮ ਹਾਸਲ ਕਰਨ ਦੀ ਹੋੜ ਵਿਚ ਲੱਗ ਜਾਂਦਾ ਹੈ।

ਇਸ ਦੌਰਾਨ ਐਡਰੀਨਾਲੀਨ ਤੇ ਨਾਰ ਐਡਰੀਨਾਲੀਨ ਵਧਣ ਨਾਲ ਦਿਲ ਦੀ ਧੜਕਨ ਵੱਧ ਜਾਂਦੀ ਹੈ, ਹੱਥਾਂ ਉੱਤੇ ਪਸੀਨਾ ਆ ਜਾਂਦਾ ਹੈ ਤੇ ਦਿਮਾਗ਼ ਵਿਚ ਡੋਪਾਮੀਨ ਦੇ ਵਧ ਜਾਣ ਨਾਲ ਖ਼ੁਸ਼ੀ ਤੇ ਜਿੱਤ ਦਾ ਇਹਸਾਸ ਹੋਣ ਲੱਗ ਪੈਂਦਾ ਹੈ।

ਕੁੱਝ ਕਿਸਮ ਦੀਆਂ ਨਸ਼ੀਲੀਆਂ ਦਵਾਈਆਂ ਨਾਲ ਵੀ ਡੋਪਾਮੀਨ ਵੱਧ ਜਾਂਦਾ ਹੈ ਤੇ ਸਰੀਰ ਉੱਚੀਆਂ ਹਵਾਵਾਂ ਵਿਚ ਉੱਡਦਾ ਮਹਿਸੂਸ ਹੁੰਦਾ ਹੈ।

ਕੁੱਝ ਲੋਕਾਂ ਨੂੰ ਖ਼ੂਬਸੂਰਤ ਚਿਹਰਾ ਵੇਖਦੇ ਸਾਰ ਵਕਤੀ ਖਿੱਚ ਮਹਿਸੂਸ ਹੁੰਦੀ ਹੈ। ਮੌਰਫ਼ੀਨ ਤੇ ਹੋਰ ਦਰਦ ਘਟਾਉਣ ਦੀਆਂ ਦਵਾਈਆਂ ਨਾਲ ਵੀ ਦਿਮਾਗ਼ ਨੂੰ ਇਹੋ ਜਿਹਾ ਹੀ ਸੁਨੇਹਾ ਜਾਂਦਾ ਹੈ ਕਿ ਸਭ ਵਧੀਆ ਹੈ ਤੇ ਕਿਸੇ ਪ੍ਰਤੀ ਖਿਚ ਮਹਿਸੂਸ ਹੁੰਦੀ ਹੈ। ਅਜਿਹੀ ਖਿੱਚ ਦਿਮਾਗ਼ ਵਿਚਲੇ ਪਸੰਦ ਆ ਜਾਣ ਵਾਲੀਆਂ ਚੀਜ਼ਾਂ ਨੂੰ ਸਾਂਭਣ ਵਾਲੇ ਸੈਂਟਰ ਵਿਚ ਹਲਚਲ ਪੈਦਾ ਕਰਦੀਆਂ ਹਨ ਤੇ ਦੂਜੇ ਵਲ ਉਲਾਰ ਪੈਦਾ ਕਰ ਦਿੰਦੀਆਂ ਹਨ। ਮਨ ਅੰਦਰ ਹਲਕੀ ਕੁਤਕੁਤਾੜੀ ਜਿਹੀ ਮਹਿਸੂਸ ਹੁੰਦੀ ਹੈ ਤੇ ਕੁੱਝ ਚਿਰ ਲਈ ਚੁਫ਼ੇਰਾ ਚੰਗਾ ਜਿਹਾ ਲੱਗਣ ਲੱਗ ਜਾਂਦਾ ਹੈ।

ਜਦੋਂ ਅਸਲ ਵਿਚ ਕਿਸੇ ਨਾਲ ਨੇਹੁ ਲੱਗ ਜਾਵੇ ਤਾਂ ਦਿਮਾਗ਼ ਦੇ ਪੈੱਟ ਸਕੈਨ ਵਿਚ ਦਿਮਾਗ਼ ਦੇ ਖ਼ੁਸ਼ੀ ਵਾਲੇ ਸੈਂਟਰ "ਨਿਊਕਲੀਅਸ ਐਕੂਮਬੈਂਸ" ਵਿਚ ਬਹੁਤ ਜ਼ਿਆਦਾ ਤੇ ਲਗਾਤਾਰ ਹਲਚਲ ਹੁੰਦੀ ਦਿਸਦੀ ਹੈ। ਇਸ ਹਿੱਸੇ ਵੱਲ ਵੱਧ ਲਹੂ ਜਾਣ ਲੱਗ ਪੈਂਦਾ ਹੈ। ਸਿਰਫ਼ ਉਨ੍ਹਾਂ ਲੋਕਾਂ ਵਿਚ ਹੀ ਲਗਾਤਾਰ ਇਸ ਹਿੱਸੇ ਵਿਚ ਹਲਚਲ ਹੁੰਦੀ ਲੱਭੀ ਗਈ ਜੋ ਅਸਲ ਪਿਆਰ ਵਿਚ ਭਿੱਜੇ ਹੋਏ ਸਨ ਤੇ ਦਿਨ ਵਿਚ ਜਦੋਂ ਵੀ ਪਿਆਰੇ ਦਾ ਜ਼ਿਕਰ ਹੋਵੇ ਜਾਂ ਸਾਹਮਣਾ ਹੋਵੇ ਤਾਂ ਉਨ੍ਹਾਂ ਦੇ ਪੂਰੇ ਸਰੀਰ ਵਿਚ ਵੀ ਸਫੂਰਤੀ ਵਧੀ ਲੱਭੀ।

ਅਸਲ ਪਿਆਰ ਵਿਚ ਡੁੱਬਿਆਂ ਦੇ ਦਿਮਾਗ਼ ਵਿਚਲਾ ਕੈਮੀਕਲ 'ਸਿਰੋਟੋਨਿਨ' ਕੁੱਝ ਚਿਰ ਲਈ ਘੱਟ ਹੋਇਆ ਲੱਭਿਆ ਜੋ 'ਓਬਸੈੱਸਿਵ ਕਮਪਲਸਿਵ ਡਿਸਆਰਡਰ' ਵਰਗੇ ਰੋਗੀਆਂ ਵਿਚ ਵੀ ਸਦੀਵੀ ਘੱਟ ਜਾਂਦਾ ਹੈ। ਇਹ ਕੈਮੀਕਲ ਘਟਣ ਨਾਲ ਅਕਲ ਉੱਤੇ ਪਰਦਾ ਪੈ ਜਾਂਦਾ ਹੈ ਤੇ ਪਿਆਰ ਕਰਲ ਵਾਲਿਆਂ ਨੂੰ ਦੂਜੇ ਵਿਚ ਕੋਈ ਐਬ ਲੱਭਦਾ ਹੀ ਨਹੀਂ। ਇਸ ਹਾਲਤ ਨੂੰ ਮੁਹਾਵਰਿਆਂ ਵਿਚ 'ਪਿਆਰ ਵਿਚ ਅੰਨ੍ਹੇ ਹੋਣਾ' ਕਿਹਾ ਜਾਂਦਾ ਹੈ।

ਹਕੀਕਤ ਇਹੀ ਹੈ ਕਿ ਲੱਖ ਕੋਈ ਸਮਝਾਏ ਪਰ ਜਿਸਨੂੰ ਪਿਆਰ ਕਰਦੇ ਹੋਵੇ, ਉਸ ਵਿਚ ਅਨੇਕ ਊਣਤਾਈਆਂ ਹੁੰਦਿਆਂ ਹੋਇਆਂ ਵੀ ਦਿਸਦੀਆਂ ਨਹੀਂ ਕਿਉਂਕਿ ਸਿਰੋਟੋਟਿਨ ਘਟਦੇ ਸਾਰ ਇੱਕੋ ਗ਼ੱਲ ਦਿਮਾਗ਼ ਦੀ ਗਰਾਰੀ ਵਿਚ ਫਸ ਜਾਂਦੀ ਹੈ ਕਿ ਜਿਸ ਨਾਲ ਪਿਆਰ ਕੀਤਾ ਹੈ ਉਹ ਬੇਮਿਸਾਲ ਹੈ। ਕਈ ਤਾਂ ਇਸ ਹਦ ਤਕ ਪਾਗਲ ਹੋ ਜਾਂਦੇ ਹਨ ਕਿ ਮਹਿਬੂਬ ਲਈ ਜਾਨ ਤੱਕ ਵਾਰ ਦਿੰਦੇ ਹਨ ਜਾਂ ਕਿਸੇ ਹੋਰ ਵੱਲੋਂ ਮਹਿਬੂਬ ਦੀ ਬੁਰਾਈ ਸੁਣਨ ਉੱਤੇ ਦੂਜੇ ਦਾ ਕਤਲ ਤੱਕ ਕਰ ਦਿੰਦੇ ਹਨ। ਜਦੋਂ ਕੁੱਝ ਚਿਰ ਬਾਅਦ ਖ਼ੁਮਾਰੀ ਉਤਰਦੀ ਹੈ ਤੇ ਸਿਰੋਟੋਨਿਨ ਵਾਪਸ ਵੱਧਣ ਲੱਗਦੀ ਹੈ ਤਾਂ ਦੂਜੇ ਵਿਚ ਨੁਕਸ ਦਿਸਣੇ ਸ਼ੁਰੂ ਹੋ ਜਾਂਦੇ ਹਨ। ਜਿਹੜਾ ਜਣਾ ਅਸਲ ਪਿਆਰ ਵਿਚ ਭਿੱਜਿਆ ਹੋਵੇ, ਉਹ ਤਾਂ ਅਜਿਹੇ ਰਿਸ਼ਤੇ ਨੂੰ ਪੂਰ ਚੜ੍ਹਾ ਸਕਦਾ ਹੈ ਪਰ, ਜਿਸ ਨੂੰ ਅਸਲ ਪਿਆਰ ਨਾ ਹੋਵੇ ਤੇ ਸਿਰਫ਼ ਵਕਤੀ ਲਗਾਓ ਹੋਵੇ, ਅਜਿਹੇ ਰਿਸ਼ਤਿਆਂ ਵਿਚ ਤ੍ਰੇੜ ਪੈ ਜਾਂਦੀ ਹੈ। ਇਸੇ ਲਈ ਵਕਤੀ ਲਗਾਓ ਨਾਲ ਹੋਏ ਵਿਆਹ ਵੀ ਪਹਿਲੇ ਦੋ ਸਾਲਾਂ ਵਿਚ ਹੀ ਤਲਾਕ ਉੱਤੇ ਖ਼ਤਮ ਹੋ ਜਾਂਦੇ ਹਨ ਖ਼ਾਸ ਕਰ ਜਦੋਂ ਅਕਲ ਉੱਤੇ ਪਿਆ ਪਰਦਾ ਪਰ੍ਹਾਂ ਹੋ ਜਾਂਦਾ ਹੈ। ਜੇ ਤਲਾਕ ਨਾ ਹੋਵੇ ਤਾਂ ਲੜਦੇ-ਭਿੜਦੇ, ਭਾਂਡੇ ਖੜਕਾਉਂਦੇ ਅਜਿਹੇ ਰਿਸ਼ਤੇ ਉਮਰ ਭਰ ਦੀ ਖਿੱਚ ਧੂਅ ਵਿਚ ਹੀ ਖ਼ਤਮ ਹੋ ਜਾਂਦੇ ਹਨ।

ਵੀਹ ਸਾਲਾਂ ਤੋਂ ਵੱਧ ਸਮੇਂ ਤੋਂ ਵੱਖੋ-ਵੱਖ ਮੁਲਕਾਂ ਦੀਆਂ ਮੈਡੀਕਲ ਯੂਨੀਵਰਸਿਟੀਆਂ ਵਿਚ ਪਿਆਰ ਨਾਲ ਸਰੀਰ ਉੱਤੇ ਪੈਂਦੇ ਪ੍ਰਭਾਵਾਂ ਬਾਰੇ ਖੋਜਾਂ ਕੀਤੀਆਂ ਜਾਂਦੀਆਂ ਰਹੀਆਂ ਹਨ। ਹੈਲਨ ਫਿਸ਼ਰ ਤੇ ਡਾ. ਸ਼ਵਾਰਜ਼ (ਸਹਾਇਕ ਪ੍ਰੋਫੈੱਸਰ, ਮੈਕਲੀਨ ਹਸਪਤਾਲ ਬੈਲਮਾਂਟ) ਨੇ ਸਪਸ਼ਟ ਕੀਤਾ ਹੈ ਕਿ ਉਮਰ ਲੰਮੀ ਕਰਨ ਤੇ ਖ਼ੁਸ਼ ਰਹਿਣ ਲਈ ਪਿਆਰ ਦਾ ਇਹਸਾਸ ਹੋਣਾ ਜ਼ਰੂਰੀ ਹੈ।

2500 ਤੋਂ ਵੱਧ ਕਾਲਜ ਪੜ੍ਹਦੇ ਵਿਦਿਆਰਥੀਆਂ ਦੇ ਦਿਮਾਗ਼ ਦਾ ਪੈੱਟ ਸਕੈਨ ਕਰਨ ਬਾਅਦ ਇਹੋ ਰਿਪੋਰਟ ਸਾਹਮਣੇ ਆਈ ਕਿ ਜਿਹੜੇ ਪਿਆਰ ਵਿਚ ਗੜੁੱਚ ਸਨ, ਉਨ੍ਹਾਂ ਨੂੰ ਸਿਰਫ਼ ਪਿਆਰੇ ਦੀ ਤਸਵੀਰ ਵਿਖਾਉਣ ਨਾਲ ਹੀ ਉਨ੍ਹਾਂ ਦੇ ਦਿਮਾਗ਼ ਵਿਚਲੇ ਡੋਪਾਮੀਨ ਬਣਾਉਣ ਵਾਲੇ ਹਿੱਸਿਆਂ ਵਿਚ ਝਟਪਟ ਹਲਚਲ ਹੁੰਦੀ ਦਿਸੀ। ਦਿਮਾਗ਼ ਦੇ ਦੋ ਹਿੱਸੇ ਜੋ ਬਹੁਤ ਵੱਧ ਕੰਮ ਕਰਨ ਲੱਗ ਪਏ, ਉਹ ਸਨ - 'ਕੌਡੇਟ ਨਿਊਕਲਿਅਸ' ਜੋ ਰਿਵਾਰਡ ਸਿਸਟਮ, ਉਮੀਦ ਤੇ ਵਿਹਾਰ ਉੱਤੇ ਅਸਰ ਪਾਉਂਦਾ ਹੈ ਅਤੇ ਦੂਜਾ, 'ਵੈਂਟਰਲ ਟੈਗਮੈਂਟਲ ਹਿੱਸਾ' ਜਿਸ ਨਾਲ ਖ਼ੁਸ਼ੀ ਮਹਿਸੂਸ ਹੁੰਦੀ ਹੈ ਤੇ ਇਕਾਗਰਤਾ ਵਧਦੀ ਹੈ। ਇਸੇ ਹਿੱਸੇ ਨਾਲ ਅੱਗੋਂ ਕੰਮ ਕਰਦੇ ਰਹਿਣ ਤੇ ਕੁੱਝ ਹਾਸਲ ਕਰਨ ਦੀ ਇੱਛਾ ਵੀ ਉਪਜਦੀ ਹੈ।

ਰਿਵਾਰਡ ਸਿਸਟਮ ਵਿਚਲੇ ਹਿੱਸੇ ਹਨ- ਅਮਿਗਡਲਾ, ਹਿੱਪੋਕੈਂਪਸ ਤੇ ਪ੍ਰੀਫਰੰਟਲ ਕੌਰਟੈਕਸ। ਇਸ ਰਾਹੀਂ ਖ਼ੁਸ਼ੀ ਹਾਸਲ ਕੀਤੀ ਜਾ ਸਕਦੀ ਹੈ। ਕਾਮ ਵਾਸਨਾ, ਵਧੀਆ ਖਾਣਾ ਤੇ ਨਸ਼ਾ ਕਰਨਾ ਆਦਿ, ਵੀ ਇਸੇ ਹਿੱਸੇ ਰਾਹੀਂ ਅਸਰ ਕਰਦੇ ਹਨ।

ਕੋਕੀਨ ਤੇ ਸ਼ਰਾਬ ਵੀ ਇਸ ਹਿੱਸੇ ਨੂੰ ਹਰਕਤ ਵਿਚ ਲਿਆਉਂਦੇ ਹਨ। ਸੈਨ ਫਰਾਂਸਿਸਕੋ ਵਿਚ ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਵਿਚ ਸੰਨ 2012 ਵਿਚ ਹੋਈ ਖੋਜ ਰਾਹੀਂ ਇਹ ਗ਼ੱਲ ਸਾਹਮਣੇ ਆਈ (ਖੋਜ 'ਸਾਇੰਸ' ਰਸਾਲੇ ਵਿਚ ਛਪ ਵੀ ਚੁੱਕੀ ਹੈ) ਕਿ ਜਿਨ੍ਹਾਂ ਨੂੰ ਪਿਆਰ ਹਾਸਲ ਹੋ ਜਾਵੇ, ਉਨ੍ਹਾਂ ਨਾਲੋਂ ਜਿਨ੍ਹਾਂ ਨੂੰ ਹਾਸਲ ਨਹੀਂ ਹੋਇਆ, ਉਹ ਨੌਜਵਾਨ ਚਾਰ ਗੁਣਾਂ ਵੱਧ ਸ਼ਰਾਬ ਸੇਵਨ ਕਰ ਰਹੇ ਸਨ। ਰਿਵਾਰਡ ਸਿਸਟਮ ਨੂੰ ਰਵਾਂ ਰੱਖਣ ਲਈ ਅਤੇ ਵਕਤੀ ਖ਼ੁਸ਼ੀ ਮਹਿਸੂਸ ਕਰਨ ਲਈ ਇਹ ਰਸਤਾ ਅਪਣਾਇਆ ਜਾ ਰਿਹਾ ਸੀ।

'ਓਕਸੀਟੋਸਿਨ' ਤੇ 'ਵੇਜ਼ੋਪਰੈੱਸਿਨ' ਹਾਰਮੋਨ ਜੋ ਜੱਚਾ ਦੇ ਦੁੱਧ ਪਿਆਉਣ ਵੇਲੇ ਵੀ ਕੰਮ ਕਰਦੇ ਹਨ, ਇਹੀ ਹਾਰਮੋਨ ਪਿਆਰ ਵਿਚ ਭਿੱਜੇ ਜਾਣ ਉੱਤੇ ਵੱਧਣ ਲੱਗ ਪੈਂਦੇ ਹਨ। ਚਮੜੀ ਨਾਲ ਚਮੜੀ ਛੋਹ ਜਾਣ ਉੱਤੇ ਜਾਂ ਜਿਸਮਾਨੀ ਸੰਬੰਧਾਂ ਬਾਅਦ ਓਕਸੀਟੋਸਿਨ ਅਪਣੱਤ ਵਧਾ ਕੇ ਤਾਂਘ ਪੈਦਾ ਕਰਦੀ ਹੈ ਤੇ ਸਾਂਝ ਡੂੰਘੀ ਕਰਦੀ ਹੈ। ਸਿਰਫ਼ ਇਹ ਹੀ ਨਹੀਂ, ਸ਼ਾਂਤ ਚਿਤ ਕਰਨ, ਸੰਤੁਸ਼ਟੀ ਮਹਿਸੂਸ ਕਰਨ ਤੇ ਸੁਰੱਖਿਅਤ ਮਹਿਸੂਸ ਕਰਨ ਵਿਚ ਵੀ ਓਕਸੀਟੋਸਿਨ ਸਹਾਈ ਹੁੰਦੀ ਹੈ। ਇਸੇ ਲਈ ਮਾਂ ਤੇ ਬੱਚੇ ਦਾ ਰਿਸ਼ਤਾ ਉੱਤਮ ਮੰਨਿਆ ਗਿਆ ਹੈ ਕਿਉਂਕਿ ਦੁੱਧ ਪਿਆਉਣ ਲੱਗਿਆਂ ਮਾਂ ਤੇ ਬੱਚੇ ਦੀ ਚਮੜੀ ਦੀ ਛੋਹ ਜਿੱਥੇ ਪਿਆਰ ਵਧਾਉਂਦੀ ਹੈ, ਰਿਸ਼ਤਾ ਡੂੰਘਾ ਕਰਦੀ ਹੈ, ਉੱਥੇ ਦੋਨਾਂ ਨੂੰ ਸੰਤੁਸ਼ਟੀ ਵੀ ਮਹਿਸੂਸ ਹੁੰਦੀ ਹੈ ਤੇ ਬੱਚਾ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦਾ ਹੈ। ਏਸੇ ਲਈ ਜ਼ਿਆਦਾਤਰ ਬੱਚੇ ਜੋ ਮਾਂ ਦੇ ਦੁੱਧ ਉੱਤੇ ਪਲਦੇ ਹਨ, ਵੱਡੇ ਹੋ ਕੇ ਸ਼ਾਂਤ ਚਿੱਤ ਬਣਦੇ ਹਨ। ਬੋਤਲ ਦਾ ਦੁੱਧ ਪੀਣ ਵਾਲੇ ਬੱਚਿਆਂ ਦੇ ਦਿਮਾਗ਼ ਇਸ ਅਪਣੱਤ ਤੋਂ ਮਹਿਰੂਮ ਰਹਿ ਜਾਂਦੇ ਹਨ।

ਵੇਜ਼ੋਪਰੈੱਸਿਨ ਦਾ ਡੂੰਘਾ ਰਿਸ਼ਤਾ ਗੰਢਣ ਤੇ ਰਿਸ਼ਤੇ ਦਾ ਲੰਮੇ ਸਮੇਂ ਤਕ ਨਿਭਣ ਵਿਚ ਰੋਲ ਹੁੰਦਾ ਹੈ। ਇਨ੍ਹਾਂ ਦੋਨਾਂ ਹਾਰਮੋਨਾਂ ਦੇ ਤਾਲਮੇਲ ਵਿਚ ਕਮੀ ਨਾਲ ਨਿੱਘਾ ਰਿਸ਼ਤਾ ਤਿੜਕ ਸਕਦਾ ਹੈ। ਜੇ ਦੋਵਾਂ ਹਾਰਮੋਨਾਂ ਦਾ ਤਾਲਮੇਲ ਸਹੀ ਹੋਵੇ ਤੇ ਪਿਆਰ ਸੱਚਾ ਹੋਵੇ ਤਾਂ ਜਿਸਮਾਨੀ ਤਾਂਘ ਤੋਂ ਅਗਾਂਹ ਲੰਘ ਕੇ 'ਲਗਾਓ' ਵਿਚ ਤਬਦੀਲ ਹੋ ਜਾਂਦਾ ਹੈ। ਪਿਆਰ ਵਿਚ ਭਿੱਜੇ ਲੋਕਾਂ ਦੇ ਦਿਮਾਗ਼ ਵਿਚਲੇ ਉਹ ਹਿੱਸੇ ਜਿੱਥੇ ਡਰ ਜਾਂ ਨਕਾਰਾਤਮਕ ਸੋਚ ਉਪਜਦੀ ਹੈ, ਉਨ੍ਹਾਂ ਵਿਚਲੇ ਸੈੱਲਾਂ ਦੇ ਜੋੜ ਇਹ ਸੁਨੇਹੇ ਭੇਜਣੇ ਬੰਦ ਕਰ ਦਿੰਦੇ ਹਨ, ਜਿਸ ਨਾਲ ਸੱਚਾ ਪਿਆਰ ਕਰਨ ਵਾਲੇ ਡਰਨਾ ਛੱਡ ਦਿੰਦੇ ਹਨ। ਯਾਨੀ, ਪ੍ਰੀਫਰੰਟਲ ਕੌਰਟੈਕਸ ਤੋਂ ਨਿਊਕਲੀਅਸ ਐਕੂਬੈਂਸ ਵੱਲ ਜਾਂਦੀਆਂ ਸਕਾਰਾਤਮਕ ਤਰੰਗਾਂ ਵੱਧ ਜਾਂਦੀਆਂ ਹਨ ਤੇ ਨਿਊਕਲੀਅਸ ਐਕੂਬੈਂਸ ਤੋਂ ਅਮਿਗਡਲਾ ਵੱਲ ਜਾਂਦੀਆਂ ਨਕਾਰਾਤਮਕ ਤਰੰਗਾਂ ਬੰਦ ਹੋ ਜਾਂਦੀਆਂ ਹਨ। ਇਸੇ ਲਈ ਵਿਗਿਆਨਿਕ ਪੱਖੋਂ ਸਾਬਤ ਹੋ ਜਾਂਦਾ ਹੈ ਕਿ ਪਿਆਰ ਅੰਨ੍ਹਾ ਹੁੰਦਾ ਹੈ, ਜਿਸ ਵਿਚ ਮਾੜੀ ਗੱਲ ਸਾਹਮਣੇ ਹੁੰਦਿਆਂ ਵੀ ਦਿਸਦੀ ਹੀ ਨਹੀਂ।

ਜਦੋਂ ਪਿਆਰ ਭਰਿਆ ਰਿਸ਼ਤਾ ਦੋ ਕੁ ਸਾਲ ਚੱਲਦਾ ਰਹੇ ਤਾਂ ਕੌਰਟੀਸੋਲ ਤੇ ਸਿਰੋਟੋਨਿਨ ਨਾਰਮਲ ਹੋ ਜਾਂਦੇ ਹਨ ਤੇ ਉਹੀ ਪਿਆਰ ਜਿਸ ਵਿਚ ਪਹਿਲਾਂ ਖੁੱਸਣ ਦਾ ਡਰ ਉਪਜ ਰਿਹਾ ਹੁੰਦਾ ਹੈ, ਹੁਣ ਹਾਰਮੋਨ ਨਾਰਮਲ ਹੋਣ ਨਾਲ ਉਸ ਡਰ ਤੋਂ ਛੁਟਕਾਰਾ ਹੋ ਜਾਂਦਾ ਹੈ। ਇਸ ਸਮੇਂ ਦੌਰਾਨ ਸੱਚੇ ਪਿਆਰ ਵਿਚਲਾ ਰਿਵਾਰਡ ਸਿਸਟਮ ਰਵਾਂ ਰਹਿੰਦਾ ਹੈ ਤੇ ਇਕ ਦੂਜੇ ਦਾ ਖਿਆਲ ਰੱਖਣ ਵਰਗੇ ਵਿਚਾਰ ਉਪਜ ਪੈਂਦੇ ਹਨ।

ਲੰਮੇ ਸਮੇਂ ਤਕ ਨਿਭਣ ਵਾਲੇ ਪਿਆਰੇ ਰਿਸ਼ਤਿਆਂ ਉੱਤੇ ਵੀ ਖੋਜ ਕੀਤੀ ਗਈ। ਉਹ ਜੋੜੇ ਚੁਣੇ ਗਏ ਜੋ 21 ਸਾਲਾਂ ਤੋਂ ਵਿਆਹੇ ਹੋਏ ਸਨ ਤੇ ਖ਼ੁਸ਼ ਸਨ। ਇਨ੍ਹਾਂ ਸਾਰਿਆਂ ਦੇ ਦਿਮਾਗ਼ ਵਿਚ ਓਨੀ ਹੀ ਡੋਪਾਮੀਨ ਵਧੀ ਲੱਭੀ ਜਿੰਨੀ ਨਵੇਂ ਜੁੜੇ ਰਿਸ਼ਤਿਆਂ ਵਿਚ ਵਧੀ ਹੁੰਦੀ ਹੈ। ਇਨ੍ਹਾਂ ਸਾਰਿਆਂ ਦੇ ਦਿਮਾਗ਼ ਦਾ ਰਿਵਾਰਡ ਸਿਸਟਮ ਵੀ ਰਵਾਂ ਲੱਭਿਆ।

ਇਨ੍ਹਾਂ ਸਾਰੇ ਜੋੜਿਆਂ ਵਿਚ ਜਿਸਮਾਨੀ ਤਾਂਘ ਦੀ ਥਾਂ ਇਕ ਦੂਜੇ ਦਾ ਸਾਥ ਵੱਧ ਮਾਇਨੇ ਰੱਖਣ ਲੱਗ ਪਿਆ ਸੀ। ਭਾਵੇਂ ਜਿਸਮਾਨੀ ਰਿਸ਼ਤੇ ਬਥੇਰੇ ਜੋੜਿਆਂ ਵਿਚ ਕਾਇਮ ਸਨ ਪਰ ਇਕ ਦੂਜੇ ਦੇ ਨਾਲ ਰਹਿਣ ਦਾ ਸੁਖਦ ਇਹਸਾਸ ਵੱਧ ਹੋ ਗਿਆ ਸੀ। ਇਨ੍ਹਾਂ ਵਿਚ ਵੀ ਜਿਸਮਾਨੀ ਸੰਬੰਧਾਂ ਬਾਅਦ ਓਕਸੀਟੋਸਿਨ ਦੀ ਮਾਤਰਾ ਵਧੀ ਲੱਭੀ।

ਇਹ ਵੇਖਣ ਵਿਚ ਆਇਆ ਕਿ ਜੇ ਕਿਸੇ ਇਕ ਨੂੰ ਕੋਈ ਲੰਮੀ ਬੀਮਾਰੀ ਹੋ ਗਈ ਤਾਂ ਦੂਜੇ ਵੱਲੋਂ ਕੀਤੀ ਸਾਂਭ ਸੰਭਾਲ ਨਾਲ ਦੋਵਾਂ ਦੇ ਮਨਾਂ ਵਿਚ ਇੱਕੋ ਜਿੰਨੀ ਸਕਾਰਾਤਮਕ ਊਰਜਾ ਉਪਜੀ ਤੇ ਰਿਸ਼ਤਾ ਹੋਰ ਡੂੰਘਾ ਹੋਇਆ ਲੱਭਿਆ।

ਇਨ੍ਹਾਂ ਸਾਰੇ ਨਤੀਜਿਆਂ ਦੇ ਨਿਚੋੜ ਵਜੋਂ ਇਹ ਤੱਥ ਸਾਹਮਣੇ ਆਏ :- ਸੱਚਾ ਪਿਆਰ ਸਕਾਰਾਤਮਕ ਊਰਜਾ ਦਿੰਦਾ ਹੈ ਤੇ ਬੀਮਾਰੀ ਨਾਲ ਲੜਨ ਦੀ ਤਾਕਤ ਵੀ। ਇਸ ਨਾਲ ਦਿਲ ਅਤੇ ਦਿਮਾਗ਼ ਉੱਤੇ ਸੁਖਦ ਅਸਰ ਪੈਂਦਾ ਹੈ ਤੇ ਉਮਰ ਲੰਮੀ ਕਰਨ ਵਿਚ ਸਹਾਈ ਹੁੰਦਾ ਹੈ। ਸੱਚੇ ਪਿਆਰ ਨਾਲ ਦਿਮਾਗ਼ ਸ਼ਾਂਤ ਚਿਤ ਰਹਿੰਦਾ ਹੈ ਤੇ ਗੁੱਸੇ ਤੋਂ ਉਤਪੰਨ ਹੋ ਰਹੇ ਰੋਗਾਂ ਤੋਂ ਬਚਾਓ ਹੋ ਜਾਂਦਾ ਹੈ। ਉਤੇਜਨਾ, ਵਕਤੀ ਖਿੱਚ, ਲਾਲਸਾ ਜਿੱਥੇ ਖੋਹ ਕੇ ਹਾਸਲ ਕਰਨ ਵਾਲੀ ਪ੍ਰਵਿਰਤੀ ਨੂੰ ਜਨਮ ਦਿੰਦੀ ਹੈ, ਉੱਥੇ ਜੁਰਮ ਤੇ ਨਸ਼ੇ ਵੱਲ ਵੀ ਧੱਕਦੀ ਹੈ।

ਲੰਮੇ ਸਮੇਂ ਤਕ ਨਿਭਣ ਵਾਲੇ ਰਿਸ਼ਤੇ ਸਿਰਫ਼ ਜਿਸਮਾਨੀ ਸੰਬੰਧਾਂ ਉੱਤੇ ਹੀ ਨਹੀਂ ਟਿਕੇ ਹੁੰਦੇ, ਪਰ ਵਧੀਆ ਸਰੀਰਕ ਸੰਬੰਧਾਂ ਦਾ ਸ਼ੁਰੂਆਤੀ ਸਮੇਂ ਵਿਚ ਰੋਲ ਜ਼ਰੂਰ ਹੁੰਦਾ ਹੈ।

ਪਿਆਰ ਸਿਰਫ਼ ਮਰਦ ਤੇ ਔਰਤ ਵਿਚ ਹੀ ਨਹੀਂ ਹੁੰਦਾ, ਰਬ ਨਾਲ, ਬੱਚਿਆਂ ਨਾਲ, ਮਾਪਿਆਂ ਨਾਲ, ਜਾਨਵਰ ਨਾਲ ਜਾਂ ਕੁਦਰਤ ਨਾਲ ਵੀ ਹੋ ਸਕਦਾ ਹੈ। ਅਜਿਹੇ ਪਿਆਰ ਨਾਲ ਰਿਵਾਰਡ ਸਿਸਟਮ ਰਵਾਂ ਹੁੰਦਾ ਰਹਿੰਦਾ ਹੈ ਜੋ ਢਹਿੰਦੀ ਕਲਾ ਤੋਂ ਬਚਾਉਂਦਾ ਹੈ। ਪਿਆਰ ਕਰਨਾ ਜ਼ਰੂਰ ਚਾਹੀਦਾ ਹੈ। ਇਸ ਤੋਂ ਬਗ਼ੈਰ ਇਨਸਾਨੀ ਜੀਵਨ ਅਧੂਰਾ ਹੈ।

ਪਰ ਪਿਆਰ ਹੋਵੇ ਕਿਵੇਂ ਦਾ, ਇਹ ਤੁਕਾਂ ਸਪਸ਼ਟ ਕਰ ਦਿੰਦੀਆਂ ਹਨ

"ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ।
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥"
(ਗੁਰੂ ਅੰਗਦ ਦੇਵ ਜੀ, ਅੰਗ-83)

# ਦਹੀਂ 'ਚ ਇਹ ਚੀਜ਼ਾਂ ਮਿਲਾਕੇ ਖਾਣ ਨਾਲ ਸਰੀਰ ਨੂੰ ਹੋਣਗੇ ਕਈ ਫ਼ਾਇਦੇ



**ਜੇ ਤੁਹਾਨੂੰ ਨੀਂਦ ਨਾ ਆਉਣ ਦੀ ਸਮੱਸਿਆ ਹੈ ਤਾਂ ਦਹੀਂ 'ਚ ਸੌਂਫ਼ ਮਿਲਾ ਕੇ ਇਸ ਨੂੰ ਖਾਓ। ਇਸ ਨਾਲ ਇਹ ਸਮੱਸਿਆ ਦੂਰ ਹੋ ਜਾਵੇਗੀ। ਇਸ ਤੋਂ ਇਲਾਵਾ ਗੈਸ ਅਤੇ ਜਲਨ ਵੀ ਦੂਰ ਹੋ ਜਾਵੇਗੀ।**

ਦਹੀਂ ਦਾ ਵਰਤੋ ਲਗਭਗ ਬਹੁਤ ਸਾਰੇ ਲੋਕ ਕਰਦੇ ਹਨ ਕਰਨ ਵੀ ਕਿਉਂ ਨਾਲ ਦਹੀਂ ਸਿਹਤ ਦੇ ਲਈ ਕਾਫ਼ੀ ਫ਼ਾਇਦੇਮੰਦ ਹੁੰਦਾ ਹੈ। ਦਹੀਂ 'ਚ ਗੁਡ ਬੈਕਟੀਰੀਆ, ਕੈਲਸ਼ੀਅਮ, ਵਿਟਾਮਿਨਸ ਅਤੇ ਮਿਨਰਲਸ ਭਰਪੂਰ ਮਾਤਰਾ 'ਚ ਮੌਜੂਦ ਹੁੰਦੇ ਹਨ ਜੋ ਸਰੀਰ ਨੂੰ ਕਈ ਤਰ੍ਹਾਂ ਦੀਆਂ ਬੀਮਾਰੀਆਂ ਤੋਂ ਬਚਾਈ ਰੱਖਦੇ ਹਨ ਬਹੁਤ ਸਾਰੇ ਲੋਕ ਦਹੀਂ ਦਾ ਟੇਸਟ ਬਦਲਣ ਦੇ ਲਈ ਚੀਨੀ ਅਤੇ ਨਮਕ ਮਿਲਾ ਕੇ ਖਾਂਦੇ ਹਨ। ਇਸ ਲਈ ਜੇ ਉਨ੍ਹਾਂ ਚੀਜ਼ਾਂ ਦੀ ਥਾਂ 'ਤੇ ਕੁਝ ਹੋਰ ਚੀਜ਼ਾਂ ਮਿਲਾਈਆਂ ਜਾਣ ਤਾਂ ਸਰੀਰ ਨੂੰ ਇਸ ਦਾ ਦੋਗੁਣਾ ਫ਼ਾਇਦਾ ਮਿਲਦਾ ਹੈ ਆਓ ਜਾਣਦੇ ਹਾਂ ਉਨ੍ਹਾਂ ਚੀਜ਼ਾਂ ਦੇ ਬਾਰੇ 'ਚ

1. ਕਾਲਾ ਨਮਕ ਅਤੇ ਭੁਣਿਆ ਹੋਇਆ ਜੀਰਾ
ਦਹੀ 'ਚ ਕਾਲਾ ਨਮਕ ਅਤੇ ਭੁਣਿਆ ਹੋਇਆ ਜੀਰਾ ਮਿਲਾ ਕੇ ਖਾਣ ਨਾਲ ਸੁਆਦ ਅਤੇ ਭੁੱਖ ਵਧ ਜਾਂਦੀ ਹੈ। ਇਸ ਤੋਂ ਇਲਾਵਾ ਇਸ ਨਾਲ ਡਾਈਜੇਸ਼ਨ ਸਿਸਟਮ ਵੀ ਠੀਕ ਰਹਿੰਦਾ ਹੈ।

2. ਸ਼ਹਿਦ
ਸ਼ਹਿਦ ਅਤੇ ਦਹੀਂ ਦੋਹੇ ਹੀ ਸਿਹਤ ਦੇ ਲਈ ਕਾਫ਼ੀ ਫ਼ਾਇਦੇਮੰਦ ਹਨ। ਜੇ ਇਨ੍ਹਾਂ ਦੋਹਾਂ ਨੂੰ ਮਿਲਾ ਕੇ ਖਾਦਾ ਜਾਵੇ ਤਾਂ ਮੂੰਹ ਦੇ ਛਾਲੇ ਠੀਕ ਹੋ ਜਾਂਦੇ ਹਨ ਅਤੇ ਹੋਰ ਵੀ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਵੀ ਦੂਰ ਰਹਿੰਦੀਆਂ ਹਨ।

3. ਕਾਲੀ ਮਿਰਚ
ਜੇ ਤੁਹਾਡਾ ਭਾਰ ਜ਼ਿਆਦਾ ਹੈ ਤਾਂ ਰੋਜ਼ ਦਹੀਂ 'ਚ ਕਾਲੀ ਨਮਕ ਅਤੇ ਕਾਲੀ ਮਿਰਚ ਮਿਲਾ ਕੇ ਖਾਓ। ਇਸ ਨਾਲ ਸਰੀਰ ਦੀ ਵਾਧੂ ਚਰਬੀ ਤੇਜੀ ਨਾਲ ਘੱਟ ਹੋ ਜਾਂਦੀ ਹੈ।

4. ਡ੍ਰਾਈ ਫ਼ਰੂਟ
ਦਹੀਂ 'ਚ ਸ਼ੱਕਰ ਦੇ ਨਾਲ ਸੁੱਕੇ ਮੇਵੇ ਮਿਲਾ ਕੇ ਖਾਓ। ਇਸ ਨਾਲ ਕਮਜ਼ੋਰੀ ਦੂਰ ਹੋਵੇਗੀ ਅਤੇ ਭਾਰ ਵੀ ਘੱਟ ਹੋਵੇਗਾ। ਇਸ ਤੋਂ ਇਲਾਵਾ ਤੁਸੀਂ ਸਾਰਾ ਦਿਨ ਐਕਟਿਵ ਬਣੇ ਰਹੋਗੇ।

5. ਅਜਵਾਈਨ
ਦਹੀਂ 'ਚ ਅਜਵਾਈਨ ਮਿਲਾ ਕੇ ਖਾਣ ਨਾਲ ਬਵਾਸੀਰ ਦੇ ਰੋਗੀ ਨੂੰ ਫ਼ਾਇਦਾ ਮਿਲਦਾ ਹੈ ਦਹੀਂ 'ਚ ਅਜਵਾਈਨ ਨੂੰ ਪੀਸ ਕੇ ਮਿਕਸ ਕਰ ਲਓ।

6. ਚਾਵਲ
ਕੁਝ ਲੋਕਾਂ ਨੂੰ ਮਾਈਗ੍ਰੇਨ ਦੀ ਪਰੇਸ਼ਾਨੀ ਹੁੰਦੀ ਹੈ। ਇਹ ਦਰਦ ਕਾਫ਼ੀ ਖਤਰਨਾਕ ਹੁੰਦਾ ਹੈ ਜੇ ਦਹੀਂ 'ਚ ਉਬਲੇ ਹੋਏ ਚਾਵਲ ਮਿਲਾ ਕੇ ਖਾਦੇ ਜਾਣ ਤਾਂ ਕਾਫ਼ੀ ਆਰਾਮ ਮਿਲਦਾ ਹੈ।

7. ਸੌਂਫ਼
ਜੇ ਤੁਹਾਨੂੰ ਨੀਂਦ ਨਾ ਆਉਣ ਦੀ ਸਮੱਸਿਆ ਹੈ ਤਾਂ ਦਹੀਂ 'ਚ ਸੌਂਫ਼ ਮਿਲਾ ਕੇ ਇਸ ਨੂੰ ਖਾਓ। ਇਸ ਨਾਲ ਇਹ ਸਮੱਸਿਆ ਦੂਰ ਹੋ ਜਾਵੇਗੀ। ਇਸ ਤੋਂ ਇਲਾਵਾ ਗੈਸ ਅਤੇ ਜਲਣ ਵੀ ਦੂਰ ਹੋ ਜਾਵੇਗੀ।

8. ਓਟਸ
ਦਹੀਂ 'ਚ ਓਟਸ ਮਿਲਾ ਕੇ ਖਾਣ ਨਾਲ ਸਰੀਰ ਨੂੰ ਕੈਲਸ਼ੀਅਮ, ਪੋਟਾਸ਼ੀਅਮ ਅਤੇ ਪ੍ਰੋਟੀਨ ਮਿਲਦਾ ਹੈ ਜਿਸ ਨਾਲ ਹੱਡੀਆ ਮਜ਼ਬੂਤ ਹੁੰਦੀਆਂ ਹਨ।

ਦਹੀਂ 'ਚ ਕੇਲਾ ਮਿਲਾਕੇ ਖਾਣ ਨਾਲ ਪੇਟ ਦੀ ਕਈ ਸਮੱਸਿਆਵਾਂ ਦੂਰ ਹੋ ਜਾਂਦੀਆਂ ਹਨ ਇਸ ਦੇ ਨਾਲ ਹੀ ਬਲੱਡ ਪ੍ਰੈਸ਼ਰ ਵੀ ਕੰਟਰੋਲ 'ਚ ਰਹਿੰਦਾ ਹੈ।

# ਸਿਹਤ ਦਾ ਦੁਸ਼ਮਣ ਹੈ ਫਾਸਟ ਫੂਡ



ਅੱਜ ਖਾਣੇ ਦਾ ਤਰੀਕਾ ਬਦਲ ਗਿਆ ਹੈ। ਰੁਝੇਵਿਆਂ ਭਰੇ ਜੀਵਨ ਵਿਚ ਹੀ ਫਾਸਡ ਫੂਡ ਦਾ ਜਨਮ ਹੋਇਆ। ਜੀਵਨ ਦੇ ਵਧਦੇ ਪੱਧਰ ਅਤੇ ਲੋਕਾਂ ਦੀ ਵਧਦੀ ਆਮਦਨ ਵੀ ਲੋਕਾਂ ਨੂੰ ਫਾਸਟ ਫੂਡ ਵੱਲ ਆਕਰਸ਼ਤ ਕਰਨ ਲੱਗੀ ਹੈ।

ਹਾਲਾਂਕਿ ਫਾਸਟ ਫੂਡ ਨੂੰ ਜੰਕ ਫੂਡ (ਰੱਦੀ ਖਾਣਾ) ਵੀ ਕਿਹਾ ਜਾਂਦਾ ਹੈ ਪਰ ਸਾਰੇ ਫਾਸਟ ਫੂਡ ਇਸ ਸ਼੍ਰੇਣੀ ਵਿਚ ਨਹੀਂ ਲਏ ਜਾ ਸਕਦੇ। ਫਾਸਟ ਫੂਡ ਦੀਆਂ ਕਈ ਸ਼੍ਰੇਣੀਆਂ ਜਿਵੇਂ ਦਹੀਂ-ਚੂਰਾ, ਸੱਤੂ ਆਦਿ ਵਿਚ ਵੀ ਗੁਣਵੱਤਾ ਅਤੇ ਪੌਸ਼ਟਿਕਤਾ ਹੁੰਦੀ ਹੈ। ਸਲਾਦ-ਪੱਤੇ, ਟਮਾਟਰ ਅਤੇ ਪਿਆਜ਼ ਦੇ ਨਾਲ ਚੀਜ਼ ਬਰਗਰ ਜਾਂ ਚਿਕਨ ਬਰਗਰ ਨੂੰ ਖਾਧਾ ਜਾਵੇ ਅਤੇ ਨਾਲ ਹੀ ਇਕ ਕੱਪ ਕੌਫੀ ਲਈ ਜਾਵੇ ਤਾਂ ਇਹ ਪੂਰੇ ਭੋਜਨ ਦੇ ਬਰਾਬਰ ਹੁੰਦਾ ਹੈ। ਪੇਟ ਅਤੇ ਪਾਚਣ ਸ਼ਕਤੀ ਦੀ ਮਰਿਆਦਾ ਨੂੰ ਲੰਘ ਕੇ ਲਿਆ ਗਿਆ ਫਾਸਟ ਫੂਡ ਹੀ ਹਾਨੀਕਾਰਕ ਹੁੰਦਾ ਹੈ। ਕੈਲੋਰੀਜ਼ ਦੀ ਮਾਤਰਾ ਜ਼ਿਆਦਾਤਰ ਫਾਸਟ ਫੂਡ ਵਿਚ ਵਧੇਰੇ ਹੋਣ ਦੇ ਕਾਰਨ ਮੋਟੇ ਵਿਅਕਤੀਆਂ ਲਈ ਇਹ ਜ਼ਿਆਦਾ ਹਾਨੀਕਾਰਕ ਹੁੰਦੀ ਹੈ। ਚਿਕਨ, ਚੀਜ਼, ਬ੍ਰੈੱਡ, ਮਿਲਕ ਸ਼ੇਕ ਆਦਿ ਖਾਧ ਅਤੇ ਪੀਣ ਵਾਲੇ ਪਦਾਰਥਾਂ ਨਾਲ ਪ੍ਰੋਟੀਨ ਚੰਗੀ ਮਾਤਰਾ ਵਿਚ ਸਰੀਰ ਨੂੰ ਮਿਲਦਾ ਹੈ ਪਰ ਕੁਝ ਚੀਜ਼ਾਂ ਜ਼ਿਆਦਾ ਤੇਲ ਦੀ ਵਜ੍ਹਾ ਕਰਕੇ ਸਰੀਰ ਵਿਚ ਵੱਧ ਮਾਤਰਾ ਵਿਚ ਚਰਬੀ ਪਹੁੰਚਾ ਦਿੰਦੀਆਂ ਹਨ। ਜਿਨ੍ਹਾਂ ਦਾ ਸਰੀਰਕ ਭਾਰ ਉਚਿਤ ਮਾਤਰਾ ਵਿਚ ਜ਼ਿਆਦਾ ਹੈ ਜਾਂ ਜੋ ਸਥੂਲ ਸਰੀਰ ਵਾਲੇ ਹਨ, ਉਨ੍ਹਾਂ ਲਈ ਇਹ ਫਾਸਟ ਫੂਡ ਹੋਰ ਨੁਕਸਾਨਦੇਹ ਹੁੰਦੇ ਹਨ। ਤੇਲ ਨੂੰ ਵਾਰ-ਵਾਰ ਗਰਮ ਕਰਨ ਅਤੇ ਉਸ ਵਿਚ ਤਲੀਆਂ ਜਾਣ ਵਾਲੀਆਂ ਵਸਤੂਆਂ ਨੂੰ ਵਾਰ-ਵਾਰ ਪਾਏ ਜਾਣ ਨਾਲ ਉਸ ਚੀਜ਼ ਦੇ ਸਾਰੇ ਪੌਸ਼ਟਿਕ ਤੱਤ ਨਸ਼ਟ ਹੋ ਜਾਂਦੇ ਹਨ ਅਤੇ ਉਸ ਤੇਲ ਦੇ ਅੰਸ਼ ਅੰਤੜੀਆਂ ਨਾਲ ਸ਼ੋਸ਼ਿਤ ਨਹੀਂ ਹੋ ਪਾਉਂਦੇ। ਸਾਰੇ ਤਰ੍ਹਾਂ ਦੀਆਂ ਮਠਿਆਈਆਂ, ਮਿਲਕਸ਼ੇਕ ਅਤੇ ਠੰਢੇ ਪੀਣ ਵਾਲੇ ਪਦਾਰਥਾਂ ਵਿਚ ਭਰਪੂਰ ਸਟਾਰਚ ਹੁੰਦਾ ਹੈ। ਰਿਫਾਇੰਡ, ਆਟੇ ਜਾਂ ਬ੍ਰੈੱਡ ਤੋਂ ਬਣੇ ਪਦਾਰਥਾਂ ਤੋਂ ਵੀ ਵੱਡੀ ਮਾਤਰਾ ਵਿਚ ਸਟਾਰਚ ਉਪਲਬਧ ਹੁੰਦਾ ਹੈ। ਇਨ੍ਹਾਂ ਵਸਤੂਆਂ ਦੇ ਨਾਲ ਸਲਾਦ, ਸਬਜ਼ੀਆਂ ਜਾਂ ਪੁੰਗਰੇ ਅਨਾਜ ਨੂੰ ਜੇਕਰ ਖਾਧਾ ਜਾਵੇ ਤਾਂ ਰੇਸ਼ੇ ਵੀ ਵੱਡੀ ਮਾਤਰਾ ਵਿਚ ਪੇਟ ਵਿਚ ਚਲੇ ਜਾਂਦੇ ਹਨ, ਜਿਸ ਨਾਲ ਕਬਜ਼ ਦੀ ਸ਼ਿਕਾਇਤ ਨਹੀਂ ਰਹਿੰਦੀ। ਗੁਣਵੱਤਾ ਪੱਖੋਂ ਆਧੁਨਿਕ ਆਹਾਰਸ਼ਾਸਤਰ ਦੇ ਅਨੁਸਾਰ ਫਾਸਟ ਫੂਡ ਵਿਚ ਕੋਈ ਵੀ ਵਸਤੂ ਘੱਟ ਨਹੀਂ ਹੁੰਦੀ ਪਰ ਰੈਸਟੋਰੈਂਟਾਂ ਦੇ ਫਾਸਟ ਫੂਡ ਸੈਂਟਰਾਂ ਵਿਚ ਸ਼ੁੱਧਤਾ ਦੀ ਕਮੀ, ਇਕ ਹੀ ਤੇਲ ਵਿਚ ਵਾਰ-ਵਾਰ ਤਲਣਾ, ਗੰਦੇ ਤੌਲੀਏ ਜਾਂ ਕੱਪੜਿਆਂ ਜਾਂ ਭਾਂਡਿਆਂ ਦੀ ਵਰਤੋਂ ਕਰਨਾ, ਬੇਹੇ ਪਦਾਰਥਾਂ ਨਾਲ ਚੀਜ਼ਾਂ ਬਣਾਉਣੀਆਂ ਆਦਿ ਕਾਰਨਾਂ ਕਰਕੇ ਸਿਹਤ 'ਤੇ ਮਾੜਾ ਅਸਰ ਪੈਂਦਾ ਹੈ।

ਜੇ ਮਜਬੂਰੀ ਵੱਸ ਫਾਸਡ ਫੂਟ ਦੀ ਵਰਤੋਂ ਕਰਨੀ ਹੀ ਪਵੇ ਤਾਂ ਹੇਠ ਲਿਖੀਆਂ ਗੱਲਾਂ 'ਤੇ ਧਿਆਨ ਦੇਣਾ ਜ਼ਰੂਰੀ ਹੈ- × ਡੱਬਾਬੰਦ ਖਾਧ ਪਦਾਰਥਾਂ ਦੀ ਬਜਾਏ ਤਾਜ਼ੀਆਂ ਅਤੇ ਕੁਦਰਤੀ ਵਸਤੂਆਂ ਨੂੰ ਵੀ ਖਾਣੇ ਵਿਚ ਪਹਿਲ ਦਿਓ।

× ਤਲੀਆਂ ਹੋਈਆਂ ਵਸਤੂਆਂ ਦੀ ਬਜਾਏ ਭਾਫ ਨਾਲ ਪਕਾਈਆਂ ਵਸਤੂਆਂ ਜਾਂ ਪੁੰਗਰੇ ਅਨਾਜ ਨੂੰ ਪਸੰਦ ਕੀਤਾ ਜਾਣਾ ਚਾਹੀਦਾ ਹੈ।

× ਕੋਲਾ ਜਾਂ ਹੋਰ ਠੰਢੇ ਪੀਣ ਵਾਲੇ ਪਦਾਰਥਾਂ ਦੀ ਬਜਾਏ ਫਲਾਂ ਦੇ ਰਸ, ਗੰਨੇ ਦੇ ਰਸ ਜਾਂ ਮਿਲਕ ਸ਼ੇਕ ਨੂੰ ਪਹਿਲ ਦਿਓ। × ਨੂਡਲਜ਼, ਪੀਜ਼ਾ ਵਰਗੀਆਂ ਵਸਤੂਆਂ ਨੂੰ ਨਾ ਖਾ ਕੇ ਬ੍ਰਾਊਨ ਬ੍ਰੈੱਡ ਦੇ ਸੈਂਡਵਿਚ ਆਦਿ ਵਸਤੂਆਂ ਨੂੰ ਹੀ ਖਾਓ।

# ਵਾਤਾਵਰਨ ਪ੍ਰਦੂਸ਼ਣ ਨੂੰ ਬਿਲਕੁੱਲ ਬਰਦਾਸ਼ਤ ਨਾ ਕਰਨ ਦੀ ਨੀਤੀ ਦੁਹਰਾਈ



**ਚੰਡੀਗੜ੍ਹ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਵਾਤਵਰਨ ਮਾਹਿਰਾਂ ਦੀ ਕਮੇਟੀ ਨੂੰ ਬੱਗਾ ਕਲਾਂ ਅਤੇ ਅਖਾੜਾ ਸੀ.ਬੀ.ਜੀ. ਪਲਾਂਟਾਂ ਦੀ ਡੂੰਘਾਈ ਨਾਲ ਜਾਂਚ ਕਰਨ ਅਤੇ ਸਮਾਂਬੱਧ ਢੰਗ ਨਾਲ ਆਪਣੀ ਰਿਪੋਰਟ ਸੌਂਪਣ ਲਈ ਕਿਹਾ।

ਮੁੱਖ ਮੰਤਰੀ ਨੇ ਲੁਧਿਆਣਾ ਦੇ ਦੋਵਾਂ ਪਿੰਡਾਂ ਦੇ ਵਾਸੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪ੍ਰਦੂਸ਼ਣ ਕੰਟਰੋਲ ਬੋਰਡ, ਯੂਨੀਵਰਸਿਟੀਆਂ ਅਤੇ ਹੋਰ ਨੁਮਾਇੰਦਿਆਂ ਦੀ ਬਣੀ ਮਾਹਿਰ ਕਮੇਟੀ ਨੂੰ ਪਿੰਡ ਵਾਸੀਆਂ ਨਾਲ ਮੁਲਾਕਾਤ ਕਰਨੀ ਚਾਹੀਦੀ ਹੈ ਅਤੇ ਇਨ੍ਹਾਂ ਪਲਾਂਟਾਂ ਦੀ ਸਥਾਪਨਾ ਨਾਲ ਸਬੰਧਤ ਸਾਰੇ ਨੁਕਤਿਆਂ ਦਾ ਮੁਲਾਂਕਣ ਕਰਨਾ ਚਾਹੀਦਾ ਹੈ। ਉਨ੍ਹਾਂ ਦੁਹਰਾਇਆ ਕਿ ਕਮੇਟੀ ਅਤੇ ਪਿੰਡ ਵਾਸੀ ਸਥਾਨਕ ਨਿਵਾਸੀਆਂ ਵੱਲੋਂ ਉਠਾਈ ਜਾ ਰਹੀ ਹਰੇਕ ਚਿੰਤਾ ਦੀ ਧਿਆਨ ਨਾਲ ਜਾਂਚ ਕਰਨਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਮੇਟੀ ਨੂੰ ਪੌਦਿਆਂ ਨਾਲ ਸਬੰਧਤ ਰਿਪੋਰਟ ਸਮਾਂਬੱਧ ਢੰਗ ਨਾਲ ਸੌਂਪਣੀ ਚਾਹੀਦੀ ਹੈ ਤਾਂ ਜੋ ਇਸ ▼ਤੇ ਢੁਕਵੀਂ ਕਾਰਵਾਈ ਕੀਤੀ ਜਾ ਸਕੇ।

ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਸਰਕਾਰ ਕਿਸੇ ਵੀ ਉਲੰਘਣਾ ਦੀ ਇਜਾਜ਼ਤ ਨਹੀਂ ਦੇਵੇਗੀ ਅਤੇ ਪਿੰਡ ਵਾਸੀਆਂ ਦੇ ਹਿੱਤਾਂ ਦੀ ਰਾਖੀ ਕੀਤੇ ਬਿਨਾਂ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਉਨ੍ਹਾਂ ਨੇ ਪੰਜਾਬ ਵਿੱਚ ਪ੍ਰਦੂਸ਼ਣ ਕੰਟਰੋਲ ਪ੍ਰਤੀ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਦੁਹਰਾਈ ਅਤੇ ਕਿਹਾ ਕਿ ਪ੍ਰਦੂਸ਼ਣ ਨਿਯਮਾਂ ਦੀ ਕਿਸੇ ਵੀ ਉਲੰਘਣਾ ਬਾਰੇ ਜ਼ੀਰੋ ਟਾਲਰੈਂਸ ਦੀ ਨੀਤੀ ਵਰਤੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਪਿੰਡ ਵਾਸੀਆਂ ਨੂੰ ਸਪੱਸ਼ਟ ਕੀਤਾ ਕਿ ਪਲਾਂਟ ਪੂਰੀ ਤਰ੍ਹਾਂ ਪ੍ਰਦੂਸ਼ਣ ਮੁਕਤ ਹੋਵੇਗਾ ਅਤੇ ਕਿਸੇ ਨੂੰ ਵੀ ਨਿਯਮਾਂ ਦੀ ਉਲੰਘਣਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਕਿਸੇ ਵੀ ਨਿਯਮ ਤੋੜਨ ਵਾਲੇ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਸੂਬਾ ਸਰਕਾਰ ਸੂਬੇ ਦੇ ਪਾਣੀ ਤੇ ਵਾਤਾਵਰਣ ਨੂੰ ਸੁਰੱਖਿਅਤ ਰੱਖਣ ਲਈ ਵਚਨਬੱਧ ਹੈ। ਪਿੰਡ ਘੁੰਗਰਾਲੀ ਵਿੱਚ ਪਿੰਡ ਵਾਸੀਆਂ ਦੀ ਸਹਿਮਤੀ ਨਾਲ ਸਥਾਪਿਤ ਕੀਤੇ ਗਏ ਪਲਾਂਟ ਦੀ ਮਿਸਾਲ ਦਿੰਦੇ ਹੋਏ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਲੋਕਾਂ ਦੀ ਸਹਿਮਤੀ ਨਾਲ ਫੈਸਲੇ ਲਏ ਜਾ ਰਹੇ ਹਨ। ਇਸ ਦੌਰਾਨ ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਸੂਬੇ ਅਤੇ ਇਸ ਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ।

# ਪਸ਼ੂ ਪਾਲਕਾਂ ਨਾਲ ਮਹੱਤਵਪੂਰਨ ਐਡਵਾਈਜ਼ਰੀ ਕੀਤੀ ਸਾਂਝੀ

**ਮੋਗਾ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਡਿਪਟੀ ਡਾਇਰੈਕਟਰ, ਪਸ਼ੂ ਪਾਲਣ ਵਿਭਾਗ ਮੋਗਾ ਡਾ. ਹਰਵੀਨ ਕੌਰ ਧਾਲੀਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਰਸਾਤ ਦੇ ਮੌਸਮ ਵਿੱਚ ਜਿੱਥੇ ਪਾਲਤੂ ਦੁਧਾਰੂ ਪਸ਼ੂਆਂ ਨੂੰ ਗਰਮੀ ਤੋਂ ਬਚਾਉਣਾ ਜਰੂਰੀ ਹੁੰਦਾ ਹੈ, ਉਥੇ ਉਨ੍ਹਾਂ ਦੇ ਖਾਣ ਵਾਲੇ ਪੱਠੇ ਅਤੇ ਖੁਰਾਕ ਆਦਿ ਦਾ ਧਿਆਨ ਰੱਖਣਾ ਵੀ ਬਹੁਤ ਜਰੂਰੀ ਹੁੰਦਾ ਹੈ।

ਇਸ ਮੌਸਮ ਵਿੱਚ ਤਾਪਮਾਨ ਅਤੇ ਨਮੀ ਬਹੁਤ ਜਿਆਦਾ ਹੁੰਦੀ ਹੈ ਜੋ ਕਿ ਫੀਡ ਵਿੱਚ ਉੱਲੀ ਅਤੇ ਜੀਵਾਣੂ ਪੈਦਾ ਕਰਦੀ ਹੈ, ਇਹ ਮਾਈਕਰੋਟੋਕਸਿਨ ਦੁਧਾਰੂ ਜਾਨਵਰ ਦੇ ਸਰੀਰ ਵਿੱਚ ਜਾ ਕੇ ਬਿਮਾਰੀਆਂ ਪੈਦਾ ਕਰਦੇ ਹਨ ਅਤੇ ਦੁੱਧ ਨਾਲ ਮੁਨੱਖੀ ਸਰੀਰ ਵਿੱਚ ਪਹੁੰਚਦੇ ਹਨ। ਉਨ੍ਹਾਂ ਦੱਸਿਆ ਕਿ ਆਮ ਤੌਰ ’ਤੇ ਦੇਖਿਆ ਜਾਂਦਾ ਹੈ ਕਿ ਘਰਾਂ ਵਿੱਚ ਖਰਾਬ/ਉੱਲੀ ਲੱਗਿਆ ਅਨਾਜ, ਗੁੜ, ਅਚਾਰ, ਸਬਜ਼ੀਆ ਦੇ ਡੰਢਲ/ਛਿਲਕੇ ਆਦਿ ਜਾਨਵਰਾਂ ਦੀਆ ਖੁਰਲੀਆਂ ਵਿੱਚ ਸੁੱਟ ਦਿੱਤੇ ਜਾਂਦੇ ਹਨ, ਇਸ ਨਾਲ ਜਿੱਥੇ ਜਾਨਵਰ ਦੀ ਪਾਚਣ ਕਿਰਿਆ ਖਰਾਬ ਹੁੰਦੀ ਹੈ, ਉੱਥੇ ਇਨ੍ਹਾਂ ਦਾ ਅਸਰ ਦੁੱਧ ਰਾਹੀ ਮੁਨੱਖਾਂ ਵਿੱਚ ਵੀ ਆਉਂਦਾ ਹੈ।

ਡਾ. ਹਰਵੀਨ ਕੌਰ ਨੇ ਦੱਸਿਆ ਕਿ ਜਿਹੜੇ ਪੱਠੇ ਔੜ ਜਾਂ ਜਿਆਦਾ ਬਰਸਾਤ ਤੋਂ ਬਾਅਦ ਪਸ਼ੂਆਂ ਨੂੰ ਦਿੱਤੇ ਜਾਂਦੇ ਹਨ, ਉਨਾਂ ਵਿੱਚ ਨਾਈਟ ?ਰਾਈਟ, ਸਾਈਨਾਈਡ, ਸਲੀਨੀਅਮ, ਲੈਡ, ਆਰਸੇਨਿਕ ਆਦਿ ਦਾ ਜ਼ਹਿਰਵਾ ਹੋ ਜਾਂਦਾ ਹੈ, ਜਿਸ ਕਾਰਨ ਪਸ਼ੂਆਂ ਵਿੱਚ ਚਮੜੀ ਰੋਗ, ਪੇਟ ਦੇ ਰੋਗ, ਮੋਕ, ਜਿਗਰ, ਫੇਫੜਿਆਂ, ਦਿਲ ਦੇ ਰੋਗ ਹੋਣ ਤੋਂ ਇਲਾਵਾ ਪਸ਼ੂ ਦੀ ਅਚਾਨਕ ਮੌਤ ਵੀ ਹੋ ਸਕਦੀ ਹੈ। ਮੋਟੇ ਤਣੇ ਦੇ ਜਾਂ ਜਿਆਦਾ ਪੱਕੇ ਪੱਠੇ ਵੀ ਜਹਿਰਬਾਦ ਕਰਦੇ ਹਨ। ਉਨ੍ਹਾਂ ਦੱਸਿਆ ਕਿ ਜੇਕਰ ਪਸ਼ੂ ਵਿੱਚ ਜਹਿਰਵੇ ਦੇ ਲੱਛਣ ਦਿਖਾਈ ਦੇਣ ਤਾਂ ਤੁਰੰਤ ਨੇੜੇ ਦੇ ਪਸ਼ੂ ਹਸਪਤਾਲ ਨਾਲ ਸੰਪਰਕ ਕਰਕੇ ਪਸ਼ੂ ਦਾ ਇਲਾਜ ਕਰਵਾਇਆ ਜਾਵੇ।

ਉਨ੍ਹਾਂ ਅੱਗੇ ਦੱਸਿਆ ਕਿ ਪਸ਼ੂਆਂ ਦੇ ਮੂੰਹਖੁਰ ਅਤੇ ਗਲਘੋਟੂ ਦੀ ਵੈਕਸੀਨ ਜਰੂਰੀ ਲਗਵਾਈ ਜਾਵੇ।

# ਸਕੂਲ ਆਫ਼ ਐਮੀਨੈਂਸ ਦੀਆਂ ਵਿਦਿਆਰਥਣਾ ਨੇ ਜੋਨ ਨੁਕੇਰੀਆਂ ਕਰਾਟੇ ਟੂਰਨਾਮੈਂਟ ਵਿਚ ਜਿਤੇ ਮੈਡਲ

**ਫਾਜ਼ਿਲਕਾ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਲੜਕੀਆਂ ਸਿਖਿਆ ਦੇ ਨਾਲ-ਨਾਲ ਹਰ ਖੇਤਰ ਵਿਚ ਮਲਾਂ ਮਾਰ ਰਹੀਆਂ ਹਨ ਤੇ ਆਪਣੇ ਹੁਨਰ ਦਾ ਪ੍ਰਦਰਸ਼ਨ ਕਰ ਰਹੀਆਂ ਹਨ। ਕਿਸੇ ਪੱਖੋ ਵੀ ਲੜਕੀਆਂ ਪਿੱਛੇ ਨਹੀਂ ਹਨ, ਬਸ ਲੋੜ ਹੈ ਉਨ੍ਹਾਂ ਨੂੰ ਮੌਕੇ ਦੇਣ ਦੀ ਤੇ ਉਨ੍ਹਾਂ *ਤੇ ਵਿਸ਼ਵਾਸ ਕਰਨ ਦੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਐਸ.ਡੀ.ਐਮ. ਕੰਵਰਜੀਤ ਸਿੰਘ ਮਾਨ ਨੇ ਕਰਾਟੇ ਟੂਰਨਾਮੈਂਟ ਵਿਚ ਮੈਡਲ ਜਿਤਣ ਵਾਲੀਆਂ ਵਿਦਿਆਰਥਣਾਂ ਨੂੰ ਸੁਭਕਾਮਨਾਵਾਂ ਦਿੱਤੀਆਂ ਅਤੇ ਉਜਵਲ ਭਵਿੱਖ ਦੀ ਕਾਮਨਾ ਕੀਤੀ।

ਐਸ.ਡੀ.ਐਮ. ਸ੍ਰੀ ਮਾਨ ਨੇ ਵਿਦਿਆਰਥਣਾਂ ਦੀ ਹੌਸਲਾਅਫਜਾਈ ਕਰਦਿਆਂ ਕਿਹਾ ਕਿ ਲੜਕੀਆਂ ਹਰ ਖੇਤਰ ਵਿਚ ਆਪਣੀ ਛਾਪ ਛੱਡ ਰਹੀਆਂ ਹਨ ਤੇ ਉਚੇ ਮੁਕਾਮਾਂ *ਤੇ ਪਹੁੰਚ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੀ ਲੜਕੀਆਂ ਲਈ ਅਨੇਕਾਂ ਉਪਰਾਲੇ ਕਰ ਰਹੀ ਹੈ। ਉਨ੍ਹਾਂ ਮਾਪਿਆਂ ਅਤੇ ਅਧਿਆਪਕਾਂ ਨੂੰ ਵੀ ਵਧਾਈ ਦਿੱਤੀ ਕਿ ਉਹ ਵੀ ਲੜਕੀਆਂ ਪ੍ਰਤੀ ਆਪਣੀ ਵਿਸ਼ਵਾਸ ਦਖਾ ਕੇ ਉਨ੍ਹਾਂ *ਤੇ ਮਿਹਨਤ ਕਰਦੇ ਹਨ ਜਿਸ ਸਦਕਾ ਵਿਦਿਆਰਥਣਾਂ ਨੇ ਕਰਾਟੇ ਟੂਰਨਾਮੈਂਟ ਵਿਚ ਨਾਮ ਰੋਸ਼ਨ ਕੀਤਾ ਹੈ।

ਜਿਲ੍ਹਾ ਸਿੱਖਿਆ ਅਫਸਰ ਅਜੈ ਸ਼ਰਮਾ ਅਤੇ ਸਤੀਸ਼ ਕੁਮਾਰ ਨੇ ਵਿਦਿਆਰਥਣਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜੋਨ ਨੁਕੇਰੀਆਂ ਕਰਾਟੇ ਟੂਰਨਾਮੈਂਟ ਰੇਡੀਐਂਟ ਪਬਲਿਕ ਸਕੂਲ ਮਾਹੂਆਣਾ ਬੋਦਲਾ ਵਿਖੇ ਹੋਇਆ ਜਿਸ ਵਿੱਚ ਸਕੂਲ ਆਫ਼ ਐਮੀਨੈਂਸ ਦੀਆਂ ਵਿਦਿਆਰਥਣਾ ਨੇ ਵੱਖ ਵੱਖ ਵੇਟ ਕੈਟਾਗਿਰੀ ਵਿੱਚ ਭਾਗ ਲਿਆ। ਜਸ਼ਨਪ੍ਰੀਤ ਕੌਰ ਨੇ ਗੋਲਡ ਮੈਡਲ, ਕਮਲਪ੍ਰੀਤ ਕੌਰ ਅਤੇ ਜੈਸਮੀਨ ਕੌਰ ਨੇ ਸਿਲਵਰ ਮੈਡਲ, ਏਕਮਦੀਪ ਕੌਰ, ਹਰਲੀਨ ਕੋਰ ਅਤੇ ਜਸਪ੍ਰੀਤ ਕੌਰ ਨੇ ਬਰਾਊਨਜ ਮੈਡਲ ਪ੍ਰਾਪਤ ਕੀਤੇ।

ਇਸ ਮੌਕੇ ਸਕੂਲ ਪ੍ਰਿੰਸੀਪਲ ਮਨਦੀਪ ਸਿੰਘ ਥਿੰਦ, ਅਸ਼ੋਕ ਕੁਮਾਰ ਡੀ.ਪੀ.ਈ. ਅਤੇ ਹੋਰ ਸਕੂਲ ਸਟਾਫ ਮੌਜੂਦ ਸੀ।

# ਵਰਦੇ ਮੀਹ ਵਿੱਚ ਰਾਧਾ ਸਵਾਮੀ ਕਲੋਨੀ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਪਹੁੰਚੇ ਫਾਜ਼ਿਲਕਾ ਦੇ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ

**ਫਾਜ਼ਿਲਕਾ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਰਦੇ ਮੀਹ ਵਿੱਚ ਰਾਧਾ ਸਵਾਮੀ ਕਲੋਨੀ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਲਈ ਫਾਜ਼ਲਕਾ ਦੇ ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਮਨਾ ਮੌਕੇ ਤੇ ਪਹੁੰਚੇ!

ਇਸ ਮੌਕੇ ਕਲੋਨੀ ਵਾਸੀਆਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਕਿਹਾ ਕਿ ਮੈਂ ਤੁਹਾਡਾ ਚੁਣਿਆ ਹੋਇਆ ਹੀ ਵਿਧਾਇਕ ਬਣਿਆ ਹਾਂ ਤੇ ਮੈਨੂੰ ਆਪਣਾ ਪੁੱਤ ਤੇ ਸੇਵਕ ਸਮਝਦੇ ਹੋਏ ਬੇਝਿਜਕ ਆਪਣੀ ਕਲੋਨੀ ਦੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਇਆ ਜਾਵੇ ਤਾਂ ਜੋ ਸਮੱਸਿਆਵਾਂ ਦਾ ਤੁਰੰਤ ਹੱਲ ਕਰਵਾਇਆ ਜਾਵੇ! ਉਨਾਂ ਸੰਬੰਧਿਤ ਅਧਿਕਾਰੀਆਂ ਨੂੰ ਸਮੱਸਿਆਵਾਂ ਦੇ ਤੁਰੰਤ ਹੱਲ ਦੇ ਨਿਰਦੇਸ਼ ਵੀ ਦਿੱਤੇ!

ਉਨਾ ਕਿਹਾ ਕਿ ਸਹਿਰ ਦੀ ਕਿਸੇ ਵੀ ਕਲੋਨੀ ਵਿੱਚ ਸੀਵਰੇਜ ਜਾਂ ਹੋਰ ਸਮੱਸਿਆ ਨਹੀਂ ਰਹਿਣ ਦਿੱਤੀ ਜਾਵੇਗੀ ਤੇ ਇੰਨਾ ਸਮੱਸਿਆ ਤੋਂ ਭਲੀ ਭਾਂਤ ਜਾਣੂ ਹੋਣ ਲਈ ਹੀ ਉਹ ਖੁਦ ਤੁਹਾਡੇ ਵਿੱਚ ਆਏ ਹਨ! ਉਹਨਾਂ ਕਿਹਾ ਕਿ ਮੈਂ ਆਪਣੀ ਜਨਮ ਭੂਮੀ ਨੂੰ ਕਰਮਭੂਮੀ ਬਣਾਉਣਾ ਚਾਹੁੰਦਾ ਤਾਂ ਹੀ ਮੇਰੀ ਸਿਰਤੋੜ ਕੋਸ਼ਿਸ਼ ਹੈ ਕਿ ਮੇਰੇ ਹਲਕੇ ਦੀ ਕੋਈ ਵੀ ਕਲੋਨੀ ਤੇ ਪਿੰਡ ਵਿਕਾਸ ਪੱਖੋਂ ਵਾਂਝਾ ਨਾ ਰਹੇ!

ਉਹਨਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਫੰਡਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾ ਰਹੀ ਹੈ ਇਸ ਲਈ ਉਹ ਵੀ ਆਪਣੇ ਸ਼ਹਿਰ ਦੇ ਨਾਲ ਨਾਲ ਆਪਣੇ ਪਿੰਡਾਂ ਦੀ ਦਿੱਖ ਸੁਧਾਰਨ ਵਿੱਚ ਲੱਗੇ ਹੋਏ ਹਨ!

ਉਨਾਂ ਕਲੋਨੀ ਵਾਸੀਆਂ ਨੂੰ ਕਿਹਾ ਕਿ ਜੇਕਰ ਕਿਸੇ ਵੀ ਤਰ੍ਹਾਂ ਦੀ ਵਿਕਾਸ ਜਾਂ ਹੋਰ ਪੱਖੋਂ ਲੈ ਕੇ ਸਮੱਸਿਆ ਆਉਂਦੀ ਹੈ ਤਾਂ ਉਹ ਬੇਝਿਜਕ ਹੋ ਕੇ ਉਹਨਾਂ ਨੂੰ ਦੱਸ ਸਕਦੇ ਹਨ ਜਾ ਮਿਲ ਵੀ ਸਕਦੇ ਹਨ ਉਹ ਉਨਾਂ ਦੀ ਸੇਵਾ ਵਿੱਚ ਹਰ ਸਮੇਂ ਮੌਜੂਦ ਹਨ

# 8.28 ਕਰੋੜ ਰੁਪਏ ਦੀ ਲਾਗਤ ਨਾਲ ਬਣਾਈ ਜਾਵੇਗੀ ਕਾਹਨੂੰਵਾਨ ਤੋਂ ਘੋੜੇਵਾਹ ਤੱਕ ਸੜਕ : ਜਗਰੂਪ ਸਿੰਘ ਸੇਖਵਾਂ

**ਗੁਰਦਾਸਪੁਰ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦੀਆਂ ਕੋਸ਼ਿਸ਼ਾਂ ਸਦਕਾ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਹਲਕਾ ਕਾਦੀਆਂ ਦੀਆਂ ਸੰਪਰਕ ਸੜਕਾਂ ਦੀ ਮੁਰੰਮਤ ਤੇ ਨਵੀਨੀਕਰਨ ਪ੍ਰੋਜੈਕਟ ਲਈ ਜਿੱਥੇ ਪਹਿਲਾਂ ਹੀ 25.98 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਗਈ ਹੈ ਓਥੇ ਹੁਣ 8.28 ਕਰੋੜ ਰੁਪਏ ਦੀ ਲਾਗਤ ਨਾਲ ਕਾਹਨੂੰਵਾਨ ਤੋਂ ਵਾਇਆ ਚੱਕ ਯਕੂਬ, ਜਾਗੋਵਾਲ ਭੱਟੀਆਂ ਰਾਹੀਂ ਘੋੜੇਵਾਹ ਤੱਕ ਸੜਕ ਦੇ ਨਵੀਨੀਕਰਨ ਪ੍ਰੋਜੈਕਟ ਨੂੰ ਵੀ ਮਨਜ਼ੂਰੀ ਦੇ ਦਿੱਤੀ ਗਈ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਚੇਅਰਮੈਨ ਐਡਵੋਕੇਟ



ਜਗਰੂਪ ਸਿੰਘ ਸੇਖਵਾਂ ਨੇ ਦੱਸਿਆ ਕਿ ਕਾਹਨੂੰਵਾਨ ਤੋਂ ਵਾਇਆ ਚੱਕ ਯਕੂਬ, ਜਾਗੋਵਾਲ ਭੱਟੀਆਂ ਰਾਹੀਂ ਘੋੜੇਵਾਹ ਤੱਕ ਸੜਕ ਦੇ ਪ੍ਰੋਜੈਕਟ ਉੱਪਰ 8.28 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ, ਜਦਕਿ 5 ਸਾਲ ਤੱਕ ਇਸ ਸੜਕ ਦੇ ਰੱਖ-ਰਖਾਅ ਲਈ 73.68 ਲੱਖ ਰੁਪਏ ਮਨਜ਼ੂਰ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸੜਕ ਦੇ ਇਸ ਪ੍ਰੋਜੈਕਟ ਨੂੰ ਲੋਕ ਨਿਰਮਾਣ ਵਿਭਾਗ ਵੱਲੋਂ ਟੈਕਨੀਕਲ ਅਪਰੂਵਲ ਜਾਰੀ ਕਰ ਦਿੱਤੀ ਗਈ ਹੈ ਅਤੇ ਟੈਂਡਰ ਪ੍ਰੀਕ੍ਰਿਆ ਪੂਰੀ ਹੋਣ ਤੋਂ ਬਾਅਦ ਜਲਦੀ ਹੀ ਇਸ ਸੜਕ ਦੇ ਨਵੀਨੀਕਰਨ ਪ੍ਰੋਜੈਕਟ ਉੱਪਰ ਕੰਮ ਸ਼ੁਰੂ ਹੋ ਜਾਵੇਗਾ।

ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਕਾਦੀਆਂ ਨੂੰ ਵਿਕਾਸ ਪੱਖੋਂ ਮੋਹਰੀ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਹਲਕੇ ਵਿੱਚ ਬਣਨ ਵਾਲੀਆਂ ਇਹ ਸੜਕਾਂ ਸਿਰਫ਼ ਆਵਾਜਾਈ ਲਈ ਨਹੀਂ, ਸਗੋਂ ਇਲਾਕੇ ਦੀ ਆਰਥਿਕਤਾ ਅਤੇ ਸਥਾਨਕ ਵਿਕਾਸ ਲਈ ਇੱਕ ਨਵੀਂ ਰਾਹਦਾਰੀ ਸਾਬਤ ਹੋਣਗੀਆਂ।

# ਜਾਗਰੂਕਤਾ ਅਤੇ ਸਾਵਧਾਨੀਆਂ ਵਰਤ ਕੇ ਡੇਂਗੂ ਤੋਂ ਬਚਿਆ ਜਾ ਸਕਦਾ ਹੈ



**ਫਾਜ਼ਿਲਕਾ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾਕਟਰ ਰਾਜ ਕੁਮਾਰ ਸਿਵਲ ਸਰਜਨ ਅਤੇ ਸਹਾਇਕ ਸਿਵਿਲ ਸਰਜਨ ਡਾਕਟਰ ਰੋਹਿਤ ਗੋਇਲ ਦੀ ਉਚੇਚੀ ਨਿਗਰਾਨੀ ਅਤੇ ਡਾਕਟਰ ਸੁਨੀਤਾ ਕੰਬੋਜ਼ ਜਿਲ੍ਹਾ ਐਪੀਡਮੈਲੋਜਿਸਟ ਦੀ ਦੇਖਰੇਖ ਵਿੱਚ ਹਰ ਸ਼ੁੱਕਰਵਾਰ, ਡੇਂਗੂ ਤੇ ਵਾਰ ਮੁਹਿੰਮ ਅਧੀਨ ਜਿਲ੍ਹਾ ਫਾਜ਼ਿਲਕਾ ਦੇ ਵੱਖ ਵੱਖ ਅਰਬਨ ਅਤੇ ਰੂਰਲ ? ਏਰੀਏ ਵਿੱਚ ਡੇਂਗੂ ਵਿਰੋਧੀ ਗਤੀਵਿਧੀਆਂ ਕੀਤੀਆਂ ਗਈਆਂ ਅਤੇ ਜਾਗਰੂਕ ਕੀਤਾ ਗਿਆ। ਇਸ ਸਮੇਂ ਟੀਮਾਂ ਵੱਲੋਂ ਲਾਰਵਾ ਲੱਭ ਕੇ ਨਸ਼ਟ ਕੀਤਾ ਗਿਆ। ਟੀਮ ਵਲੋਂ ਸਾਧੂ ਆਸ਼ਰਮ ਮੰਦਿਰ ਅਤੇ ਆਸਿਫ ਵਾਲਾ ਵਾਰ ਮੈਮੋਰੀਅਲ ਵਿਖੇ ਐਂਟੀ ਡੇਂਗੂ ਗਤੀਵਿਧੀਆਂ ਕੀਤੀ ਗਈ. ਇਸ ਦੌਰਾਨ ਪਿੰਡ ਆਸਿਫ਼ ਵਾਲਾ ਵਿਖੇ ਭਾਰਤੀ ਸੇਨਾ ਦੇ ਜਵਾਨ ਅਤੇ ਸਕੂਲੀ ਬੱਚਿਆਂ ਨੂੰ ਡੇਂਗੂ ਬਾਰੇ ਜਾਗਰੂਕ ਕੀਤਾ ਗਿਆ

ਡਾ ਸੁਨੀਤਾ ਕੰਬੋਜ਼ ਜਿਲ੍ਹਾ ਐਪੀਡਮੈਲੋਜਿਸਟ ਅਤੇ ਜ਼ਿਲ੍ਹਾ ਪਰਵਾਰ ਭਲਾਈ ਅਫਸਰ ਡਾਕਟਰ ਕਵਿਤਾ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਾਗਰੂਕਤਾ ਨਾਲ ਅਤੇ ਸਾਵਧਾਨੀਆਂ ਰੱਖ ਕੇ ਹੀ ਡੇਂਗੂ ਦੀ ਬਿਮਾਰੀ ਤੋਂ ਬਚਿਆ ਜਾ ਸਕਦਾ ਹੈ। ਉਹਨਾਂ ਦੱਸਿਆ ਕਿ ਡੇਂਗੂ ਦੂਸ਼ਿਤ ਏਡੀਜ ਅਜਿਪਟੀ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਇਹ ਮੱਛਰ ਸਾਫ਼ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ ਅਤੇ ਜ਼ਿਆਦਾਤਰ ਦਿਨ ਵੇਲੇ ਹੀ ਕੱਟਦਾ ਹੈ। ਇਸ ਲਈ ਮੱਛਰ ਪੈਦਾ ਹੋਣ ਵਾਲੇ ਸੋਮਿਆਂ ਨੂੰ ਨਸ਼ਟ ਕਰਨਾ ਚਾਹੀਦਾ ਹੈ ਜਾਂ ਹਰੇਕ ਹਫਤੇ ਸਾਫ਼ ਕਰਨੇ ਚਾਹੀਦੇ ਹਨ। ਉਹਨਾਂ ਕਿਹਾ ਕਿ ਕੂਲਰਾਂ ਅਤੇ ਗਮਲਿਆਂ ਦੀਆਂ ਟ ?ਰਿਆਂ ਵਿੱਚ ਖੜ੍ਹੇ ਪਾਣੀ ਨੂੰ ਹਫ਼ਤੇ ਵਿੱਚ ਇਕ ਵਾਰ ਜਰੂਰ ਸਾਫ਼ ? ਕਰੋ, ਕੱਪੜੇ ਅਜਿਹੇ ਪਾਓ ਜਿਸ ਨਾਲ ਸਰੀਰ ਢੱਕਿਆ ਰਹੇ ਤਾਂ ਕਿ ਤੁਹਾਨੂੰ ਮੱਛਰ ਨਾ ਕੱਟੇ, ਸੌਣ ਵੇਲੇ ਮੱਛਰਦਾਨੀ ਦਾ ਇਸਤੇਮਾਲ ਕਰੋ, ਬੁਖਾਰ ਹੋਣ ਤੇ ਐਸਪਰੀਨ ਅਤੇ ਬਰੂਫਿਨ ਨਾ ਲਵੋ, ਸਿਰਫ਼ ਪੈਰਾਸੀਟਾਮੋਲ ਗੋਲੀ ਹੀ ਲਵੋ, ਛੱਤਾਂ ਤੇ ਰੱਖੀਆਂ ਪਾਣੀ ਦੀਆ ਟੈਂਕੀਆਂ ਦੇ ਢੱਕਣਾਂ ਨੂੰ ਚੰਗੀ ਤਰ੍ਹਾਂ ਬੰਦ ਕਰੋ,ਟੁੱਟੇ ਬਰਤਨਾਂ, ਡਰੰਮਾਂ ਅਤੇ ਟਾਇਰਾਂ ਆਦਿ ਨੂੰ ਖੁਲ੍ਹੇ ਵਿੱਚ ਨਾ ਰੱਖੋ ਅਤੇ ਵਧੇਰੇ ਮਾਤਰਾ ਵਿੱਚ ਤਰਲ ਪਦਾਰਥ ਲਓ ਅਤੇ ਸੰਤੁਲਿਤ ਭੋਜਨ ਖਾਓ।

ਉਹਨਾਂ ਦੱਸਿਆ ਕਿ ਜੇਕਰ ਕਿਸੇ ਨੂੰ ਤੇਜ਼ ਬੁਖਾਰ, ਮਾਸ ਪੇਸ਼ੀਆਂ ਵਿੱਚ ਦਰਦ, ਅੱਖਾਂ ਪਿੱਛੇ ਦਰਦ, ਸਿਰ ਦਰਦ, ਚਮੜੀ ਤੇ ਦਾਣੇ ਅਤੇ ਮਸੂੜਿਆਂ ਅਤੇ ਨੱਕ ਵਿੱਚੋਂ ਖੂਨ ਆਵੇ ਤਾਂ ਜਲਦੀ ਤੋਂ ਜਲਦੀ ਨੇੜੇ ਦੇ ਸਿਹਤ ਕੇਂਦਰ ਵਿੱਚ ਜਾ ਕੇ ਟੈਸਟ ਅਤੇ ਇਲਾਜ ਕਰਵਾਓ। ਡੇਂਗੂ ਦਾ ਟੈਸਟ ਅਤੇ ਇਲਾਜ ਸਿਹਤ ਵਿਭਾਗ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਕੀਤਾ ਜਾਂਦਾ ਹੈ। ਇਸ ਸਮੇਂ ਮਾਸ ਮੀਡੀਆ ਵਿੰਗ ਤੋਂ ਬੀ ਈ ਈ ਦਿਵੇਸ਼ ਕੁਮਾਰ, ਇੰਸਕਟ ਕਲੇਰਟਰੋਂ ਮਨਜੋਤ ਸਿੰਘ , ਮੇਲ ਵਰਕਰ ਵਿਕੀ ਕੁਮਾਰ ਅਤੇ ਸੰਜੀਵ ਕੁਮਾਰ ਕੰਪਿਊਟਰ ਓਪਰੇਟਰ ਅਤਿੰਦਰਪਾਲ ਸਿੰਘ ਅਤੇ ਬਰੀਡੀਂਗ ਚੈੱਕਰ ਹਾਜ਼ਰ ਸਨ।

# ਪੰਚਾਇਤੀ ਚੋਣਾਂ ਵਾਲੇ ਦਿਨ ਨੂੰ ਪੋਲਿੰਗ ਬੂਥਾਂ ਦੇ 200 ਮੀਟਰ ਦੇ ਘੇਰੇ ਅੰਦਰ ਪਾਬੰਦੀਆਂ ਲਗਾਉਣ ਦੇ ਹੁਕਮ ਜਾਰੀ

**ਤਰਨ ਤਾਰਨ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**



ਰਾਜ ਚੋਣ ਕਮਿਸ਼ਨ ਵੱਲੋਂ ਸਰਪੰਚਾਂ ਅਤੇ ਪੰਚਾਂ ਦੀਆਂ ਖਾਲੀ ਰਹਿ ਗਈਆਂ ਸੀਟਾਂ ਦੀ ਮਿਤੀ 27 ਜੁਲਾਈ 2025 ਨੂੰ ਚੋਣਾਂ ਕਰਵਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ।

ਪੰਚਾਇਤੀ ਚੋਣਾਂ ਵਾਲੇ ਦਿਨ ਪੋਲਿੰਗ ਬੂਥਾਂ ਦੇ 200 ਮੀਟਰ ਦੇ ਘੇਰੇ ਅੰਦਰ ਪ੍ਰਚਾਰ, ਕਿਸੇ ਵੀ ਵਿਅਕਤੀ ਵੱਲੋਂ ਸੈਲੂਲਰ ਫੋਨ/ਵਾਇਰਲੈਸ ਸੈਂਟ/ਲਾਊਡ ਸਪੀਕਰ, ਮੈਗਾਫੋਨ ਆਦਿ ਦੀ ਵਰਤੋਂ ਪ੍ਰਚਾਰ ਨਾਲ ਸਬੰਧੀ ਪੋਸਟਰ/ਬੈਨਰ ਲਗਾਉਣ ਨਾਲ ਚੋਣ ਪ੍ਰਕਿਰਿਆ ਦੌਰਾਨ ਅਮਨ-ਸ਼ਾਂਤੀ ਭੰਗ ਹੋਣ ਦਾ ਅੰਦੇਸ਼ਾ ਹੈ, ਜਿਸ ਨਾਲ ਅਮਨ ਕਾਨੂੰਨ ਦੀ ਪਾਲਣਾ ਕਰਨ ਲਈ ਤਾਇਨਾਤ ਸੁਰੱਖਿਆ ਬਲਾਂ ਦੇ ਕੰਮ ਵਿੱਚ ਵਿਘਨ ਪੈਦਾ ਹੋ ਸਕਦਾ ਹੈ ਅਤੇ ਅਮਨ ਕਾਨੂੰਨ ਦੀ ਸਥਿਤੀ ਵਿਗੜਨ ਦਾ ਖਤਰਾ ਹੋ ਸਕਦਾ ਹੈ। ਪ੍ਰਾਈਵੇਟ ਅਤੇ ਸਰਕਾਰੀ ਸੰਪਤੀ ਅਤੇ ਮਾਨਵ ਜੀਵਨ ਨੂੰ ਹਾਨੀ ਪਹੁੰਚ ਸਕਦੀ ਹੈ।

ਇਸ ਲਈ ਚੋਣਾਂ ਦੇ ਕੰਮ ਨੂੰ ਨਿਰਵਿਘਨ ਸ਼ਾਤੀ ਪੂਰਵਕ ਨੇਪਰੇ ਚਾੜ੍ਹਨ ਲਈ ਅਤੇ ਚੋਣਾਂ ਦੌਰਾਨ ਅਮਨ ਕਾਨੂੰਨ ਦੀ ਸਥਿਤੀ ਬਣਾਈ ਰੱਖਣ ਲਈ ਤੁਰੰਤ ਲੋੜੀਂਦੇ ਉਪਰਾਲੇ ਕੀਤੇ ਜਾਣੇ ਜ਼ਰੂਰੀ ਹਨ।

ਇਸ ਲਈ ਜਿਲ੍ਹਾ ਮੈਜਿਸਟ ?ਰੇਟ ਤਰਨ ਤਾਰਨ ਸ਼ ?ਰੀ ਰਾਹੁਲ ਆਈ. ਏ. ਐਸ. ਵੱਲੋਂ ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਕੀਤੀਆਂ ਗਈਆਂ ਹਦਾਇਤਾਂ ਦੇ ਸਨਮੁੱਖ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਰਾਜ ਚੋਣ ਕਮਿਸ਼ਨ ਪੰਜਾਬ ਵੱਲੋਂ ਜਾਰੀ ਸਟੈਂਡਰਡ ਓਪਰੇਟਿੰਗ ਪ੍ਰੋਸੀਜਰ ਤਹਿਤ ਚੋਣ ਪ੍ਰਕਿਰਿਆ ਨੂੰ ਸ਼ਾਂਤਮਈ ਤਰੀਕੇ ਨਾਲ, ਨਿਰਵਿਘਨ ਕਰਵਾਉਣ ਅਤੇ ਅਮਨ ਕਾਨੂੰਨ ਦੀ ਵਿਵਸਥਾ ਬਣਾਈ ਰੱਖਣ ਲਈ, ਚੋਣਾਂ ਵਾਲੇ ਦਿਨ ਮਿਤੀ 27 ਜੁਲਾਈ, 2025 ਨੂੰ ਜਿਲ੍ਹਾ ਤਰਨ ਤਾਰਨ ਅੰਦਰ ਬਣੇ ਪੋਲਿੰਗ ਬੂਥਾਂ ਦੇ 200 ਮੀਟਰ ਦੇ ਘੇਰੇ ਅੰਦਰ ਪਾਬੰਦੀਆਂ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ।

ਹੁਕਮਾਂ ਅਨੁਸਾਰ ਪੋਲਿੰਗ ਬੂਥਾਂ/ਜਨਤਕ/ਨਿੱਜੀ ਜਗ ?ਹਾ ’ਤੇ ਕਿਸੇ ਵੀ ਉਮੀਦਵਾਰ/ਵਿਅਕਤੀ/ਸਮਰਥਕ ਵੱਲੋਂ ਪ੍ਰਚਾਰ ਨਹੀਂ ਕੀਤਾ ਜਾਵੇਗਾ।

ਕਿਸੇ ਵੀ ਵਿਅਕਤੀ ਵੱਲੋਂ ਪੋਲਿੰਗ ਬੂਥਾਂ ਦੇ ਨਜ਼ਦੀਕ ਸ਼ੋਰ ਸ਼ਰਾਬਾ/ ਹੁੱਲੜਬਾਜ਼ੀ ਨਹੀਂ ਕੀਤੀ ਜਾਵੇਗੀ। ਕਿਸੇ ਵੀ ਵਿਅਕਤੀ ਵੱਲੋਂ ਪੋਲਿੰਗ ਬੂਥਾਂ ਦੇ 200 ਮੀਟਰ ਦੇ ਘੇਰੇ ਅੰਦਰ ਲਾਊਡ /ਵਾਇਰਲੈਸ ਸੈਂਟ /ਕੋਰਡਲੈਸ ਫੋਨ/ਸੈਲੂਲਰ ਫੋਨ, ਸਪੀਕਰ ਮੈਗਾਟੋਨ ਆਦਿ ਦੀ ਵਰਤੋਂ ਨਹੀਂ ਕੀਤੀ ਜਾਵੇਗੀ। ਪ੍ਰਚਾਰ ਨਾਲ ਸਬੰਧਤ ਕਿਸੇ ਵੀ ਕਿਸਮ ਦਾ ਪੋਸਟਰ ਬੈਨਰ ਨਹੀਂ ਲਗਾਇਆ ਜਾਵੇਗਾ।

ਅ ਬ ਜ਼ ਰ ਵ ਰ ਪ੍ਰਸ਼ਾਸਨਿਕ ਪੁਲਿਸ ਅਧਿਕਾਰੀ, ਡਿਊਟੀ ’ਤੇ ਤਾਇਨਾਤ ਸੁਰੱਖਿਆ ਕਰਮਚਾਰੀਆਂ, ਪੋਲਿੰਗ ਕਾਊਂਟਿੰਗ ਨਾਲ ਸਬੰਧਤ ਸਰਕਾਰੀ ਕਰਮਚਾਰੀਆਂ ’ਤੇ ਇਹ ਹੁਕਮ ਲਾਗੂ ਨਹੀਂ ਹੋਵੇਗਾ।

ਕੋਈ ਵੀ ਰਾਜਨੀਤਿਕ ਪਾਰਟੀ, ਚੋਣ ਲੜ ਰਿਹਾ ਉਮੀਦਵਾਰ ਪੋਲਿੰਗ ਬੂਥ ਦੇ 200 ਮੀਟਰ ਦੇ ਘੇਰੇ ਅੰਦਰ ਆਪਣਾ ਪੋਲਿੰਗ ਬੂਥ/ਟੈਂਟ ਨਹੀਂ ਲਗਾਏਗਾ।

ਕੋਈ ਵੀ ਵਿਅਕਤੀ ਸਿਵਾਏ ਰਾਜ ਚੋਣ ਕਮਿਸ਼ਨ ਪੰਜਾਬ, ਜਿਲ੍ਹਾ ਚੋਣ ਅਫਸਰ, ਤਰਨ ਤਾਰਨ ਜਾਂ ਸਬੰਧਿਤ ਰਿਟਰਨਿੰਗ ਅਫਸਰ ਵੱਲੋਂ ਅਧਿਕਾਰਿਤ ਵਿਅਕਤੀ, ਕਿਸੇ ਵੀ ਪੋਲਿੰਗ ਬੂਥ ਦੇ 200 ਮੀਟਰ ਦੇ ਘੇਰੇ ਅੰਦਰ ਆਪਣਾ ਪ੍ਰਾਈਵੇਟ ਵਹੀਕਲ ਨਹੀਂ ਲਿਜਾਏਗਾ।

# ਜ਼ਿਲ੍ਹਾ ਪ੍ਰਸ਼ਾਸ਼ਨ ਦੇ ਯਤਨਾਂ ਨਾਲ ਮੋਗਾ ਅਤੇ ਬੁੱਟਰ ਡਰੇਨਾਂ ਦੀ ਆਧੁਨਿਕ ਮਸ਼ੀਨਾਂ ਨਾਲ ਹੋ ਰਹੀ ਸਫਾਈ

**ਮੋਗਾ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੋਗਾ ਵਿੱਚ ਭਾਰਤ ਮਾਲਾ ਪ੍ਰੋਜੈਕਟ ਦੇ ਤਹਿਤ ਨਵੀਆਂ ਸੜਕਾਂ ਅਤੇ ਪੁਲ ਸਿੰਚਾਈ ਵਿਭਾਗ ਅਤੇ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਦੇ ਦਿਸ਼ਾ ਨਿਰਦੇਸਾਂ ਅਤੇ ਪ੍ਰਵਾਨਿਤ ਡਰਾਇੰਗਾਂ ਅਨੁਸਾਰ ਹੀ ਬਣਾਏ ਜਾ ਰਹੇ ਹਨ। ਡਿਪਟੀ ਕਮਿਸ਼ਨਰ ਮੋਗਾ ਸ੍ਰੀ ਸਾਗਰ ਸੇਤੀਆ ਨੇ ਦੱਸਿਆ ਕਿ ਪੁਲਾਂ ਦੇ ਢਾਂਚੇ ਦੀ ਉਚਾਈ ਬੱਸਾਂ, ਟਰੈਕਟਰਾਂ ਹੋਰ ਵੱਡੇ ਵਾਹਨਾਂ ਨੂੰ ਧਿਆਨ ’ਚ ਰੱਖ ਕੀਤੀ ਜਾ ਰਹੀ ਹੈ, ਲੋਕਾਂ ਵੱਲੋਂ ਇਸ ਗੱਲ ਦੀ ਚਿੰਤਾ ਨਾ ਕੀਤੀ ਜਾਵੇ।

ਉਹਨਾਂ ਦੱਸਿਆ ਕਿ ਬੀਤੀ 22 ਜੁਲਾਈ ਨੂੰ, ਮੋਗਾ ਜ਼ਿਲ੍ਹੇ ਵਿੱਚ 6 ਘੰਟਿਆਂ ਦੌਰਾਨ ਲਗਭਗ 150 ਸੈਂਟੀਮੀਟਰ ਮੀਂਹ ਪਿਆ, ਜਿਸ ਕਾਰਨ ਮੋਗਾ ਡਰੇਨ ਅਤੇ ਬੁੱਟਰ ਡਰੇਨ ਦੇ ਨੇੜੇ ਦੇ ਪਿੰਡਾਂ ਵਿੱਚ ਪਾਣੀ



ਜ਼ਿਆਦਾ ਖੜ੍ਹ ਗਿਆ ਸੀ ਜਿਸਨੂੰ ਗੰਭੀਰਤਾ ਨਾਲ ਲੈਂਦਿਆਂ ਐਨ.ਐਚ.ਏ.ਆਈ. ਨੂੰ ਤੁਰੰਤ ਡਰੇਨਾਂ ਵਿੱਚ ਆਈ ਰੁਕਾਵਟ ਨੂੰ ਦੂਰ ਕਰਕੇ ਨਿਕਾਸੀ ਲਈ ਹਦਾਇਤਾਂ ਜਾਰੀ ਕਰ ਦਿੱਤੀਆਂ ਸਨ। ਡਿਪਟੀ ਕਮਿਸ਼ਨਰ ਨੇ ਦੱਸਿਆ ਜ਼ਿਲ੍ਹਾ ਪ ?ਸਾ ?ਸਨ ਦੇ ਆਦੇਸ਼ਾਂ ਤੇ ਡਰੇਨਾਂ ਵਿੱਚ ਰੁਕਾਵਟਾਂ ਨੂੰ ਦੂਰ ਕਰਨ ਲਈ ਡਰੇਨੇਜ ਵਿਭਾਗ ਅਤੇ ਐਨ.ਐਚ.ਏ.ਆਈ. ਵੱਲੋਂ ਸਰਗਰਮੀ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਭਾਰੀ ਬਾਰਿਸ਼ ਕਾਰਨ ਮੋਗਾ ਡਰੇਨ ਨਾਲ ਬੁੱਘੀਪੁਰਾ ਅਤੇ ਬੁੱਟਰ ਡਰੇਨ ਨਾਲ ਰਾਮੂੰਵਾਲਾ ਹਰਚੋਕਾ ਤੇ ਨੇੜਲੇ ਪਿੰਡਾਂ ਵਿੱਚ ਪਾਣੀ ਭਰ ਗਿਆ ਸੀ। ਉਹਨਾਂ ਦੱਸਿਆ ਕਿ ਸਥਾਨਕ ਪਿੰਡ ਵਾਸੀਆਂ ਅਤੇ ਕਿਸਾਨਾਂ ਦੇ ਸਹਿਯੋਗ ਨਾਲ, ਐਕਸੈਵੇਟਰਾਂ ਅਤੇ ਜੇਸੀਬੀ, ਪੋਪਲੇਨ ਵਰਗੀਆਂ ਆਧੁਨਿਕ ਮਸ਼ੀਨਾਂ ਦੀ ਵਰਤੋਂ ਕਰਕੇ ਇਹਨਾਂ ਡਰੇਨਾਂ ਵਿੱਚ ਰੁਕਾਵਟਾਂ ਨੂੰ ਸਾਫ਼ ਕੀਤਾ ਜਾ ਰਿਹਾ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਲੋਕਾਂ ਦੀ ਹਰੇਕ ਮੁਸ਼ਕਿਲ ਦੇ ਹੱਲ ਲਈ ਹਮੇਸ਼ਾ ਤਤਪਰ ਹੈ ਭਾਵੇਂ ਉਹ ਕਿਸੇ ਵੀ ਖੇਤਰ ਨਾਲ ਸਬੰਧਤ ਹੋਵੇ। ਇਹਨਾਂ ਦੋਨਾਂ ਡਰੇਨਾਂ ਦੀ ਸਫਾਈ ਲਈ ਯਤਨ ਜੰਗੀ ਪੱਧਰ ਤੇ ਜਾਰੀ ਹਨ ਅਤੇ ਲੋਕਾਂ ਨੂੰ ਕਿਸੇ ਵੀ ਮੁਸ਼ਕਿਲ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ।

# ਸਬ ਡਿਵੀਜ਼ਨ ਪੱਧਰੀ ਨਾਟਕ ਮੁਕਾਬਲਿਆ ’ਚ ਬੱਚਿਆਂ ਨੇ ਉਤਸ਼ਾਹ ਨਾਲ ਲਿਆ ਭਾਗ



**ਰੂਪ ਨਗਰ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਅਤੇ ਡਿਪਟੀ ਕਮਿਸ਼ਨਰ ਰੂਪਨਗਰ ਸ਼੍ਰੀ ਵਰਜੀਤ ਵਾਲ ?ੀਆ ਦੇ ਨਿਰਦੇਸ਼ਾਂ ਅਨੁਸਾਰ ਅੱਜ ਡੀ.ਏ.ਵੀ. ਪਬਲਿਕ ਸੀਨੀਅਰ ਸੈਕੰਡਰੀ ਸਕੂਲ ਰੂਪਨਗਰ ਵਿਖੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵ ਤੋਂ ਸੁਚੇਤ ਕਰਨ ਲਈ ਅਤੇ ਇੱਕ ਨਿਰੋਏ ਸਮਾਜ ਦੀ ਸਿਰਜਣਾ ਕਰਨ ਲਈ ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਤਹਿਤ ਸਬ ਡਵੀਜ਼ਨ ਪੱਧਰੀ ਨਾਟਕ ਮੁਕਾਬਲੇ ਕਰਵਾਏ ਗਏ।

ਐਸ.ਡੀ.ਐਮ ਰੂਪਨਗਰ ਡਾ. ਸੰਜੀਵ ਕੁਮਾਰ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਨਾਟਕ ਮੁਕਾਬਲਿਆਂ ਵਿੱਚ ਜ਼ੋਨ ਪੱਧਰ ਤੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਿਲ ਕਰਨ ਵਾਲੀਆਂ ਟੀਮਾਂ ਨੇ ਭਾਗ ਲਿਆ। ਇਸ ਤਰ੍ਹਾਂ ਜ਼ੋਨ ਰੂਪਨਗਰ, ਸਲੋਰਾ ਅਤੇ ਮੀਆਂਪੁਰ ਦੇ ਕੁੱਲ ਨੌ ਸਕੂਲਾਂ ਨੇ ਨਾਟਕ ਖੇਡੇ। ਜਿਨ੍ਹਾਂ ਵਿੱਚੋਂ ਪੰਜ ਵਧੀਆ ਪੇਸ਼ਕਾਰੀ ਵਾਲੇ ਨਾਟਕਾਂ ਦੀ ਚੋਣ ਕੀਤੀ ਗਈ। ਇਹਨਾਂ ਮੁਕਾਬਲਿਆਂ ਵਿੱਚ 120 ਬੱਚਿਆਂ ਨੇ ਭਾਗ ਲਿਆ ਅਤੇ 300 ਬੱਚਿਆਂ ਨੇ ਮੁਕਾਬਲਿਆਂ ਦਾ ਆਨੰਦ ਮਾਣਿਆ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁਕਾਬਲਿਆ ਵਿੱਚ ‘ਜੀਨੀਅਸ ਇੰਟਰਨੈਸ਼ਨਲ ਪਬਲਿਕ ਸਕੂਲ’ ਨੇ ਪਹਿਲਾ ਸਥਾਨ, ਸੀ. ਸੈ. ਸ. ਸ ਘਨੌਲੀ ਨੇ ਦੂਜਾ, ਸ. ਸੈ.ਸ. ਸ ਲੋਧੀ ਮਾਜਰਾ ਨੇ ਤੀਜਰਾ ਸਥਾਨ ਹਾਸਿਲ ਕੀਤਾ। ਇਸ ਦੇ ਨਾਲ ਹੀ ਸੀ. ਸੈ. ਸ.ਸ ਫੂਲਪੁਰ ਗਰੇਵਾਲ ਅਤੇ ਸੀ. ਸੈ. ਸ. ਸ ਪੁਰਖਾਲੀ ਕਰਮਵਾਰ ਚੌਥੇ ਅਤੇ ਪੰਜਵੇਂ ਸਥਾਨ ’ਤੇ ਰਹੇ। ਚੁਣੇ ਗਏ ਪੰਜ ਸਕੂਲ ਅੱਗੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ’ਚ ਭਾਗ ਲੈਣਗੇ। ਮੁਕਾਬਲੇ ’ਚ ਭਾਗ ਲੈਣ ਵਾਲੀ ਹਰੇਕ ਟੀਮ ਵਿੱਚੋਂ ਵਧੀਆ ਐਕਟਰ ਦੀ ਚੋਣ ਵੀ ਕੀਤੀ ਗਈ। ਇਸ ਤਰ੍ਹਾਂ ਚੁਣੇ ਗਏ ਵਧੀਆ ਐਕਟਰ ਕਮਲਨੂਰ ਕੌਰ,ਮੋਹੀਨੀ, ਸੁਖਮਨਜੋਤ ਸਿੰਘ, ਜਸਨੂਰ ਕੌਰ,ਗੁਰਵੀਰ ਕੌਰ, ਗੁਰਮੇਹਰ ਕੌਰ, ਨਵਦੀਪ ਕੌਰ, ਰਿਹਾਨ ਭੱਟੀ, ਜਸਪ੍ਰੀਤ ਸਿੰਘ, ਜਸਮੀਤ ਕੌਰ, ਜਸਮੀਰਾ,ਮੰਨਤਪ੍ਰੀਤ ਕੌਰ ਨੂੰ ਵੀ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ।

ਇਨ੍ਹਾਂ ਮੁਕਾਬਲਿਆਂ ਦੀ ਸ਼ੁਰੂਆਤ ਵਿੱਚ ਬੱਚਿਆਂ ਨੂੰ ਨਸ਼ਿਆਂ ਵਿਰੁੱਧ ਆਵਾਜ਼ ਚੁੱਕਣ ਲਈ ਪ੍ਰੇਰਿਤ ਕਰਦਿਆਂ ਕਿਹਾ ਕੇ ’ਨਸ਼ਾ’ ਸ਼ਬਦ ਹੀ ’ਨ’ ਅਤੇ ’ਸ਼ਾ’ ਤੋਂ ਬਣਿਆ ਤੇ ’ਨ’ ਨਾਂਹ, ਨਕਰਾਤਮਿਕਤਾ ਦਾ ਸੂਚਕ ਹੈ ਤੇ ’ਸ਼ਾ’ ਹਨੇਰੇ ਨੂੰ ਦਰਸਾਉਂਦਾ ਹੈ। ਨਸ਼ੇ ਦਾ ਅਰਥ ਹੀ ਹਨੇਰਾ ਤੇ ਬਰਬਾਦੀ ਹੈ। ਇਸ ਨਸ਼ੇ ਦੇ ’ਸ਼ਾ’ ਤੋਂ ਸ਼ਾਨ ਬਣੋ ਆਪਣੇ ਮਾਪਿਆਂ ਤੇ ਦੇਸ਼ ਦੀ।

ਇਨ੍ਹਾਂ ਮੁਕਾਬਲਿਆਂ ਵਿੱਚ ਬੱਚਿਆਂ ਨੂੰ ਆਸ਼ੀਰਵਾਦ ਦੇਣ ਲਈ ਚੀਫ ਜ਼ੁਡੀਸ਼ੀਅਲ ਮੈਜਿਸਟ ?ਰੇਟ ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਰਟੀ ਸ਼੍ਰੀਮਤੀ ਅਮਨਦੀਪ ਕੌਰ ਅਤੇ ਚੀਫ਼ ਐਲ.ਏ.ਡੀ.ਸੀ ਰੂਪਨਗਰ ਸ. ਰਾਜਵੀਰ ਸਿੰਘ ਰਾਏ ਨੇ ਉਚੇਚੇ ਤੌਰ ’ਤੇ ਸ਼ਿਰਕਤ ਕੀਤੀ ਅਤੇ ਪੂਰੇ ਪ੍ਰੋਗਰਾਮ ਦਾ ਆਨੰਦ ਮਾਣਿਆ।

ਇਨ੍ਹਾਂ ਮੁਕਾਬਲਿਆਂ ਦੇ ਪ੍ਰਬੰਧ ਦੀ ਸਮੁੱਚੀ ਦੇਖ-ਰੇਖ ਡੀ.ਏ.ਵੀ. ਸਕੂਲ ਅਧਿਆਪਕ ਸ. ਇਕਬਾਲ ਸਿੰਘ ਦੁਆਰਾ ਕੀਤੀ ਗਈ। ਇਹਨਾਂ ਮੁਕਾਲਿਆਂ ’ਚ ਜੱਜਮੈਂਟ ਦੀ ਜ਼ਿੰਮੇਵਾਰੀ ਪ੍ਰੋ.ਜਤਿੰਦਰ ਕੁਮਾਰ, ਸ੍ਰੀ ਰਮਨ ਮਿੱਤਲ, ਸ੍ਰੀ ਗੁਰਚਰਨ ਸਿੰਘ, ਮਨਦੀਪ ਕੌਰ ਰਿੰਪੀ ਨੇ ਨਿਭਾਈ। ਸਟੇਜ਼ ਸੰਚਾਲਕ ਦੀ ਭੂਮਿਕਾ ਸੁਨੀਲ ਕੁਮਾਰ ਨੇ ਬਹੁਤ ਵਧੀਆ ਢੰਗ ਨਾਲ਼ ਸੰਭਾਲੀ। ਏਕਮਪ੍ਰੀਤ ਸਿੰਘ, ਕਰਨਦੀਪ ਸਿੰਘ ਅਤੇ ਅਭਿਨਵ ਦੁਬਾਰਾ ਸਾਰੇ ਪ੍ਰੋਗਰਾਮ ਦੀ ਵੀਡੀਓ ਰਿਕਾਰਡਿੰਗ ਕੀਤੀ ਗਈ। ਡੀ. ਏ. ਵੀ ਸਕੂਲ ਪ੍ਰਬੰਧਕ ਸ੍ਰੀ ਅਸ਼ਵਨੀ ਕੁਮਾਰ ਸ਼ਰਮਾ, ਸ੍ਰੀ ਯੋਗੇਸ਼ ਮੋਹਨ ਪੰਕਜ, ਸ੍ਰੀ ਰਵੀਇੰਦਰ ਸਿੰਘ ਵੱਲੋਂ ਇਸ ਪ੍ਰੋਗਰਾਮ ਨੂੰ ਪ੍ਰਭਾਵਸ਼ਾਲੀ ਬਣਾਉਣ ’ਚ ਪੂਰਾ ਸਹਿਯੋਗ ਦਿੱਤਾ ਗਿਆ।

ਇਸ ਮੌਕੇ ਸ੍ਰੀ ਹਰਿ ਓਮ ਜੀ, ਮੈਡਮ ਅਮਨਦੀਪ ਕੌਰ, ਵਿਸ਼ਾਲ ਕੁਮਾਰ, ਨੀਰਜ ਕੁਮਾਰ, ਮੈਡਮ ਹਰਪ੍ਰੀਤ ਕੌਰ, ਸ੍ਰੀ ਕਾਂਤ,ਨਿਰਮਲ ਸਿੰਘ, ਹਰਜਿੰਦਰ ਸਿੰਘ ਨੇ ਡਿਊਟੀ ਬੜੀ ਤਨਦੇਹੀ ਨਾਲ਼ ਨਿਭਾਈ।

# ਡੀ.ਏ.ਵੀ ਸਕੂਲ ਤੇ ਚੌਧਰੀ ਬਲਬੀਰ ਸਿੰਘ ਪਬਲਿਕ ਸਕੂਲ ਵਿਖੇ ਕਰਵਾਇਆ ਕਰੀਅਰ ਗਾਈਡੈਂਸ ਪ੍ਰੋਗਰਾਮ



**ਹੁਸ਼ਿਆਰਪੁਰ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਰਮਨਦੀਪ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ-ਕਮ-ਮਾਡਲ ਕਰੀਅਰ ਸੈਂਟਰ ਹੁਸ਼ਿਆਰਪੁਰ ਵਲੋਂ ਡੀ.ਏ.ਵੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹੁਸ਼ਿਆਰਪੁਰ ਅਤੇ ਚੌਧਰੀ ਬਲਬੀਰ ਸਿੰਘ ਪਬਲਿਕ ਸਕੂਲ ਹੁਸ਼ਿਆਰਪੁਰ ਵਿਖੇ ਦਸਵੀਂ, ਗਿਆਰਵੀਂ ਅਤੇ ਬਾਰ੍ਹਵੀਂ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਦੇ ਕਰੀਅਰ ਚੋਣ ਸਬੰਧੀ ਕਰੀਅਰ ਗਾਈਡੈਂਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।

ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਕਰੀਅਰ ਕਾਊਂਸਲਰ ਵਿਸ਼ਾਲ ਚਾਵਲਾ ਨੇ ਵਿਦਿਆਰਥੀਆਂ ਨੂੰ ਰੋਜ਼ਗਾਰ ਬਿਊਰੋ ਦੀ ਮਹੱਤਤਾ ਬਾਰੇ ਦੱਸਦੇ ਹੋਏ ਰੋਜ਼ਗਾਰ ਬਿਊਰੋ ਰਾਹੀਂ ਦਿੱਤੀਆਂ ਜਾਂਦੀਆਂ ਸਹੂਲਤਾਂ, ਜਿਵੇਂ ਕਿ ਬੱਚਿਆਂ ਦੇ ਭਵਿੱਖ ਦੇ ਕਰੀਅਰ ਲਈ ਕੀਤੀ ਜਾਂਦੀ ਕਰੀਅਰ ਕਾਊਂਸਲਿੰਗ, ਵੱਖ-ਵੱਖ ਸਟ ?ਰੀਮਾਂ ਦੀ ਪੜ੍ਹਾਈ, ਆਈ.ਟੀ.ਆਈ ਕੋਰਸ, ਡਿਪਲੋਮਾ ਅਤੇ ਡਿਗਰੀ ਕੋਰਸਾਂ ਬਾਰੇ ਜਾਣਕਾਰੀ ਦਿੱਤੀ।

ਇਸੇ ਤਰ੍ਹਾਂ ਪਲੇਸਮੈਂਟ ਸੈੱਲ ਦੁਆਰਾ ਕੀਤੇ ਜਾਂਦੇ ਨੌਕਰੀਆਂ ਦੇ ਉਪਰਾਲੇ, ਰੋਜ਼ਗਾਰ ਬਿਊਰੋ ਰਾਹੀਂ ਦਿੱਤੀ ਜਾਂਦੀ ਮੁਫ਼ਤ ਇੰਟਰਨੈੱਟ ਸੁਵਿਧਾ, ਸਵੈ-ਰੋਜ਼ਗਾਰ ਸਕੀਮਾਂ, ਸ਼ਾਰਟ-ਟਰਮ ਤਕਨੀਕੀ ਕੋਰਸਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਪੰਜਾਬ ਸਰਕਾਰ ਦੀਆਂ ਵੱਖ-ਵੱਖ ਨੌਕਰੀਆਂ ਅਤੇ ਬੈਂਕਿੰਗ ਸੈਕਟਰ ਦੀਆਂ ਨੌਕਰੀਆਂ ਬਾਰੇ ਵੀ ਜਾਣਕਾਰੀ ਦਿੱਤੀ।

ਇਸ ਉਪਰੰਤ ਫੂਡ ਕ੍ਰਾਫਟ ਇੰਸਟੀਚਿਊਟ ਤੋਂ ਅਸ਼ਵਨੀ ਕੁਮਾਰ ਕੁੰਡਲ ਨੇ ਵਿਦਿਆਰਥੀਆਂ ਨੂੰ ਹੋਟਲ ਮੈਨੇਜਮੈਂਟ ਦੇ ਸਰਟੀਫਿਕੇਟ, ਡਿਪਲੋਮਾ ਅਤੇ ਡਿਗਰੀ ਕੋਰਸਾਂ ਬਾਰੇ ਜਾਣਕਾਰੀ ਦਿੱਤੀ।

ਇਸ ਦੇ ਨਾਲ ਹੀ ਉਨ੍ਹਾਂ ਸਰਕਾਰ ਵਲੋਂ ਮੁਫ਼ਤ ਚਲਾਏ ਜਾਂਦੇ ਕੋਰਸਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਕੋਰਸਾਂ ਨੂੰ ਕਰਨ ਉਪਰੰਤ ਵਿਦਿਆਰਥੀ ਆਪਣਾ ਖ਼ੁਦ ਦਾ ਕੰਮ ਸਥਾਪਿਤ ਕਰਨ ਅਤੇ ਦੂਸਰਿਆ ਨੂੰ ਰੋਜ਼ਗਾਰ ਦੇਣ ਦੇ ਕਾਬਲ ਹੋ ਸਕਦੇ ਹਨ।

ਡਿਪਾਰਟਮੈਂਟ ਆਫ ਕਰੀਅਰ ਗਾਈਡੈਂਸ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ ਵਰੁਣ ਨਈਅਰ ਨੇ ਵਿਦਿਅਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਉਹ ਕੋਰਸ ਕਰਨੇ ਚਾਹੀਦੇ ਹਨ, ਜਿਸ ਦੀ ਅਜੋਕੇ ਸਮੇ ਵਿਚ ਜਰੂਰਤ ਹੈ।

ਇਸ ਨਾਲ ਉਹ ਨਾ ਸਿਰਫ ਆਪਣੇ ਮਨਪਸੰਦ ਖੇਤਰ ਵਿਚ ਨੌਕਰੀ ਲੱਭ ਸਕਦੇ ਹਨ, ਸਗੋਂ ਜੇ ਚਾਹੁਣ ਤਾਂ ਆਪਣਾ ਕਾਰੋਬਾਰ ਵੀ ਸ਼ੁਰੂ ਕਰ ਸਕਦੇ ਹਨ ।ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੌਰਾਨ ਸਬੰਧਤ ਦੋਵਾਂ ਸਕੂਲ ਦੇ ਸਮੂਹ ਸਟਾਫ ਅਤੇ 180 ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਪੂਰਵਕ ਭਾਗ ਲਿਆ।

ਇਸ ਮੌਕੇ ਪ੍ਰਿੰਸੀਪਲ ਡੀ.ਏ.ਵੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਜੇਸ਼ ਕੁਮਾਰ ਅਤੇ ਪ੍ਰਿੰਸੀਪਲ ਚੌਧਰੀ ਬਲਬੀਰ ਸਿੰਘ ਪਬਲਿਕ ਸਕੂਲ ਹੁਸ਼ਿਆਰਪੁਰ ਏ.ਐਸ. ਬੇਦੀ ਨੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਹੁਸ਼ਿਆਰਪੁਰ ਦਾ ਦਿਲੋਂ ਧੰਨਵਾਦ ਕਰਦੇ ਹੋਏ ਭਵਿੱਖ ਵਿਚ ਵੀ ਇਸ ਤਰ੍ਹਾਂ ਦੇ ਸੈਮੀਨਾਰ ਲਗਾਉਣ ਲਈ ਕਿਹਾ।

# ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਨੇ ਪਿੰਡ ਬੱਦੋਵਾਲ ਦੇ ਡੇਰਿਆਂ ਨੂੰ ਜਾਂਦੇ ਰਸਤਿਆਂ ਨੂੰ ਪੱਕਿਆਂ ਕਰਨ ਦਾ ਕੀਤਾ ਉਦਘਾਟਨ

**ਬਟਾਲਾ, 30 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਹਲਕੇ ਵਿੱਚ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਦੀ ਲੜੀ ਤਹਿਤ ਪਿੰਡ ਬੱਦੋਵਾਲ ਦੇ ਡੇਰਿਆਂ ਨੂੰ ਜਾਂਦੇ ਰਸਤਿਆਂ ਨੂੰ ਪੱਕਿਆਂ ਕਰਨ ਦਾ ਉਦਘਾਟਨ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਵਲੋਂ ਕੀਤਾ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਵਿਕਾਸ ਕਾਰਜ ਕਰਨ ਲਈ ਵਚਨਬੱਧ ਹੈ ਅਤੇ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਨੂੰ ਵਿਕਾਸ ਕਾਰਜਾਂ ਪੱਖੋਂ ਪਹਿਲੇ ਨੰਬਰ ਤੇ ਬਣਾਇਆ ਜਾਵੇਗਾ।

ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਸਰਕਾਰ ਦੀ ਅਗਵਾਈ ਹੇਠ ਲੋਕਾਂ ਜੋ ਸੁਖ ਸਹੂਲਤਾਂ ਮਿਲ ਰਹੀਆਂ ਹਨ, ਇਹ ਸਹੂਲਤਾਂ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਦੇ ਸ਼ਾਸਨਕਾਲ ਦੌਰਾਨ ਲੋਕਾਂ ਨੂੰ ਨਹੀਂ ਸਨ ਮਿਲੀਆਂ। ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਤੋਂ ਲੋਕ ਕਾਫ਼ੀ ਖ਼ੁਸ਼ ਨਜ਼ਰ ਆ ਰਹੇ ਹਨ।

ਇਸ ਮੌਕੇ ਪੀ ਏ ਨਵ ਭਿੰਡਰ, ਜ਼ਿਲ੍ਹਾ ਸੋਸ਼ਲ ਮੀਡੀਆ ਸਕੱਤਰ ਬਲਜੀਤ ਸਿੰਘ ਜੋਨੀ ਘੁਮਾਣ, ਜ਼ਿਲ੍ਹਾ ਮੀਡੀਆ ਇੰਚਾਰਜ ਪਰਮਬੀਰ ਸਿੰਘ ਰਾਣਾ ਘੁਮਾਣ, ਸਰਪੰਚ ਸੁੱਖਵੰਤ ਕੌਰ, ਸੰਦੀਪ ਸਿੰਘ ਨੰਬਰਦਾਰ,ਤੀਰਥ ਸਿੰਘ ਪੰਚ, ਬਲਵਿੰਦਰ ਸਿੰਘ ਨੰਬਰਦਾਰ, ਗੁਰਦਾਸ ਸਿੰਘ, ਮੁਖਤਿਆਰ ਸਿੰਘ,ਅਮਨਦੀਪ ਸਿੰਘ ਲੱਕੀ ਆਦਿ ਹਾਜ਼ਰ ਸਨ ।

# ਗੁਰੂ ਸਾਹਿਬ ਦੇ ਸੰਦੇਸ਼ ਨੂੰ ਹਰ ਘਰ, ਹਰ ਸਕੂਲ ਅਤੇ ਹਰ ਪੀੜ੍ਹੀ ਤੱਕ ਪਹੁੰਚਾਉਣਾ ਹੋਵੇਗਾ: ਰੇਖਾ ਗੁਪਤਾ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ, 30 ਜੁਲਾਈ। ਦਿੱਲੀ ਸਰਕਾਰ 9ਵੇਂ ਸਿੱਖ ਗੁਰੂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਵਸ ਲਾਲ ਕਿਲ੍ਹੇ ਵਿਖੇ ਆਯੋਜਿਤ ਇੱਕ ਸ਼ਾਨਦਾਰ 3-ਦਿਨਾਂ ਸਮਾਗਮ ਰਾਹੀਂ ਮਨਾਏਗੀ। ਮੁੱਖ ਮੰਤਰੀ ਰੇਖਾ ਗੁਪਤਾ ਦੀ ਪ੍ਰਧਾਨਗੀ ਹੇਠ ਸਮਾਗਮ ਦੀਆਂ ਤਿਆਰੀਆਂ ਸਬੰਧੀ ਇੱਕ ਉੱਚ ਪੱਧਰੀ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਦਿੱਲੀ ਦੇ ਕਲਾ ਅਤੇ ਸੱਭਿਆਚਾਰ ਮੰਤਰੀ ਕਪਿਲ ਮਿਸ਼ਰਾ, ਵਾਤਾਵਰਣ ਮੰਤਰੀ ਮਨਜਿੰਦਰ ਸਿੰਘ ਸਿਰਸਾ, ਪ੍ਰਮੁੱਖ ਸਿੱਖ ਆਗੂ, ਧਾਰਮਿਕ ਸੰਗਠਨ ਅਤੇ ਭਾਈਚਾਰੇ ਦੇ ਹੋਰ ਪਤਵੰਤੇ ਸ਼ਾਮਲ ਹੋਏ। ਮੀਟਿੰਗ ਵਿੱਚ ਪਦਮ ਸ਼੍ਰੀ ਅਤੇ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ, ਸਾਬਕਾ ਸੰਸਦ ਮੈਂਬਰ ਤਰਲੋਚਨ ਸਿੰਘ, ਐਸਐਸ ਕੋਹਲੀ, ਚਰਨ ਸਿੰਘ (ਪੰਜਾਬ ਅਤੇ ਸਿੰਧ ਬੈਂਕ), ਡੀਐਸਜੀਐਮਸੀ ਦੇ ਚੇਅਰਮੈਨ ਹਰਮੀਤ ਸਿੰਘ ਕਾਲਕਾ ਅਤੇ ਦਿੱਲੀ-ਐਨਸੀਆਰ ਅਤੇ ਹੋਰ ਰਾਜਾਂ ਦੇ ਗੁਰਦੁਆਰਾ ਕਮੇਟੀ ਦੇ ਮੈਂਬਰ ਮੌਜੂਦ ਸਨ। ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ, ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਵਸ ਭਾਰਤ ਦੇ ਸਭ ਤੋਂ ਉੱਚੇ ਆਦਰਸ਼ਾਂ - ਆਜ਼ਾਦੀ, ਨਿਆਂ ਅਤੇ ਦਇਆ ਦਾ ਪ੍ਰਤੀਕ ਹੈ। ਇਹ ਸਮਾਗਮ ਦਿੱਲੀ ਵੱਲੋਂ ਉਨ੍ਹਾਂ ਕਦਰਾਂ-ਕੀਮਤਾਂ ਨੂੰ ਦਿਲੋਂ ਸ਼ਰਧਾਂਜਲੀ ਹੈ। ਸਾਡਾ ਉਦੇਸ਼ ਸਿਰਫ਼ ਇਤਿਹਾਸ ਨੂੰ ਯਾਦ ਰੱਖਣਾ ਹੀ ਨਹੀਂ, ਸਗੋਂ ਗੁਰੂ ਸਾਹਿਬ ਦੇ ਸਦੀਵੀ ਸੰਦੇਸ਼ ਨੂੰ ਹਰ ਪੀੜ੍ਹੀ ਤੱਕ ਪਹੁੰਚਾਉਣਾ ਵੀ ਹੈ। ਉਨ੍ਹਾਂ ਕਿਹਾ ਕਿ ਇਹ ਸਮਾਗਮ



ਦੇਸ਼ ਦਾ ਸਭ ਤੋਂ ਵੱਡਾ ਅਤੇ ਦਿੱਲੀ ਵਿੱਚ ਪਹਿਲਾ ਅਜਿਹਾ ਸਮਾਗਮ ਹੋਵੇਗਾ ਜਿੱਥੇ ਸਾਰੇ ਧਰਮਾਂ ਦੇ ਲੋਕ ਗੁਰੂ ਸਾਹਿਬ ਦੀ ਮਹਾਨ ਕੁਰਬਾਨੀ ਨੂੰ ਸ਼ਰਧਾਂਜਲੀ ਦੇਣ ਲਈ ਇਕੱਠੇ ਹੋਣਗੇ। ਸੀਨੀਅਰ ਸਿੱਖ ਆਗੂ ਅਤੇ ਵਾਤਾਵਰਣ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ, ਪਹਿਲੀ ਵਾਰ, ਗੁਰੂ ਸਾਹਿਬ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਅਧਾਰਤ ਇੰਨਾ ਵੱਡਾ ਅਤੇ ਦਿਲਚਸਪ ਸਮਾਗਮ ਦਿੱਲੀ ਵਿੱਚ ਆਯੋਜਿਤ ਕੀਤਾ ਜਾਵੇਗਾ। ਲਾਲ ਕਿਲ੍ਹੇ 'ਤੇ ਇੱਕ ਲਾਈਟ ਐਂਡ ਸਾਊਂਡ ਸ਼ੋਅ ਦਾ ਆਯੋਜਨ ਕੀਤਾ ਜਾਵੇਗਾ, ਜੋ ਸਿੱਖ ਇਤਿਹਾਸ ਅਤੇ ਦਰਸ਼ਨ ਨੂੰ ਪੂਰੀ ਤਰ੍ਹਾਂ ਦਰਸਾਉਂਦਾ ਹੈ। ਉਨ੍ਹਾਂ ਅੱਗੇ ਕਿਹਾ, "ਵਿਦਿਆਰਥੀਆਂ ਲਈ ਵਰਚੁਅਲ ਰਿਐਲਿਟੀ (ਵੀਆਰ) ਅਨੁਭਵ ਵੀ ਪੇਸ਼ ਕੀਤਾ ਜਾਵੇਗਾ, ਜਿਸ ਨਾਲ ਉਹ ਗੁਰੂ ਸਾਹਿਬ ਦੇ ਜੀਵਨ ਦੇ ਮਹੱਤਵਪੂਰਨ ਪਲਾਂ ਦਾ ਅਨੁਭਵ ਕਰ ਸਕਣਗੇ। ਕਲਾ ਅਤੇ ਸੱਭਿਆਚਾਰ ਵਿਭਾਗ ਭਾਈਚਾਰੇ ਅਤੇ ਗੁਰਦੁਆਰਾ ਕਮੇਟੀਆਂ ਦੇ ਸੁਝਾਵਾਂ 'ਤੇ ਲਗਾਤਾਰ ਕੰਮ ਕਰ ਰਿਹਾ ਹੈ। ਜੂਨ ਵਿੱਚ ਹੋਈ ਮੀਟਿੰਗ ਵਿੱਚ ਕਈ ਵਿਚਾਰ ਪੇਸ਼ ਕੀਤੇ ਗਏ ਸਨ, ਜਿਸ ਦੇ ਆਧਾਰ 'ਤੇ ਇਹ ਪ੍ਰੋਗਰਾਮ ਤਿਆਰ ਕੀਤਾ ਜਾ ਰਿਹਾ ਹੈ। ਸਰਕਾਰ ਨੇ ਜੌਨਾਪੁਰ ਵਿੱਚ ਬਣਾਏ ਜਾ ਰਹੇ ਮੀਆਵਾਕੀ ਜੰਗਲ ਨੂੰ ਗੁਰੂ ਸਾਹਿਬ ਨੂੰ ਸਮਰਪਿਤ ਕਰਨ ਦਾ ਵੀ ਫੈਸਲਾ ਕੀਤਾ ਹੈ। ਸਿਰਸਾ ਨੇ ਇਹ ਵੀ ਦੱਸਿਆ ਕਿ ਇਸ ਪ੍ਰੋਗਰਾਮ ਦੌਰਾਨ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਵੱਖ-ਵੱਖ ਭਾਸ਼ਾਵਾਂ ਵਿੱਚ ਜਨਤਾ ਤੱਕ ਪਹੁੰਚਾਇਆ ਜਾਵੇਗਾ ਤਾਂ ਜੋ ਉਨ੍ਹਾਂ ਦੇ ਅਧਿਆਤਮਿਕ ਅਤੇ ਦਾਰਸ਼ਨਿਕ ਯੋਗਦਾਨ ਨੂੰ ਵਿਆਪਕ ਤੌਰ 'ਤੇ ਸਮਝਿਆ ਜਾ ਸਕੇ। ਕਲਾ, ਸੱਭਿਆਚਾਰ ਅਤੇ ਭਾਸ਼ਾ ਮੰਤਰੀ ਕਪਿਲ ਮਿਸ਼ਰਾ ਨੇ ਕਿਹਾ, ਇਹ ਪ੍ਰੋਗਰਾਮ ਦਿੱਲੀ ਦਾ ਫਰਜ਼ ਹੈ - ਗੁਰੂ ਸਾਹਿਬ ਦੇ ਏਕਤਾ, ਹਿੰਮਤ ਅਤੇ ਧਾਰਮਿਕਤਾ ਦੇ ਸੰਦੇਸ਼ ਨੂੰ ਸ਼ਰਧਾਂਜਲੀ। ਅਸੀਂ ਗੁਰੂ ਤੇਗ ਬਹਾਦਰ ਯਾਦਗਾਰ ਦਾ ਪੁਨਰ ਨਿਰਮਾਣ ਕਰ ਰਹੇ ਹਾਂ, ਜਿੱਥੇ ਰੋਜ਼ਾਨਾ ਲਾਈਟ ਐਂਡ ਸਾਊਂਡ ਸ਼ੋਅ ਸ਼ੁਰੂ ਕੀਤਾ ਜਾਵੇਗਾ। ਭਾਈਚਾਰੇ ਦੇ ਸੁਝਾਵਾਂ ਦੇ ਆਧਾਰ 'ਤੇ, ਦਿੱਲੀ ਸਰਕਾਰ ਸਿੱਖ ਇਤਿਹਾਸ 'ਤੇ ਕੇਂਦ੍ਰਿਤ ਇੱਕ ਖੋਜ ਅਤੇ ਅਧਿਐਨ ਕੇਂਦਰ ਸਥਾਪਤ ਕਰਨ 'ਤੇ ਵੀ ਵਿਚਾਰ ਕਰ ਰਹੀ ਹੈ। ਉਨ੍ਹਾਂ ਅੱਗੇ ਕਿਹਾ, ਮਾਨਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ - ਜਿਨ੍ਹਾਂ ਨੇ ਹਮੇਸ਼ਾ ਸਿੱਖ ਇਤਿਹਾਸ ਅਤੇ ਬਹਾਦਰੀ ਨੂੰ ਵਿਸ਼ਵ ਪੱਧਰ 'ਤੇ ਲਿਆਉਣ ਲਈ ਕੰਮ ਕੀਤਾ ਹੈ - ਅਤੇ ਮੁੱਖ ਮੰਤਰੀ ਰੇਖਾ ਗੁਪਤਾ ਜੀ ਦੀ ਪ੍ਰਭਾਵਸ਼ਾਲੀ ਅਗਵਾਈ ਹੇਠ, ਇਹ ਪ੍ਰੋਗਰਾਮ ਸੱਭਿਆਚਾਰਕ ਜ਼ਿੰਮੇਵਾਰੀ ਦਾ ਇੱਕ ਨਵਾਂ ਅਧਿਆਇ ਹੋਵੇਗਾ। ਸਾਡਾ ਉਦੇਸ਼ ਦਿੱਲੀ ਦੇ ਨੌਜਵਾਨਾਂ ਨੂੰ ਸਿੱਖ ਧਰਮ ਦੀ ਅਮੀਰ ਅਧਿਆਤਮਿਕ ਅਤੇ ਇਤਿਹਾਸਕ ਵਿਰਾਸਤ ਨਾਲ ਜੋੜਨਾ ਹੈ। ਇਸ ਪ੍ਰੋਗਰਾਮ ਦੇ ਨਾਲ, ਦਿੱਲੀ ਸਰਕਾਰ ਸਾਲ ਭਰ ਸੱਭਿਆਚਾਰਕ ਪ੍ਰੋਗਰਾਮ, ਸਕੂਲਾਂ ਅਤੇ ਕਾਲਜਾਂ ਵਿੱਚ ਮੁਕਾਬਲੇ, ਬਹਿਸਾਂ ਅਤੇ ਪ੍ਰਦਰਸ਼ਨੀਆਂ ਦਾ ਆਯੋਜਨ ਕਰੇਗੀ। ਇਨ੍ਹਾਂ ਯਤਨਾਂ ਦਾ ਉਦੇਸ਼ ਨੌਜਵਾਨ ਪੀੜ੍ਹੀ ਨੂੰ ਗੁਰੂ ਤੇਗ ਬਹਾਦਰ ਜੀ ਦੀ ਹਿੰਮਤ ਅਤੇ ਵਿਰਾਸਤ ਨਾਲ ਜੋੜਨਾ ਅਤੇ ਦਿੱਲੀ ਦੀ ਸਿੱਖ ਵਿਰਾਸਤ ਨੂੰ ਹੋਰ ਮਜ਼ਬੂਤ ਕਰਨਾ ਹੈ।

## ਪੰਜਾਬ ਵਿਚ ਲੱਗਣ ਵਾਲੇ ਸਮਾਰਟ ਮੀਟਰਾਂ ਨੂੰ ਲੈ ਕੇ ਵੱਡੀ ਖ਼ਬਰ, ਸਰਕਾਰ ਨੇ ਰਾਜ ਸਭਾ 'ਚ ਦਿੱਤੀ ਜਾਣਕਾਰੀ

ਨਵੀਂ ਦਿੱਲੀ/ਚੰਡੀਗੜ੍ਹ 30 ਜੁਲਾਈ। ਪੰਜਾਬ ਵਿਚ ਲੱਗਣ ਵਾਲੇ ਸਮਾਰਟ ਮੀਟਰਾਂ ਨੂੰ ਲੈ ਕੇ ਅਹਿਮ ਜਾਣਕਾਰੀ ਸਾਹਮਣੇ ਆਈ ਹੈ। ਦਰਅਸਲ ਕੇਂਦਰੀ ਬਿਜਲੀ ਅਤੇ ਰਾਜ ਮੰਤਰੀ ਸ਼?ਰੀਪਦ ਨਾਇਕ ਨੇ ਰਾਜ ਸਭਾ ਵਿਚ ਸਮਾਰਟ ਮੀਟਰਾਂ ਨੂੰ ਲੈ ਕੇ ਆਖਿਆ ਹੈ ਕਿ ਪੰਜਾਬ ਵਿਚ ਸਮਾਰਟ ਮੀਟਰ ਲੱਗਣ ਦੀ ਪ੍ਰਕਿਰਿਆ ਜ਼ੀਰੋ ਹੈ। ਉਨ੍ਹਾਂ ਕਿਹਾ ਕਿ ਪੰਜਾਬ ਲਈ 89 ਲੱਖ ਸਮਾਰਟ ਮੀਟਰ ਮਨਜ਼ੂਰ ਹੋਏ ਸਨ ਪਰ ਅੱਜ ਤੱਕ ਪੰਜਾਬ ਅੰਦਰ ਇਕ ਵੀ ਸਮਾਰਟ ਮੀਟਰ ਨਹੀਂ ਲੱਗਿਆ ਹੈ। ਇਥੇ ਇਹ ਖਾਸ ਤੌਰ ਤੇ ਦੱਸਣਯੋਗ ਹੈ ਕਿ ਪੰਜਾਬ ਵਿਚ ਸਮਾਰਟ ਮੀਟਰਾਂ ਨੂੰ ਲੈ ਕੇ ਵੱਡੇ ਪੱਧਰ ਤੇ ਵਿਰੋਧ ਹੋ ਰਿਹਾ ਹੈ। ਕਿਸਾਨ ਜਥੇਬੰਦੀਆਂ ਨੇ ਸਿੱਧੀ ਚਿਤਾਵਨੀ ਦਿੱਤੀ ਹੈ ਕਿ ਜੇਕਰ ਪੰਜਾਬ ਵਿਚ ਕਿਤੇ ਵੀ ਸਮਾਰਟ ਮੀਟਰ ਲਗਾਏ ਜਾਂਦੇ ਹਨ ਤਾਂ ਸਰਕਾਰ ਨੂੰ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ। ਹਾਲਾਂਕਿ ਸਰਕਾਰ ਵੱਲੋਂ ਸਮਾਰਟ ਮੀਟਰ ਲਗਾਉਣ ਦੇ ਹੁਕਮ ਵੀ ਦਿੱਤੇ ਗਏ ਪਰ ਵਿਰੋਧ ਦੇ ਚੱਲਦਿਆਂ ਇਹ ਮਾਮਲਾ ਠੰਡੇ ਬਸਤੇ ਵਿਚ ਪਾ ਦਿੱਤਾ ਗਿਆ।

## ਜਲੰਧਰ ਸਿਵਲ ਹਸਪਤਾਲ 'ਚ ਮੌਤਾਂ ਦੇ ਮਾਮਲੇ ਦਾ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਨੇ ਲਿਆ ਨੋਟਿਸ

ਚੰਡੀਗੜ੍ਹ 30 ਜੁਲਾਈ। ਪੰਜਾਬ ਤੇ ਚੰਡੀਗੜ੍ਹ ਮਨੁੱਖੀ ਅਧਿਕਾਰ ਕਮਿਸ਼ਨ ਨੇ ਜਲੰਧਰ ਦੇ ਸਿਵਲ ਹਸਪਤਾਲ 'ਚ ਆਕਸੀਜਨ ਪਲਾਂਟ 'ਚ ਤਕਨੀਕੀ ਖਰਾਬੀ ਕਾਰਨ ਸਪਲਾਈ ਫੇਲ ਹੋਣ ਕਾਰਨ ਤਿੰਨ ਮਰੀਜ਼ਾਂ ਦੀ ਮੌਤ ਦੇ ਮਾਮਲੇ 'ਤੇ ਸਵੈ ਨੋਟਿਸ ਲਿਆ ਹੈ। ਕਮਿਸ਼ਨ ਦੇ ਚੇਅਰਪਰਸਨ ਜਸਟਿਸ ਸੰਤ ਪ੍ਰਕਾਸ਼ ਤੇ ਮੈਂਬਰ ਜਸਟਿਸ ਗੁਰਬੀਰ ਸਿੰਘ ਦੀ ਬੈਂਚ ਨੇ ਸਿਵਲ ਸਰਜਨ, ਜਲੰਧਰ ਤੇ ਪੰਜਾਬ ਦੇ ਡਾਇਰੈਕਟਰ ਹੈਲਥ ਸਰਿਵਸਿਜ਼ ਐਂਡ ਫੈਮਿਲੀ ਵੈੱਲਫੇਅਰ ਨੂੰ ਅਗਲੀ ਸੁਣਵਾਈ ਤੋਂ ਇਕ ਹਫ਼ਤਾ ਪਹਿਲਾਂ ਰਿਪੋਰਟ ਪੇਸ਼ ਕਰਨ ਲਈ ਨੋਟਿਸ ਜਾਰੀ ਕੀਤਾ ਹੈ। ਇਸੇ ਤਰ੍ਹਾਂ ਕਮਿਸ਼ਨ ਨੇ ਮਾਲੇਰਕੋਟਲਾ ਜੇਲ 'ਚ ਨੌਜਵਾਨ ਦੀ ਭੇਦਭਰੀ ਮੌਤ ਦੇ ਮਾਮਲੇ 'ਚ ਸਵੈ ਨੋਟਿਸ ਦੀ ਕਾਰਵਾਈ ਕੀਤੀ ਹੈ।

# ਆਪ ਆਗੂਆਂ ਵਲੋਂ ਨਸ਼ਿਆਂ ਖਿਲਾਫ ਕੈਂਪਾਂ ਦੇ ਨਾਮ 'ਤੇ ਕੀਤਾ ਜਾ ਰਿਹਾ ਸਿਆਸੀ ਡਰਾਮਾ : ਧਾਲੀਵਾਲ

**ਏਜੰਸੀਆਂ**

ਫਗਵਾੜਾ 30 ਜੁਲਾਈ। ਆਮ ਆਦਮੀ ਪਾਰਟੀ ਦੇ ਸਥਾਨਕ ਆਗੂਆਂ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੇ ਨਾਮ 'ਤੇ ਲਗਾਏ ਜਾ ਰਹੇ ਵਾਰਡ ਪੱਧਰੀ ਕੈਂਪਾਂ ਨੂੰ ਸਿਰਫ਼ ਸਿਆਸੀ ਡਰਾਮਾ ਦੱਸਦਿਆਂ ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਫਗਵਾੜਾ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਅੱਜ ਇੱਥੇ ਕਿਹਾ ਕਿ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਇਸ ਕਲਾਕਾਰੀ ਦੇ ਮਾਹਿਰ ਖਿਡਾਰੀ ਹਨ। ਹੁਣ ਸਥਾਨਕ 'ਆਪ' ਆਗੂ ਵੀ ਆਪਣੇ ਆਕਾਵਾਂ ਦੇ ਨਕਸ਼ੇ ਕਦਮਾਂ 'ਤੇ ਚੱਲ ਕੇ ਇਹ ਸਾਰਾ ਡਰਾਮਾ ਕਰ ਰਹੇ ਹਨ। ਹਰੇਕ ਵਾਰਡ ਵਿੱਚ ਲਗਾਏ ਗਏ ਕੈਂਪਾਂ ਵਿੱਚ ਇਲਾਕੇ ਦੇ ਸਿਰਫ਼ ਦਸ-ਬਾਰਾਂ ਲੋਕ ਹੁੰਦੇ ਹਨ, ਜਦਕਿ ਬਾਕੀ ਪੱਚੀ ਉਹੀ ਲੋਕ ਨਿਗਮ ਤੋਂ ਬੁਲਾ ਕੇ ਹਰੇਕ ਵਾਰਡ ਵਿੱਚ ਬਿਠਾ ਲਏ ਜਾਂਦੇ ਹਨ। ਇੰਨਾ ਹੀ ਨਹੀਂ, 'ਆਪ' ਆਗੂਆਂ ਨਾਲ ਦਿਖਾਈ ਦੇਣ ਵਾਲੇ ਲੋਕਾਂ ਵਿੱਚ ਕਈ ਅਜਿਹੇ ਚਿਹਰੇ ਵੀ ਸ਼ਾਮਲ ਹਨ ਜਿਨ੍ਹਾਂ 'ਤੇ ਨਸ਼ੇ ਕਰਨ ਜਾਂ ਇਸ ਕਾਰੋਬਾਰ ਵਿੱਚ ਸ਼ਾਮਲ ਹੋਣ ਦੇ ਦੋਸ਼ ਲੱਗਦੇ ਰਹੇ ਹਨ। ਵਿਧਾਇਕ ਧਾਲੀਵਾਲ ਨੇ ਕਿਹਾ ਕਿ 'ਆਪ' ਆਗੂ ਨਸ਼ਿਆਂ ਦੀ ਰੋਕਥਾਮ ਪ੍ਰਤੀ ਬਿਲਕੁਲ ਵੀ ਗੰਭੀਰ ਨਹੀਂ ਹਨ। ਉਨ੍ਹਾਂ ਦਾ ਉਦੇਸ਼ ਫੋਟੋਆਂ ਖਿੱਚਵਾ ਕੇ ਮੀਡੀਆ ਦੀਆਂ ਸੁਰਖੀਆਂ ਪ੍ਰਾਪਤ ਕਰਨ ਤੱਕ ਸੀਮਿਤ ਹੈ। ਜੇਕਰ ਮੁੱਖ ਮੰਤਰੀ ਭਗਵੰਤ ਮਾਨ ਅਤੇ ਉਨ੍ਹਾਂ ਦੀ ਸਰਕਾਰ ਡਰੱਗ ਮਾਫੀਆ ਪ੍ਰਤੀ ਗੰਭੀਰ ਹੁੰਦੀ, ਤਾਂ ਕੀ ਤਿੰਨ ਸਾਲ ਸੱਤਾ ਦਾ ਆਨੰਦ ਮਾਣਨ ਦੇ ਬਾਵਜੂਦ ਪੰਜਾਬ ਵਿੱਚ ਨਸ਼ਿਆਂ ਦਾ ਦਰਿਆ ਇਸੇ ਤਰ੍ਹਾਂ ਵਗਦਾ ਰਹਿੰਦਾ? ਉਨ੍ਹਾਂ ਕਿਹਾ ਕਿ ਸੱਚਾਈ ਇਹ ਹੈ ਕਿ ਅੱਜ ਵੀ ਪੂਰੇ ਪੰਜਾਬ ਵਿੱਚ ਪਾਬੰਦੀਸ਼ੁਦਾ ਨਸ਼ੇ ਖੁੱਲ੍ਹੇਆਮ ਵਿਕ ਰਹੇ ਹਨ ਅਤੇ ਨਸ਼ੇ ਦੇ ਆਦੀ ਨੌਜਵਾਨ ਚੋਰੀਆਂ, ਡਕੈਤੀਆਂ, ਲੁੱਟ-ਖਸੁੱਟ ਕਰਕੇ ਆਪਣਾ ਨਸ਼ਾ ਪੂਰਾ ਕਰ ਰਹੇ ਹਨ। ਵਿਧਾਇਕ ਧਾਲੀਵਾਲ ਨੇ ਕਿਹਾ ਕਿ ਅਕਾਲੀ-ਭਾਜਪਾ ਦੇ ਰਾਜ ਦੌਰਾਨ ਪੰਜਾਬ ਵਿੱਚ ਵਗਦੇ ਨਸ਼ਿਆਂ ਦੇ ਛੇਵੇਂ ਦਰਿਆ ਨੂੰ ਵੱਡੇ ਪੱਧਰ 'ਤੇ ਕਾਂਗਰਸ ਨੇ ਕਾਬੂ ਕੀਤਾ ਸੀ, ਪਰ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੋਂ ਬਾਅਦ, ਡਰੱਗ ਮਾਫੀਆ ਫਿਰ ਤੋਂ ਨਿਡਰ ਹੋ ਗਿਆ ਹੈ। ਹੁਣ ਤਾਂ ਪੰਜਾਬ ਵਿੱਚ ਕਾਨੂੰਨ ਵਿਵਸਥਾ ਨਾਮ ਦੀ ਵੀ ਕੋਈ ਚੀਜ਼ ਨਹੀਂ ਬਚੀ ਹੈ। ਲੋਕ ਇਸ ਸਰਕਾਰ ਦੇ ਕੰਮਕਾਜ ਤੋਂ ਇੰਨੇ ਗੁੱਸੇ ਵਿੱਚ ਹਨ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ ਤਾਂ ਜੋ ਸੂਬੇ ਨੂੰ ਇਸ ਕਥਿਤ ਆਮ ਆਦਮੀ ਪਾਰਟੀ ਦੇ ਚੁੰਗਲ ਤੋਂ ਮੁਕਤ ਕਰਵਾਇਆ ਜਾ ਸਕੇ ਜੋ ਦਿੱਲੀ ਦੇ ਲੁਟੇਰਿਆਂ ਨਾਲ ਮਿਲ ਕੇ ਪੰਜਾਬ ਨੂੰ ਲੁੱਟ ਰਹੀ ਹੈ।

# ਇਤਿਹਾਸ 'ਚ ਪਹਿਲੀ ਵਾਰ 4 ਦਿਨ ਲਗਾਤਾਰ ਕੈਬਨਿਟ ਮੀਟਿੰਗ, ਕਈ ਮਹੱਤਵਪੂਰਨ ਫੈਸਲੇ ਲੈ ਸਕਦੀ ਹੈ ਹਿਮਾਚਲ ਸਰਕਾਰ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 30 ਜੁਲਾਈ। ਹਿਮਾਚਲ ਪ੍ਰਦੇਸ਼ ਦੇ ਇਤਿਹਾਸ 'ਚ ਪਹਿਲੀ ਵਾਰ ਚਾਰ ਦਿਨਾਂ ਕੈਬਨਿਟ ਮੀਟਿੰਗ ਹੋਣ ਜਾ ਰਹੀ ਹੈ, ਜੋ ਕਿ 30 ਜੁਲਾਈ ਨੂੰ ਮੁੱਖ ਮੰਤਰੀ ਠਾਕੁਰ ਸੁਖਵਿੰਦਰ ਸਿੰਘ ਸੁੱਖੂ ਦੀ ਅਗਵਾਈ 'ਚ ਸ਼ੁਰੂ ਹੋਵੇਗੀ ਅਤੇ 31 ਜੁਲਾਈ ਤੱਕ ਜਾਰੀ ਰਹੇਗੀ। ਮੀਟਿੰਗਾਂ ਦੀ ਮਿਆਦ 2 ਘੰਟੇ (ਦੁਪਹਿਰ 12 ਵਜੇ ਤੋਂ 2 ਵਜੇ ਤੱਕ) ਹੋਵੇਗੀ। ਇਨ੍ਹਾਂ ਮਹੱਤਵਪੂਰਨ ਮੀਟਿੰਗਾਂ 'ਚ ਕਈ ਮਹੱਤਵਪੂਰਨ ਫੈਸਲਿਆਂ 'ਤੇ ਚਰਚਾ ਅਤੇ ਪ੍ਰਵਾਨਗੀ ਦਿੱਤੇ ਜਾਣ ਦੀ ਸੰਭਾਵਨਾ ਹੈ। ਸੰਯੁਕਤ ਸਕੱਤਰ (ਆਮ ਪ੍ਰਸ਼ਾਸਨ) ਵੱਲੋਂ ਚਾਰ ਦਿਨਾਂ ਕੈਬਨਿਟ ਮੀਟਿੰਗ ਬਾਰੇ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ। ਤੁਹਾਨੂੰ ਦੱਸ ਦੇਈਏ ਕਿ ਇਸ ਮਾਨਸੂਨ ਸੀਜ਼ਨ 'ਚ ਹਿਮਾਚਲ ਪ੍ਰਦੇਸ਼ 'ਚ ਬੱਦਲ ਫਟਣ, ਅਚਾਨਕ ਹੜ੍ਹਾਂ ਅਤੇ ਭਾਰੀ ਬਾਰਸ਼ ਕਾਰਨ ਭਾਰੀ ਤਬਾਹੀ ਹੋਈ ਹੈ। ਇਸ ਕੁਦਰਤੀ ਆਫ਼ਤ 'ਚ ਜਾਨ-ਮਾਲ ਦਾ ਭਾਰੀ ਨੁਕਸਾਨ ਹੋਇਆ ਹੈ। ਸਰਕਾਰੀ ਅੰਕੜਿਆਂ ਅਨੁਸਾਰ ਲਗਭਗ 425 ਘਰ ਪੂਰੀ ਤਰ੍ਹਾਂ ਢਹਿ ਗਏ ਹਨ, ਜਦੋਂ ਕਿ ਲਗਭਗ 800 ਘਰਾਂ ਨੂੰ ਅੰਸ਼ਕ ਨੁਕਸਾਨ ਹੋਇਆ ਹੈ। ਖਾਸ ਕਰ ਕੇ ਸੇਰਾਜ ਵਿਧਾਨ ਸਭਾ ਹਲਕੇ 'ਚ 30 ਪ੍ਰਤੀਸ਼ਤ ਤੋਂ ਵੱਧ ਪਰਿਵਾਰ ਕਿਸੇ ਨਾ ਕਿਸੇ ਰੂਪ 'ਚ ਇਸ ਆਫ਼ਤ ਤੋਂ ਪ੍ਰਭਾਵਿਤ ਹੋਏ ਹਨ। ਬਹੁਤ ਸਾਰੇ ਲੋਕਾਂ ਦੇ ਘਰ ਤਬਾਹ ਹੋ ਗਏ ਹਨ, ਕਿਸਾਨਾਂ ਅਤੇ ਮਾਲੀਆਂ ਦੇ ਖੇਤ ਅਤੇ ਸੇਬਾਂ ਦੇ ਬਾਗ ਵਹਿ ਗਏ ਹਨ ਅਤੇ ਵੱਡੀ ਗਿਣਤੀ 'ਚ ਘਰੇਲੂ ਪਸ਼ੂ ਵੀ ਹੜ੍ਹ ਨਾਲ ਪ੍ਰਭਾਵਿਤ ਹੋਏ ਹਨ। ਮੁੱਖ ਮੰਤਰੀ ਸੁੱਖੂ ਨੇ ਸੇਰਾਜ ਵਿਧਾਨ ਸਭਾ ਹਲਕੇ ਦੇ ਆਪਣੇ ਦੌਰੇ ਦੌਰਾਨ ਆਫ਼ਤ ਪ੍ਰਭਾਵਿਤਾਂ ਨੂੰ ਇੱਕ ਵਿਸ਼ੇਸ਼ ਪੈਕੇਜ ਦਾ ਭਰੋਸਾ ਦਿੱਤਾ ਸੀ। ਉਮੀਦ ਕੀਤੀ ਜਾ ਰਹੀ ਹੈ ਕਿ ਸਰਕਾਰ ਇਸ ਵਾਅਦੇ ਨੂੰ ਪੂਰਾ ਕਰਦੇ ਹੋਏ ਆਉਣ ਵਾਲੀ ਕੈਬਨਿਟ ਮੀਟਿੰਗ 'ਚ ਵਿੱਤੀ ਸਹਾਇਤਾ ਦਾ ਐਲਾਨ ਕਰ ਸਕਦੀ ਹੈ। ਸੰਭਾਵਨਾ ਹੈ ਕਿ ਸਰਕਾਰ ਉਨ੍ਹਾਂ ਪਰਿਵਾਰਾਂ ਨੂੰ ਪ੍ਰਤੀ ਪਰਿਵਾਰ 7 ਲੱਖ ਰੁਪਏ ਤੱਕ ਦੀ ਵਿੱਤੀ



File Photo

ਸਹਾਇਤਾ ਮਨਜ਼ੂਰ ਕਰ ਸਕਦੀ ਹੈ, ਜਿਨ੍ਹਾਂ ਦੇ ਘਰ ਪੂਰੀ ਤਰ੍ਹਾਂ ਤਬਾਹ ਹੋ ਗਏ ਹਨ। ਇਸੇ ਤਰ੍ਹਾਂ ਅੰਸ਼ਕ ਤੌਰ 'ਤੇ ਨੁਕਸਾਨੇ ਗਏ ਘਰਾਂ ਦੇ ਮਾਲਕਾਂ ਨੂੰ ਵੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ, ਜਿਨ੍ਹਾਂ ਦੇ ਪਸ਼ੂ ਅਤੇ ਖੇਤ ਵਹਿ ਗਏ ਹਨ। ਇਹ ਪੈਕੇਜ ਉਨ੍ਹਾਂ ਹਜ਼ਾਰਾਂ ਪਰਿਵਾਰਾਂ ਲਈ ਵੱਡੀ ਰਾਹਤ ਸਾਬਤ ਹੋਵੇਗਾ ਜਿਨ੍ਹਾਂ ਨੇ ਇਸ ਵਿਨਾਸ਼ਕਾਰੀ ਮਾਨਸੂਨ ਵਿੱਚ ਸਭ ਕੁਝ ਗੁਆ ਦਿੱਤਾ ਹੈ। ਕੈਬਨਿਟ ਮੀਟਿੰਗ 'ਚ ਇੱਕ ਹੋਰ ਵੱਡਾ ਮੁੱਦਾ ਨਗਰ ਨਿਗਮ ਚੋਣਾਂ ਲਈ ਰਿਜ਼ਰਵੇਸ਼ਨ ਰੋਸਟਰ ਨਾਲ ਸਬੰਧਤ ਹੈ। ਰਾਜ ਚੋਣ ਕਮਿਸ਼ਨ ਨੇ ਪਹਿਲਾਂ ਹੀ ਰਾਜ ਦੇ ਸਾਰੇ 73 ਨਗਰ ਨਿਗਮਾਂ 'ਚ ਰਿਜ਼ਰਵੇਸ਼ਨ ਰੋਸਟਰ ਲਾਗੂ ਕਰਨ ਦੇ ਨਿਰਦੇਸ਼ ਜਾਰੀ ਕਰ ਦਿੱਤੇ ਸਨ। ਹਾਲਾਂਕਿ, ਸਰਕਾਰ ਨੇ ਆਖਰੀ ਸਮੇਂ ਚੋਣ ਕਮਿਸ਼ਨ ਨੂੰ ਪੱਤਰ ਲਿਖ ਕੇ ਜਾਣਕਾਰੀ ਦਿੱਤੀ ਹੈ ਕਿ ਇਸ ਵਿਸ਼ੇ 'ਤੇ ਅੰਤਿਮ ਫੈਸਲਾ ਕੈਬਨਿਟ ਮੀਟਿੰਗ 'ਚ ਲਿਆ ਜਾਵੇਗਾ। ਅਜਿਹੀ ਸਥਿਤੀ 'ਚ ਇਹ ਮੰਨਿਆ ਜਾ ਰਿਹਾ ਹੈ ਕਿ 31 ਜੁਲਾਈ ਤੱਕ ਸਥਿਤੀ ਸਪੱਸ਼ਟ ਹੋ ਜਾਵੇਗੀ ਕਿ ਆਉਣ ਵਾਲੀਆਂ ਸ਼ਹਿਰੀ ਸੰਸਥਾਵਾਂ ਦੀਆਂ ਚੋਣਾਂ 'ਚ ਕਿਸ ਸ਼੍ਰੇਣੀ ਨੂੰ ਕਿਹੜੀ ਸੀਟ ਮਿਲੇਗੀ। ਮੰਡੀ ਵਿਚੋਲਗੀ ਯੋਜਨਾ ਤਹਿਤ ਫਲਾਂ, ਖਾਸ ਕਰਕੇ ਸੇਬਾਂ ਦੀ ਖਰੀਦ ਕੀਮਤ 50 ਪੈਸੇ ਪ੍ਰਤੀ ਕਿਲੋਗ੍ਰਾਮ ਵਧਾਉਣ ਦਾ ਪ੍ਰਸਤਾਵ ਵੀ ਮੀਟਿੰਗ 'ਚ ਲਿਆ ਜਾ ਸਕਦਾ ਹੈ। ਅਜਿਹੀ ਸਥਿਤੀ 'ਚ ਹੁਣ ਇਹ ਖਰੀਦ ਕੀਮਤ 13 ਰੁਪਏ ਪ੍ਰਤੀ ਕਿਲੋਗ੍ਰਾਮ ਹੋਵੇਗੀ। ਇਸ ਤੋਂ ਇਲਾਵਾ ਮੀਟਿੰਗ ਵਿੱਚ ਨਿਯਮ 'ਚ ਸੋਧ ਦਾ ਪ੍ਰਸਤਾਵ ਵੀ ਲਿਆ ਜਾ ਸਕਦਾ ਹੈ। ਕੈਬਨਿਟ ਮੀਟਿੰਗ 'ਚ ਨਵੀਂ ਜੌਬ ਟਰੇਨੀ ਨੀਤੀ ਬਾਰੇ ਚਰਚਾ ਹੋਣ ਦੀ ਸੰਭਾਵਨਾ ਹੈ। ਹਾਲ ਹੀ 'ਚ ਲਾਗੂ ਕੀਤੀ ਗਈ ਇਸ ਨੀਤੀ ਤਹਿਤ ਸੂਬੇ ਭਰ ਦੇ ਨੌਜਵਾਨਾਂ 'ਚ ਨਾਰਾਜ਼ਗੀ ਦੇਖੀ ਗਈ ਹੈ ਅਤੇ ਵਿਰੋਧੀ ਧਿਰ ਨੇ ਇਸਨੂੰ ਸਰਕਾਰ ਦੀ ਧੋਖੇਬਾਜ਼ ਯੋਜਨਾ ਵੀ ਕਰਾਰ ਦਿੱਤਾ ਹੈ। ਇਸ ਦੇ ਨਾਲ ਹੀ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਜੌਬ ਟਰੇਨੀ ਨੀਤੀ 'ਚ 2 ਸਾਲਾਂ ਬਾਅਦ ਮੁਲਾਜ਼ਮਾਂ ਨੂੰ ਰੈਗੂਲਰ ਕੀਤਾ ਜਾਵੇਗਾ। ਹੁਣ ਇਹ ਦੇਖਣਾ ਬਾਕੀ ਹੈ ਕਿ ਇਸ ਮੁੱਦੇ ਨੂੰ ਮੀਟਿੰਗ ਵਿੱਚ ਚਰਚਾ ਲਈ ਸ਼ਾਮਲ ਕੀਤਾ ਜਾਂਦਾ ਹੈ ਜਾਂ ਨਹੀਂ।

# ਪਹਿਲੀ ਵਾਰ ਪੀ.ਜੀ.ਆਈ. ਨੇ ਕੀਤਾ ਕ੍ਰਾਇਓਏਬਲੇਸ਼ਨ, ਦਿਲ ਦੇ ਮਰੀਜ਼ ਨੂੰ ਮਿਲਿਆ ਜੀਵਨਦਾਨ

ਚੰਡੀਗੜ੍ਹ 30 ਜੁਲਾਈ। ਪੰਜਾਬ, ਹਿਮਾਚਲ, ਉੱਤਰਾਖੰਡ ਅਤੇ ਜੰਮੂ-ਕਸ਼ਮੀਰ ਵਰਗੇ ਸੂਬਿਆਂ ਲਈ ਰਾਹਤ ਦੀ ਖ਼ਬਰ ਹੈ। ਉੱਤਰੀ ਭਾਰਤ 'ਚ ਪਹਿਲੀ ਵਾਰ, ਪੀ. ਜੀ. ਆਈ. 'ਚ ਦਿਲ ਦੀ ਧੜਕਣ ਦੀ ਗੜਬੜੀ ਤੋਂ ਪੀੜਤ ਮਰੀਜ਼ ਦਾ ਕ੍ਰਾਇਓਏਬਲੇਸ਼ਨ ਨਵੀਨਤਮ ਤਕਨੀਕ ਨਾਲ ਸਫ਼ਲ ਇਲਾਜ ਕੀਤਾ ਗਿਆ ਹੈ। ਇਹ ਸਫ਼ਲਤਾ ਡਾ. ਯਸ਼ਪਾਲ ਸ਼ਰਮਾ ਦੀ ਅਗਵਾਈ 'ਚ ਕਾਰਡੀਓਲੋਜੀ ਵਿਭਾਗ ਦੀ ਟੀਮ ਨੇ ਡਾ. ਸੌਰਭ ਮਹਿਰੋਤਰਾ ਦੀ ਅਗਵਾਈ ਹੇਠ ਹਾਸਲ ਕੀਤੀ ਹੈ। ਪਹਿਲਾਂ ਇਹ ਸਹੂਲਤ ਸਿਰਫ਼ ਦਿੱਲੀ, ਮੁੰਬਈ ਵਰਗੇ ਵੱਡੇ ਸ਼ਹਿਰਾਂ ਤੱਕ ਸੀਮਤ ਸੀ। ਇਹ ਸਫ਼ਲਤਾ ਹਜ਼ਾਰਾਂ ਦਿਲ ਦੇ ਮਰੀਜ਼ਾਂ ਲਈ ਉਮੀਦ ਦੀ ਕਿਰਨ ਹੈ, ਜਿਨ੍ਹਾਂ ਨੂੰ ਆਪਣੀਆਂ ਧੜਕਣਾਂ ਦਾ ਇਲਾਜ ਨੇੜੇ ਹੀ ਮਿਲ ਸਕੇਗਾ। ਇਸ ਕੇਸ 'ਚ ਇਕ ਅਜਿਹਾ ਮਰੀਜ਼ ਸ਼ਾਮਲ ਸੀ, ਜਿਸ ਨੂੰ ਪਹਿਲਾਂ ਤੋਂ ਹੀ ਪੇਸਮੇਕਰ ਲੱਗਿਆ ਹੋਇਆ ਸੀ। ਉਸ ਨੂੰ ਐਟਰੀਅਲ ਫਾਈਬਰਿਲੇਸ਼ਨ ਨਾਮ ਦੀ ਬੀਮਾਰੀ ਹੋ ਗਈ ਸੀ, ਜਿਸ 'ਚ ਦਿਲ ਦੀਆਂ ਉਪਰਲੀਆਂ ਦੋਵੇਂ ਕੋਸ਼ਿਕਾਵਾਂ (ਐਟਰੀਆ) ਬੇਨਿਯਮੀ ਤੇ ਤੇਜ਼ੀ ਨਾਲ ਧੜਕਦੀਆਂ ਹਨ। ਇਸ ਦਾ ਪੂਰੇ ਦਿਲ 'ਤੇ ਅਸਰ ਪਿਆ ਅਤੇ ਮਰੀਜ਼ ਨੂੰ ਐਕਿਊਟ ਡੀਕੰਪੈਂਸੇਟਿਡ ਹਾਰਟ ਫੇਲੀਅਰ ਹੋ ਗਿਆ, ਜਿਸ ਤੋਂ ਬਾਅਦ ਉਸ ਨੂੰ ਤੁਰੰਤ ਹਸਪਤਾਲ 'ਚ ਦਾਖ਼ਲ ਕਰਵਾਉਣਾ ਪਿਆ। ਕਾਰਡੀਓਲੋਜਿਸਟ ਡਾ. ਸੌਰਭ ਮਹਿਰੋਤਰਾ ਦਾ ਕਹਿਣਾ ਹੈ ਕਿ ਰਵਾਇਤੀ ਰੇਟ ਕੰਟਰੋਲ ਤਕਨੀਕ ਨਾਲ ਮਰੀਜ਼ ਨੂੰ ਰਾਹਤ ਨਹੀਂ ਮਿਲ ਰਹੀ ਸੀ। ਅਜਿਹੇ 'ਚ ਕ੍ਰਾਇਓਏਬਲੇਸ਼ਨ ਨੂੰ ਅਪਨਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਪ੍ਰਕਿਰਿਆ 'ਚ ਠੰਡੇ ਤਾਪਮਾਨ ਦੀ ਵਰਤੋਂ ਕਰ ਕੇ ਉਨ੍ਹਾਂ ਨਸਾਂ ਨੂੰ ਸਥਾਈ ਰੂਪ ਨਾਲ ਬੰਦ ਕਰ ਦਿੱਤਾ ਜਾਂਦਾ ਹੈ, ਜੋ ਦਿਲ ਦੀਆਂ ਧੜਕਣਾਂ ਨੂੰ ਬੇਨਿਯਮਿਤ ਕਰ ਰਹੀਆਂ ਸੀ। ਇਹ ਬਹੁਤ ਮੁਸ਼ਕਲ ਸੀ। ਰਵਾਇਤੀ ਇਲਾਜ ਕੰਮ ਨਹੀਂ ਕਰ ਰਿਹਾ ਸੀ। ਜਦੋਂ ਏ.ਐੱਫ. ਦੀ ਜੜ੍ਹ ਨੂੰ ਪਛਾਣ ਕੇ ਉਸ 'ਤੇ ਸਿੱਧਾ ਵਾਰ ਕੀਤਾ, ਮਰੀਜ਼ ਦੀ ਹਾਲਤ 'ਚ ਕਾਫ਼ੀ ਸੁਧਾਰ ਦੇਖਣ ਨੂੰ ਮਿਲਿਆ।

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਤਲਬ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 30 ਜੁਲਾਈ। ਪੰਜਾਬ ਸਰਕਾਰ ਵੱਲੋਂ ਸ਼੍ਰੀਨਗਰ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਸਬੰਧੀ ਕਰਵਾਏ ਗਏ ਇਤਰਾਜ਼ਯੋਗ ਪ੍ਰੋਗਰਾਮ ਦਾ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਅਤੇ ਪੁੱਜੀਆਂ ਸ਼ਿਕਾਇਤਾਂ ਦਾ ਸਖ਼ਤ ਨੋਟਿਸ ਲੈਂਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕੈਬਨਿਟ ਮੰਤਰੀ ਹਰਜੋਤ ਸਿੰਘ ਨੂੰ ਤਲਬ ਕੀਤਾ ਹੈ। ਹਰਜੋਤ ਬੈਂਸ ਅਤੇ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਨੂੰ ਆਪਣਾ ਪੱਖ ਰੱਖਣ ਲਈ ਮਿਤੀ 1 ਅਗਸਤ 2025 ਨੂੰ ਹੋਣ ਵਾਲੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਤਲਬ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਕਾਫ਼ੀ ਸਮਾਂ ਬੀਤ ਜਾਣ ਦੇ ਬਾਵਜੂਦ ਹੁਣ ਤੱਕ ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਨੇ ਆਪਣਾ ਪੱਖ ਸਪੱਸ਼ਟ ਨਹੀਂ ਕੀਤਾ ਹੈ ਅਤੇ ਨਾ ਹੀ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਸੱਟ ਮਾਰਨ ਦੀ ਖਿਮਾ ਜਾਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸੰਵਿਧਾਨਕ ਅਹੁਦਿਆਂ ਉੱਤੇ ਕਾਰਜ ਕਰ ਰਹੀਆਂ ਸ਼ਖ਼ਸੀਅਤਾਂ ਦੀ ਸਮਾਜ ਪ੍ਰਤੀ ਅਹਿਮ ਜ਼ਿੰਮੇਵਾਰੀ ਹੁੰਦੀ ਹੈ ਅਤੇ ਪੰਜਾਬ



ਸਰਕਾਰ ਦੇ ਅਹੁਦੇਦਾਰਾਂ ਵੱਲੋਂ ਸੰਜੀਦਾ ਮਸਲੇ ਉੱਤੇ ਹੁਣ ਤੱਕ ਚੁੱਪ ਰਹਿਣਾ ਕਈ ਸਵਾਲ ਖੜ੍ਹੇ ਕਰਦਾ ਹੈ। ਉਨ੍ਹਾਂ ਕਿਹਾ ਕਿ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਹੈ ਕਿ ਗੁਰੂ ਸਾਹਿਬ ਨਾਲ ਸਬੰਧਤ ਸ਼ਹੀਦੀ ਸ਼ਤਾਬਦੀ ਦੇ ਸਬੰਧ ਵਿਚ ਰੱਖੇ ਗਏ ਸਮਾਗਮ ਅੰਦਰ ਨਾਚ-ਗਾਣੇ ਅਤੇ ਮਨੋਰੰਜਨ ਨਾਲ ਸ਼ੁਰੂਆਤ ਕੀਤੀ ਗਈ ਹੋਵੇ, ਜੋ ਕਿ ਬਰਦਾਸ਼ਤਯੋਗ ਨਹੀਂ। ਜਥੇਦਾਰ ਗੜਗੱਜ ਨੇ ਕਿਹਾ ਕਿ ਮਿਤੀ 1 ਅਗਸਤ 2025 ਨੂੰ ਪੰਥਕ ਅਤੇ ਧਾਰਮਿਕ ਮਾਮਲੇ ਵਿਚਾਰਨ ਲਈ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਕੀਤੀ ਜਾ ਰਹੀ ਹੈ ਅਤੇ ਇਸੇ ਦਿਨ ਹੀ ਕੈਬਨਿਟ ਮੰਤਰੀ ਹਰਜੋਤ ਸਿੰਘ ਅਤੇ ਡਾਇਰੈਕਟਰ ਜਸਵੰਤ ਸਿੰਘ ਆਪਣਾ ਪੱਖ ਰੱਖਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਗਾਇਕ ਬੀਰ ਸਿੰਘ ਖਿਲਾਫ਼ ਵੀ ਸ਼ਿਕਾਇਤਾਂ ਪੁੱਜੀਆਂ ਹਨ ਜੋ ਬੀਤੇ ਕੱਲ੍ਹ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਆਪਣਾ ਪੱਖ ਰੱਖ ਕੇ ਖਿਮਾ ਜਾਚਨਾ ਕਰ ਗਿਆ ਹੈ, ਜਿਸ ਉੱਤੇ ਵੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਵਿਚਾਰ ਕੀਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇੰਚਾਰਜ ਬਗੀਚਾ ਸਿੰਘ ਨੇ ਦੱਸਿਆ ਕਿ ਕੈਬਨਿਟ ਮੰਤਰੀ ਹਰਜੋਤ ਸਿੰਘ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਨੂੰ ਆਪਣਾ ਪੱਖ ਰੱਖਣ ਲਈ ਪੇਸ਼ ਹੋਣ ਸਬੰਧੀ ਪੱਤਰ ਜਾਰੀ ਕਰ ਦਿੱਤੇ ਗਏ ਹਨ।

## ਪਹਿਲੀ ਵਾਰ ਚੀਨ ਨੂੰ ਪਛਾੜ ਅਮਰੀਕਾ ਨੂੰ ਸਭ ਤੋਂ ਵੱਧ ਸਮਾਰਟਫ਼ੋਨ ਨਿਰਯਾਤ ਕਰਨ ਵਾਲਾ ਦੇਸ਼ ਬਣਿਆ ਭਾਰਤ

ਨਵੀਂ ਦਿੱਲੀ 30 ਜੁਲਾਈ। ਜੂਨ ਤਿਮਾਹੀ 'ਚ ਅਮਰੀਕਾ ਨੂੰ ਸਮਾਰਟਫ਼ੋਨ ਨਿਰਯਾਤ ਮਾਮਲੇ 'ਚ ਭਾਰਤ ਨੇ ਪਹਿਲੀ ਵਾਰ ਚੀਨ ਨੂੰ ਪਿੱਛੇ ਛੱਡ ਦਿੱਤਾ ਹੈ। ਇਹ ਬਦਲਾਅ ਅੰਤਰਰਾਸ਼ਟਰੀ ਉਤਪਾਦਨ ਚੇਨ ਵਿੱਚ ਭਾਰਤ ਦੀ ਵਧਦੀ ਭੂਮਿਕਾ ਅਤੇ ਐਪਲ ਵੱਲੋਂ ਆਪਣੀ ਉਤਪਾਦਨ ਨੀਤੀ ਵਿੱਚ ਕੀਤੇ ਵੱਡੇ ਬਦਲਾਅ ਦਾ ਨਤੀਜਾ ਹੈ। ਭਾਰਤ ਵਿੱਚ 'ਮੇਕ ਇਨ ਇੰਡੀਆ' ਤਹਿਤ ਹੋ ਰਹੇ ਨਿਵੇਸ਼ ਅਤੇ ਉਤਪਾਦਨ ਕਾਰਨ, ਵਿਸ਼ੇਸ਼ ਕਰਕੇ ਐਪਲ ਦੇ ਆਈਫੋਨ ਨਿਰਯਾਤ 'ਚ ਹੋਈ ਤੇਜ਼ੀ ਦੇ ਨਾਲ, ਨਿਰਯਾਤ ਰਿਕਾਰਡ ਤੋੜ ਪੱਧਰ 'ਤੇ ਪਹੁੰਚ ਗਿਆ ਹੈ। ਇਹ ਬਦਲਾਅ ਸਿਰਫ ਭਾਰਤ ਦੀ ਆਰਥਿਕਤਾ ਲਈ ਹੀ ਨਹੀਂ, ਸਗੋਂ ਦੁਨੀਆ ਭਰ ਦੀ ਭਾਰਤ 'ਤੇ ਨਿਰਭਰਤਾ ਦੇ ਪੈਮਾਨਿਆਂ ਲਈ ਵੀ ਅਹਿਮ ਹੈ। ਇਹ ਕਦਮ ਨਾ ਸਿਰਫ ਭਾਰਤੀ ਉਤਪਾਦਨ ਖੇਤਰ ਲਈ ਵੱਡੀ ਉਪਲੱਬਧੀ ਹੈ, ਬਲਕਿ ਅਮਰੀਕੀ ਮਾਰਕੀਟ ਵਿੱਚ ਭਾਰਤ ਦੀ ਪਹੁੰਚ ਅਤੇ ਭਰੋਸੇਯੋਗਤਾ ਨੂੰ ਵੀ ਦਰਸਾਉਂਦਾ ਹੈ। ਇਨ੍ਹਾਂ ਨਿਰਯਾਤਾਂ ਨੇ ਭਾਰਤ ਨੂੰ ਇੱਕ ਗਲੋਬਲ ਮੈਨੂਫੈਕਚਰਿੰਗ ਹੱਬ ਵਜੋਂ ਮਜਬੂਤ ਕੀਤਾ ਹੈ।

## ਕੈਸ਼ਲੈੱਸ ਇਕਾਨਮੀ ਵੱਲ ਭਾਰਤ ਦਾ ਵੱਡਾ ਕਦਮ !

ਨਵੀਂ ਦਿੱਲੀ 30 ਜੁਲਾਈ। ਪਿਛਲੇ 6 ਸਾਲਾਂ ਵਿੱਚ ਭਾਰਤ ਵਿੱਚ ਡਿਜੀਟਲ ਭੁਗਤਾਨਾਂ 'ਚ ਧਮਾਕੇਦਾਰ ਵਾਧਾ ਦਰਜ ਕੀਤਾ ਗਿਆ ਹੈ। ਸਰਕਾਰੀ ਅੰਕੜਿਆਂ ਅਨੁਸਾਰ, 2018 ਤੋਂ ਲੈ ਕੇ ਹੁਣ ਤਕ 65,000 ਕਰੋੜ ਤੋਂ ਵੱਧ ਡਿਜੀਟਲ ਲੈਣ-ਦੇਣ ਹੋ ਚੁੱਕੇ ਹਨ। ਇਸ ਰੁਝਾਨ ਨੇ ਕੈਸ਼ਲੈੱਸ ਇਕਾਨਮੀ ਵੱਲ ਭਾਰਤ ਦੇ ਵਧਦੇ ਰੁਝਾਨ ਨੂੰ ਦਰਸਾਇਆ ਹੈ। ਯੂਨਾਈਫਾਈਡ ਪੇਮੈਂਟ ਇੰਟਰਫੇਸ (UPI) ਵਰਗੀਆਂ ਤਕਨੀਕਾਂ ਨੇ ਲੋਕਾਂ ਲਈ ਭੁਗਤਾਨ ਕਰਨਾ ਬਹੁਤ ਆਸਾਨ ਬਣਾ ਦਿੱਤਾ ਹੈ। ਖਾਸ ਕਰਕੇ ਛੋਟੇ ਵਪਾਰੀਆਂ, ਥੋਕ ਵਿਕਰੇਤਿਆਂ ਅਤੇ ਆਨਲਾਈਨ ਖਰੀਦਦਾਰਾਂ ਨੇ ਇਸ ਨੂੰ ਜ਼ੋਰ-ਸ਼ੋਰ ਨਾਲ ਅਪਣਾਇਆ ਹੈ। ਵਿੱਤ ਮੰਤਰਾਲੇ ਦੇ ਅਨੁਸਾਰ, ਇਹ ਵਾਧਾ ਮੋਬਾਈਲ ਪਹੁੰਚ, ਇੰਟਰਨੈੱਟ ਕਵਰੇਜ ਅਤੇ ਡਿਜੀਟਲ ਇੰਡੀਆ ਅਭਿਆਨ ਦੀ ਸਫਲਤਾ ਦਾ ਨਤੀਜਾ ਹੈ। ਅਗਲੇ ਕੁਝ ਸਾਲਾਂ ਵਿੱਚ ਇਹ ਗਿਣਤੀ ਹੋਰ ਤੇਜ਼ੀ ਨਾਲ ਵਧਣ ਦੀ ਸੰਭਾਵਨਾ ਹੈ।

# ਡਿੰਪਲ ਯਾਦਵ 'ਤੇ ਟਿੱਪਣੀ ਕਰਨ 'ਤੇ ਮੁਸ਼ਕਲਾਂ 'ਚ ਘਿਰੇ ਮੌਲਾਨਾ ਸਾਜਿਦ ਰਸ਼ੀਦੀ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 30 ਜੁਲਾਈ। ਮੌਲਾਨਾ ਸਾਜਿਦ ਰਸ਼ੀਦੀ ਇੱਕ ਵਾਰ ਫਿਰ ਆਪਣੇ ਬਿਆਨਾਂ ਨੂੰ ਲੈ ਕੇ ਵਿਵਾਦਾਂ ਵਿੱਚ ਘਿਰ ਗਏ ਹਨ। ਇਸ ਵਾਰ ਉਨ੍ਹਾਂ ਨੇ ਸਮਾਜਵਾਦੀ ਪਾਰਟੀ ਦੇ ਸੰਸਦ ਮੈਂਬਰ ਅਤੇ ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ ਦੀ ਪਤਨੀ ਡਿੰਪਲ ਯਾਦਵ 'ਤੇ ਇਤਰਾਜ਼ਯੋਗ ਟਿੱਪਣੀ ਕੀਤੀ ਹੈ, ਜਿਸ ਤੋਂ ਬਾਅਦ ਉਨ੍ਹਾਂ ਦੀਆਂ ਮੁਸ਼ਕਲਾਂ ਵਧ ਗਈਆਂ ਹਨ ਅਤੇ ਉਨ੍ਹਾਂ ਵਿਰੁੱਧ ਕੇਸ ਦਰਜ ਕਰ ਲਿਆ ਗਿਆ ਹੈ। ਮੌਲਾਨਾ ਸਾਜਿਦ ਰਸ਼ੀਦੀ ਦੀ ਇਸ ਟਿੱਪਣੀ ਦਾ ਮੁੱਦਾ ਦੇਸ਼ ਦੀ ਸਭ ਤੋਂ ਵੱਡੀ ਪੰਚਾਇਤ, ਸੰਸਦ ਤੱਕ ਪਹੁੰਚ ਗਿਆ ਹੈ। ਭਾਜਪਾ ਅਤੇ ਹੋਰ ਐਨਡੀਏ ਭਾਈਵਾਲ ਪਾਰਟੀਆਂ ਦੇ ਨੇਤਾਵਾਂ ਨੇ ਸੋਮਵਾਰ, 28 ਜੁਲਾਈ 2025 ਨੂੰ ਸੰਸਦ ਕੰਪਲੈਕਸ ਵਿੱਚ ਇਸ ਮੁੱਦੇ 'ਤੇ ਵਿਰੋਧ ਪ੍ਰਦਰਸ਼ਨ ਕੀਤਾ। ਭਾਜਪਾ ਨੇ ਮੌਲਾਨਾ ਸਾਜਿਦ ਰਸ਼ੀਦੀ ਦੇ ਬਿਆਨ ਨੂੰ ਔਰਤਾਂ ਅਤੇ ਡਿੰਪਲ ਯਾਦਵ ਦਾ ਅਪਮਾਨ ਦੱਸਿਆ ਹੈ। ਦੂਜੇ ਪਾਸੇ ਮੌਲਾਨਾ ਰਸ਼ੀਦੀ ਆਪਣੇ ਬਿਆਨ 'ਤੇ ਕਾਇਮ ਹਨ ਅਤੇ ਉਨ੍ਹਾਂ ਨੇ ਕੋਈ ਵੀ ਇਤਰਾਜ਼ਯੋਗ ਬਿਆਨ ਦੇਣ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਕਿਹਾ, ਮੈਂ ਅਜਿਹਾ ਕੋਈ ਇਤਰਾਜ਼ਯੋਗ ਬਿਆਨ ਨਹੀਂ ਦਿੱਤਾ। ਜੋ ਲੋਕ ਸਹਾਰਨਪੁਰ, ਮੁਜ਼ੱਫਰਨਗਰ ਅਤੇ ਮੇਰਠ ਤੋਂ ਜਾਣੂ ਹਨ, ਉਹ ਜਾਣਦੇ ਹਨ ਕਿ ਜੇਕਰ ਕਿਸੇ ਕੁੜੀ





ਦਾ ਪੱਲੂ ਉਸਦੇ ਸਿਰ ਤੋਂ ਖਿਸਕ ਜਾਂਦਾ ਹੈ, ਤਾਂ ਉਸਨੂੰ ਝਿੜਕਿਆ ਜਾਂਦਾ ਹੈ ਅਤੇ ਪੁੱਛਿਆ ਜਾਂਦਾ ਹੈ ਕਿ ਕੀ ਉਹ ਨੰਗੀ ਘੁੰਮ ਰਹੀ ਹੈ? ਇਹ ਸਾਡੇ ਸਮਾਜ ਦਾ ਮੁੱਦਾ ਹੈ। ਉਨ੍ਹਾਂ ਅੱਗੇ ਕਿਹਾ, ਤੁਸੀਂ ਦੇਖਿਆ ਹੋਇਆ ਹੋਵੇਗਾ ਕਿ ਨੇੜੇ ਇਕਰਾ ਹਸਨ ਬੈਠੀ ਹੋਈ ਸੀ, ਉਸ ਨੇ ਆਪਣਾ ਸਿਰ ਕਿਉਂ ਢੱਕ ਕੇ ਰੱਖਿਆ ਸੀ? ਡਿੰਪਲ ਯਾਦਵ ਸਪੱਸ਼ਟ ਕਰੇ ਕਿ ਕੀ ਉਹ ਮੰਦਰਾਂ 'ਚ ਇਸ ਤਰ੍ਹਾਂ ਜਾਂਦੀ ਹੈ? ਮੌਲਾਨਾ ਨੇ ਇਹ ਟਿੱਪਣੀ ਉਦੋਂ ਕੀਤੀ ਜਦੋਂ ਡਿੰਪਲ ਯਾਦਵ ਸੰਸਦ ਭਵਨ ਦੇ ਨੇੜੇ ਇੱਕ ਮਸਜਿਦ ਗਈ ਸੀ ਅਤੇ ਉਸ ਸਮੇਂ ਉਸਨੇ ਕਥਿਤ ਤੌਰ 'ਤੇ ਪੱਲੂ ਨਾਲ ਆਪਣਾ ਸਿਰ ਨਹੀਂ ਢੱਕਿਆ ਸੀ। ਮੌਲਾਨਾ ਸਾਜਿਦ ਰਸ਼ੀਦੀ ਨੇ ਆਪਣੇ ਬਿਆਨ ਨੂੰ ਦੁਹਰਾਉਂਦੇ ਕਿਹਾ, ਮੈਂ ਕੋਈ ਗਲਤ ਬਿਆਨ ਨਹੀਂ ਦਿੱਤਾ। ਐਫਆਈਆਰ ਦਰਜ ਕੀਤੀ ਗਈ... ਇਸਦੀ ਸਮੀਖਿਆ ਕੀਤੀ ਜਾਵੇਗੀ। ਤੁਸੀਂ ਮਸਜਿਦ ਦੀ ਸ਼ਾਨ ਨੂੰ ਢਾਹ ਲਗਾ ਰਹੇ ਹੋ। ਡਿੰਪਲ ਯਾਦਵ ਤੋਂ ਪੁੱਛੋ ਕਿ ਉਹ ਪੱਲੂ ਲੈ ਕੇ ਮੰਦਰ ਜਾਂਦੀ ਹੈ ਜਾਂ ਨਹੀਂ। ਜੇਕਰ ਉਹ ਇਸ ਹਾਲਤ ਵਿੱਚ ਮੰਦਰ ਜਾਂਦੀ ਹੈ, ਤਾਂ ਉਹ ਇਸ ਤਰ੍ਹਾਂ ਮਸਜਿਦ ਵਿੱਚ ਕਿਵੇਂ ਬੈਠੀ ਹੈ। ਜੇਕਰ ਉਹ ਮੈਨੂੰ ਦੱਸੇ ਕਿ ਉਹ ਇਸ ਤਰ੍ਹਾਂ ਮੰਦਰ ਜਾਂਦੀ ਹੈ, ਤਾਂ ਮੈਂ ਮੁਆਫ਼ੀ ਮੰਗਾਂਗਾ। ਉਸਨੇ ਇਹ ਵੀ ਦਾਅਵਾ ਕੀਤਾ ਕਿ ਉਸਨੂੰ ਸਮਾਜਵਾਦੀ ਨੇਤਾਵਾਂ ਦੇ ਫੋਨ ਆ ਰਹੇ ਸਨ ਅਤੇ ਉਹਨਾਂ ਨੂੰ ਮਾਂ-ਭੈਣ ਦੀਆਂ ਗਾਲ੍ਹਾਂ ਕੱਢੀਆਂ ਜਾ ਰਹੀਆਂ ਹਨ। ਉਸਨੇ ਸਵਾਲ ਉਠਾਇਆ, ਕੀ ਇਹ ਚੰਗਾ ਹੈ? ਤੁਸੀਂ ਮੈਨੂੰ ਦੱਸੋ, ਕੀ ਉਨ੍ਹਾਂ ਨੂੰ ਇਹ ਅਹਿਸਾਸ ਨਹੀਂ ਸੀ ਕਿ ਜੋ ਇਕਰਾ ਹਸਨ ਜਾ ਰਹੀ ਸੀ, ਤਾਂ ਉਹ ਕਿਵੇਂ ਜਾ ਰਹੀ ਸੀ। ਉਹ ਸੋਚ ਰਹੇ ਸਨ ਕਿ ਮੈਂ ਪਾਰਟੀ ਦਾ ਸੁਪਰੀਮੋ ਹਾਂ ਅਤੇ ਇਹ ਦੋਵੇਂ ਮੇਰੇ ਗੁਲਾਮ ਹਨ।

## ਸਿਹਤ ਮੰਤਰੀ ਆਰਤੀ ਸਿੰਘ ਰਾਓ ਦੇ ਅਣਥਕ ਯਤਨਾਂ ਨਾਲ ਹਰਿਆਣਾ ਦੇ ਪੈਰਾ ਖਿਡਾਰੀਆਂ ਨੂੰ ਮਿਲਿਆ 31.72 ਕਰੋੜ ਰੁਪਏ ਦਾ ਨਕਦ ਇਨਾਮ

ਚੰਡੀਗੜ੍ਹ,30 ਜੁਲਾਈ: ਹਰਿਆਣਾ ਦੀ ਸਿਹਤ ਮੰਤਰੀ ਅਤੇ ਪੈਰਾ ਸਪੋਰਟਸ ਐਸੋਸਇਏਸ਼ਨ ਦੀ ਚੇਅਰਮੈਨ ਆਰਤੀ ਸਿੰਘ ਰਾਓ ਦੇ ਅਣਥਕ ਯਤਨਾਂ ਨਾਲ ਸੂਬਾ ਸਰਕਾਰ ਨੇ ਚੌਥੇ ਪੈਰਾ ਏਸ਼ਿਅਨ ਗੇਮਸ 2022 ਵਿੱਚ ਭਾਗ ਲੈਣ ਵਾਲੇ ਸੂਬੇ ਦੇ 17 ਖਿਡਾਰੀਆਂ ਨੂੰ ਕੁੱਲ੍ਹ 31.72 ਕਰੋੜ ਰੁਪਏ ਦਾ ਨਕਦ ਇਨਾਮ ਮੰਜ਼ੂਰ ਕੀਤੇ ਗਏ ਹਨ। ਗੋਲਡ ਮੈਡਲ ਵਿਜੇਤਾ ਪ੍ਰਣਵ ਸੂਰਮਾ, ਰਮਨ ਸ਼ਰਮਾ, ਸੁਮਿਤ ( ਐਥਲੇਟਿਕਸ) ਅਤੇ ਤਰੁਣ ਢਿੱਲੋ (ਪੈਰਾ ਬੈਡਮਿੰਟਨ) ਨੂੰ 3-3 ਕਰੋੜ ਰੁਪਏ ਦਿੱਤੇ ਗਏ ਹਨ। ਨਿਤੇਸ਼ ਕੁਮਾਰ ਨੂੰ ਪੈਰਾ ਬੈਡਮਿੰਟਨ ਵਿੱਚ ਗੋਲਡ ਅਤੇ ਰਜਤ ਮੈਡਲ ਜਿੱਤਣ ਵਾਲਿਆਂ ਨੂੰ 4.5 ਕਰੋੜ ਰੁਪਏ ਮਿਲੇ ਹਨ। ਇਸੇ ਤਰ੍ਹਾਂ ਸਰਿਤਾ ਅਢਾਣਾ, ਪੂਜਾ, ਯੋਗੇਸ਼ ਕਥੁਨਿਆ ਸਮੇਤ ਕਈ ਹੋਰ ਖਿਡਾਰੀਆਂ ਨੂੰ ਰਜਤ ਤਮਗੇ ਜਿੱਤਣ 'ਤੇ 1.5-1.5 ਕਰੋੜ ਰੁਪਏ ਦਿੱਤੇ ਗਏ। ਜਦੋਂ ਕਿ ਅੰਜੂ ਬਾਲਾ ( ਪੈਰਾ ਲਾਨ ਬਾਲ), ਜਸਬੀਰ ( ਐਥਲਿਟਕਸ) ਅਤੇ ਜੈਦੀਪ ( ਕੈਨੋਇੰਗ) ਨੂੰ ਭਾਗੀਦਾਰੀ ਲਈ 7.5-7.5 ਲੱਖ ਰੁਪਏ ਦਿੱਤੇ ਗਏ ਹਨ। ਮੰਤਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਸਾਡੇ ਪੈਰਾ ਖਿਡਾਰੀਆਂ ਨੇ ਮੈਡਲ ਜਿੱਤ ਕੇ ਹਰਿਆਣਾ ਅਤੇ ਪੂਰੇ ਦੇਸ਼ ਦਾ ਨਾਮ ਰੋਸ਼ਨ ਕੀਤਾ ਹੈ। ਉਨ੍ਹਾਂ ਨੂੰ ਸਮੇ ਸਿਰ ਸਨਮਾਨਿਤ ਅਤੇ ਇਨਾਮ ਦੇਣਾ ਸਾਡੀ ਜਿੰਮੇਦਾਰੀ ਹੈ। ਮੈਂ ਮੁੱਖ ਮੰਤਰੀ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਤੁਰੰਤ ਕਾਰਵਾਈ ਕੀਤੀ ਅਤੇ ਖਿਡਾਰੀਆਂ ਨੂੰ ਇਨਾਮ ਦੇਣ ਦਾ ਕੰਮ ਕੀਤਾ ਹੈ। ਹਰਿਆਣਾ ਸਰਕਾਰ ਹਰ ਉਸ ਖਿਡਾਰੀ ਨਾਲ ਹੈ ਜੋ ਮੁਸ਼ਕਲਾਂ ਨੂੰ ਪਾਰ ਕਰ ਕੇ ਦੇਸ਼ ਦਾ ਮਾਣ ਵਧਾਉਂਦਾ ਹੈ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਪੈਰਾ ਖੇਡਾਂ ਨੂੰ ਵਾਧਾ ਦੇਣ ਲਈ ਪ੍ਰਤੀਬੱਧ ਹੈ। ਇਸੇ ਨੀਤੀ ਨਾਲ ਸਰਕਾਰ ਸੂਬੇ ਵਿੱਚ ਖੇਡਾਂ ਨੂੰ ਵਧਾਵਾ ਦੇ ਰਹੀ ਹੈ। ਓਰਣਯੋਗ ਹੈ ਕਿ ਕੁੱਝ ਦਿਨ ਪਹਿਲਾਂ ਖਿਡਾਰੀਆਂ ਨੇ ਨਕਦ ਇਨਾਮਾਂ ਨੂੰ ਲੈਅ ਕੇ ਮੰਤਰੀ ਆਰਤੀ ਸਿੰਘ ਰਾਓ ਨਾਲ ਮੁਲਾਕਾਤ ਕੀਤੀ ਸੀ, ਜਿਸ ਤੋਂ ਬਾਅਦ ਉਨ੍ਹਾਂ ਨੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨਾਲ ਇਸ ਮੁੱਦੇ ਨੂੰ ਚੁੱਕਿਆ ਅਤੇ ਤੇਜੀ ਨਾਲ ਕਾਰਵਾਈ ਹੋਈ।